41ਵਾਂ ਵਰ੍ਹਾ

ਗਿਆਨ-ਵਿਗਿਆਨ ਅਤੇ ਚਿੰਤਨ ਦੀ ਅਵਾਜ਼

# ਤਰਕਸ਼ੀਲ

# TARKSHEEL

ਮਈ–ਜੂਨ 2026

**ਅੰਦਰ ਪੜ੍ਹੋ:**



ਮਹਾਂਰਾਸ਼ਟਰ ਦਾ ਅਯਾਸ਼ ਤਾਂਤਰਿਕ (2)



ਐਪਸਟੀਨ ਫਾਈਲਾਂ ਦਾ ਕਾਲਾ ਸੱਚ (8)



ਏ.ਆਈ. ਦੇ
ਵਾਤਾਵਰਨ ਉੱਤੇ ਦੁਰਪ੍ਰਭਾਵ (16)

ਅਪਰਾਧ–ਭਾਵਨਾ ਦਾ ਅਹਿਸਾਸ ਕਰਵਾਕੇ
ਲੁੱਟਦਾ ਹੈ ਧਾਰਮਿਕ ਲਾਣਾ (30)

'ਜੋ ਤੁਹਾਡਾ ਊਲ–ਜਲੂਲ ਗੱਲਾਂ ਵਿੱਚ ਵਿਸ਼ਵਾਸ ਬੰਨ੍ਹਾ ਸਕਦੇ ਹਨ,
ਉਹ ਤੁਹਾਡੇ ਤੋਂ ਜ਼ੁਲਮ ਵੀ ਕਰਵਾ ਸਕਦੇ ਹਨ।'
—— ਵੋਲਟੇਅਰ

30/-

## ਤਰਤੀਬ


| | |
|---|---|
| 1. ਮਹਾਂਰਾਸ਼ਟਰ ਦਾ ਅਯਾਸ਼ ਤਾਂਤਰਿਕ | 2 |
| 2. ਕਾਕੋਰੀ ਕਾਂਡ ਦੇ ਸ਼ਹੀਦਾਂ ਦਾ ਅਪਮਾਨ | 4 |
| 3. ਕੇਵਲ ਦਿਨ ਮਨਾਉਣ ਨਾਲ ਨਹੀਂ ਸਰਨਾ | 5 |
| 4. ਕੀ ਆਂਡੇ ਧੋ ਕੇ ਰੱਖਣੇ ਚਾਹੀਦੇ ਹਨ? | 7 |
| 5. ਐਪਸਟੀਨ ਫਾਈਲਾਂ ਦਾ ਕਾਲਾ ਸੱਚ | 8 |
| 6. ਆਪਣਾ ਰਾਹ ਤਲਾਸ਼ਦਿਆਂ | 12 |
| 7. ਔਰਤ ਵਿਰੋਧੀ ਮਾਨਸਿਕਤਾ ਦਾ ਵਿਰੋਧ ਕਰੋ | 15 |
| 8. ਏ.ਆਈ. ਦੇ ਵਾਤਾਵਰਣ ਉੱਤੇ ਦੁਰਪ੍ਰਭਾਵ | 16 |
| 9. ਹਰ ਕਿਤਾਬ ਦੀ ਆਪਣੀ ਮਹੱਤਤਾ ਹੁੰਦੀ | 18 |
| 10. ਗੂਗਲ ਤੋਂ ਇਲਾਜ ... | 20 |
| 11. ਖ਼ੂਨ ਦੇ ਗਰੁੱਪਾਂ ਦਾ ਖੋਜੀ | 22 |
| 12. ਤਰਕਸ਼ੀਲ ਨਾਟਕਾਂ ਉੱਤੇ ਖੋਜ ਕਾਰਜ | 24 |
| 13. ਬਹਾਦਰ ਭੀਲ ਬਾਲਿਕਾ ਕਾਲੀ ਬਾਈ | 26 |
| 14. ਪੰਜਾਬ ਦਾ ਭੂਗੋਲਿਕ ਸਫ਼ਰ | 28 |
| 15. ਅਪਰਾਧ ਭਾਵਨਾ ਦਾ ਅਹਿਸਾਸ | 30 |
| 16. ਧੁੱਪ ਦੇ ਬਾਵਜੂਦ ਵਿਟਾਮਿਨ ਡੀ ਦੀ ਘਾਟ | 33 |
| 17. ਕਚੀਲ ਦੀ ਚਿੱਠੀ | 34 |
| 18. ਆਂਵਲਾ-ਕੁਦਰਤ ਦਾ ਨਾਯਾਬ ਤੋਹਫਾ | 36 |
| 19. ਯੁੱਧ ਅਤੇ ਅਸੀਂ | 39 |
| 20. ਬਾਈ ਅਵਤਾਰ | 42 |
| 21. ਬੰਨ੍ਹ ਲਾਇਆਂ ਹਰ ਛੱਲ ਨਹੀਂ ਰੁਕਦੀ | 50 |
| 22. ਸਮਾਧ ਦਾ ਇਸ਼ਨਾਨ | 51 |
| 23. TSP ਦੀ ਸਿਧਾਂਤਕ ਸਮਝ | 52 |
| 24. ਲੇਖ ਰਚਨਾ ਮੁਕਾਬਲਾ | 53 |
| 25. ਆਖਰੀ ਪੰਨਾ | 56 |


### ਲੇਖ ਰਚਨਾ ਮੁਕਾਬਲਾ-6

ਤਰਕਸ਼ੀਲ ਵੱਲੋਂ ਸ਼ੁਰੂ ਕੀਤੇ ਗਏ ਲੇਖ ਰਚਨਾ ਮੁਕਾਬਲੇ ਲਈ ਇਸ ਵਾਰ ਦਾ ਵਿਸ਼ਾ ਹੈ

**ਸਮਾਜ ਵਿੱਚ ਫਿਰਕੂ ਭਾਵਨਾਵਾਂ ਭੜਕਣ ਨੂੰ ਕਿਵੇਂ ਠੱਲ੍ਹ ਪਾਈ ਜਾਵੇ?**

ਲੇਖ ਦੀ ਲੰਬਾਈ 800 ਸ਼ਬਦਾਂ ਦੇ ਆਸ ਪਾਸ ਹੋਣੀ ਚਾਹੀਦੀ ਹੈ। ਇਸ ਲੇਖ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਲ ਕਰਨ ਵਾਲੇ ਨੂੰ 1000 ਰੁਪਏ ਅਤੇ ਦੂਸਰਾ ਸਥਾਨ ਹਾਸਲ ਕਰਨ ਵਾਲੇ ਨੂੰ 700 ਰੁਪਏ ਇਨਾਮ ਵਜੋਂ ਦਿੱਤੇ ਜਾਣਗੇ। ਇਸ ਵਿਸ਼ੇ ਉਪਰ ਤੁਹਾਡੀ ਰਚਨਾ 5 ਜੂਨ ਤੱਕ ਈਮੇਲ ਜਾਂ ਵਟਸਐਪ ਰਾਹੀਂ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

Email - editortarksheel@gmail.com
Watsapp Number - 95018 83486


ਟਾਈਟਲ: ਗੁਰਜੀਤ ਆਲਮ

ਰਾਜਿੰਦਰ ਭਦੌੜ ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ ਤਰਫ਼ੋਂ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਨੇ ਅੱਪੂ ਆਰਟ ਪ੍ਰੈੱਸ ਸ਼ਾਹਕੋਟ (ਜਲੰਧਰ) ਤੋਂ ਛਪਵਾ ਕੇ ਮੁੱਖ ਦਫ਼ਤਰ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਬਰਨਾਲਾ ਪੰਜਾਬ ਤੋਂ ਜਾਰੀ ਕੀਤਾ।



**ਮੁੱਖ ਸੰਪਾਦਕ**

ਰਾਜਪਾਲ ਸਿੰਘ
95018 83486

editortarksheel@gmail.com

**ਸੰਪਾਦਕੀ ਬੋਰਡ**

| | |
|---|---|
| ਹੇਮ ਰਾਜ ਸਟੈਨੋ | 98769 53561 |
| ਪਾਲ ਬਾਗਪੁਰ | 94173 13738 |
| ਰਾਮ ਸਵਰਨ ਲੱਖੇਵਾਲੀ | 95010 06626 |
| ਵਿਸ਼ਵ ਕਾਂਤ | 94170 37843 |
| ਰਣਧੀਰ ਗਿੱਲਪੱਤੀ | 98556 56156 |

**ਮੁੱਖ ਪ੍ਰਬੰਧਕ**

ਸੁਖਵਿੰਦਰ ਬਾਗਪੁਰ
94174 27538

**ਵਿਦੇਸ਼ੀ ਪ੍ਰਤੀਨਿਧ**

ਬੀਰਬਲ ਭਦੌੜ, ਕੈਲਗਿਰੀ
+1 204 894-4371
ਬਲਦੇਵ ਰਹਿਪਾ, ਟਰਾਂਟੋ
+1 41688 17202
ਅੱਛਰ ਸਿੰਘ ਖਰਲਵੀਰ (ਇੰਗਲੈਂਡ)
+1 44 748 635 1185
ਅਵਤਾਰ ਗੋਂਦਾਰਾ (USA)
+1(559)375-2589



**ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :**

ਮੁੱਖ ਦਫਤਰ,
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ
ਤਰਕਸ਼ੀਲ ਚੌਕ, ਬਰਨਾਲਾ-148101 (ਪੰਜਾਬ)
ਮੋਬਾ. 98769 53561

ਚੰਦੇ ਤੇ ਸਹਾਇਤਾ ਦੇ ਚੈੱਕ/ਡਰਾਫਟ ਉੱਪਰ 'ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)' ਲਿਖਿਆ ਜਾਵੇ। ਆਨ ਲਾਈਨ ਪੰਜਾਬ ਨੈਸ਼ਨਲ ਬੈਂਕ ਦਾ ਖਾਤਾ ਨੰ. 0044000100282234 IFSC : PUNB0004400

ਸਲਾਨਾ ਚੰਦਾ ਦੇਸ਼ : 150 ਰੁ.
ਜੀਵਨ ਮੈਂਬਰਸ਼ਿਪ : 1500 ਰੁ.
ਸਲਾਨਾ ਚੰਦਾ ਵਿਦੇਸ਼ : 2,000 ਰੁ.
ਜੀਵਨ ਮੈਂਬਰਸ਼ਿਪ ਵਿਦੇਸ਼ : 20,000 ਰੁ.

ਰਸੀਦ ਵਾਊਚਰ ਅਤੇ ਪਤਾ ਹੇਠ ਲਿਖੇ ਨੰਬਰ 'ਤੇ ਭੇਜਿਆ ਜਾਵੇ
98156 70725

## ਸੰਪਾਦਕੀ

ਕੁਝ ਲੋਕਾਂ ਵੱਲੋਂ ਅਕਸਰ ਇਹੋ ਜਿਹੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ ਕਿ ਤਰਕਸ਼ੀਲਤਾ ਦੇ ਪ੍ਰਚਾਰ ਦੀ ਕੀ ਲੋੜ ਹੈ? ਲੋਕਾਂ ਦੇ ਆਪੋ ਆਪਣੇ ਵਿਸ਼ਵਾਸ ਹਨ। ਜਿਹੜੇ ਸੱਚ ਨੂੰ ਨਹੀਂ ਸਮਝਦੇ ਉਹਨਾਂ ਨੂੰ ਨਾ ਸਮਝਣ ਦਿਓ। ਜੇ ਕੋਈ ਆਪਣੇ ਵਿਸ਼ਵਾਸਾਂ ਅਨੁਸਾਰ ਕਾਰ-ਵਿਹਾਰ ਕਰਦਾ ਹੈ ਤਾਂ ਉਸ ਨਾਲ ਸਮਾਜ ਨੂੰ ਕੀ ਨੁਕਸਾਨ ਹੁੰਦਾ ਹੈ?

ਪਰ ਅਸਲੀਅਤ ਇਹ ਹੈ ਕਿ ਅੰਧਵਿਸ਼ਵਾਸੀ ਸੋਚ ਦਾ ਸਮਾਜ ਨੂੰ ਵੱਡਾ ਨੁਕਸਾਨ ਹੁੰਦਾ ਹੈ। ਦੁਨੀਆਂ ਵਿੱਚ ਸਾਰੇ ਵਰਤਾਰੇ ਅੰਤਰ-ਸਬੰਧਿਤ ਹਨ। ਜੇ ਸਮਾਜ ਵਿੱਚ ਕੁਝ ਵਿਅਕਤੀ ਗਲਤ ਕੰਮ ਕਰਦੇ ਹਨ ਤਾਂ ਉਸ ਦਾ ਮਾੜਾ ਅਸਰ ਸਹੀ ਜੀਵਨ ਜਿਊਂ ਰਹੇ ਵਿਅਕਤੀਆਂ ਉੱਤੇ ਵੀ ਹੁੰਦਾ ਹੈ।

ਇਸ 8 ਅਪ੍ਰੈਲ ਨੂੰ ਨਰਮਦਾ ਨਦੀ ਵਿੱਚ 11000 ਲਿਟਰ ਦੁੱਧ ਸ਼ਰਧਾ ਦੇ ਨਾਮ ਉੱਤੇ ਡੋਲ੍ਹ ਦਿੱਤਾ ਗਿਆ। ਕੀ ਇਸ ਮਾਮਲੇ ਨੂੰ ਕੁਝ ਲੋਕਾਂ ਦੀ ਸ਼ਰਧਾ ਮੰਨ ਕੇ ਛੱਡ ਦਿੱਤਾ ਜਾਵੇ? ਇਸ ਦਾ ਕੋਈ ਵਿਰੋਧ ਨਾ ਕੀਤਾ ਜਾਵੇ?

ਨਹੀਂ, ਇਸ ਬਾਰੇ ਚੁੱਪ ਨਹੀਂ ਰਿਹਾ ਜਾ ਸਕਦਾ, ਕਿਉਂਕਿ ਇਸ ਨਾਲ ਕੇਵਲ ਦੁੱਧ ਦਾ ਨੁਕਸਾਨ ਹੀ ਨਹੀਂ ਹੈ, ਬਲਕਿ ਨਦੀ ਦਾ ਬਹੁਤ ਵੱਡਾ ਪ੍ਰਦੂਸ਼ਣ ਹੋਇਆ ਹੈ। ਇਸ ਦੁੱਧ ਨਾਲ ਨਦੀ ਵਿੱਚ ਹਾਨੀਕਾਰਕ ਬੈਕਟੀਰੀਆ, ਫੰਗਸ ਅਤੇ ਐਲਗੀ ਦੀ ਮਾਤਰਾ ਬਹੁਤ ਵੱਧ ਜਾਣੀ ਹੈ ਜਿਸ ਦੇ ਸਿੱਟੇ ਵਜੋਂ ਪਾਣੀ ਵਿੱਚ ਆਕਸੀਜਨ ਦੀ ਮਾਤਰਾ ਘਟ ਜਾਣੀ ਹੈ ਅਤੇ ਜਲ ਜੀਵ ਮਰਨੇ ਸ਼ੁਰੂ ਹੋ ਜਾਣਗੇ। ਮਾਹਿਰਾਂ ਅਨੁਸਾਰ 11000 ਲਿਟਰ ਦੁੱਧ ਨਦੀ ਵਿਚਲੀ ਆਕਸੀਜਨ ਨੂੰ ਓਨੀ ਮਾਤਰਾ ਵਿੱਚ ਖਤਮ ਕਰੇਗਾ ਜਿੰਨੀ ਉਸ ਵਿੱਚ 33 ਲੱਖ ਲਿਟਰ ਸੀਵਰੇਜ ਪੈਣ ਨਾਲ ਖਤਮ ਹੁੰਦੀ ਹੈ। ਇਸ ਤੋਂ ਬਿਨਾਂ ਵੀ ਸਾਡੇ ਦੇਸ਼ ਵਿੱਚ ਅੰਧਵਿਸ਼ਵਾਸੀ ਮਾਨਤਾਵਾਂ ਤਹਿਤ ਹਰ ਰੋਜ ਮੂਰਤੀਆਂ ਤੇ ਹੋਰ ਸਮਗਰੀ ਪਾਣੀ ਦੇ ਸ੍ਰੋਤਾਂ ਵਿੱਚ ਵਹਾ ਕੇ ਉਨ੍ਹਾਂ ਨੂੰ ਗੰਦਾ ਕੀਤਾ ਜਾਂਦਾ ਹੈ।

ਜਿਨ੍ਹਾਂ ਦੇਸ਼ਾਂ ਦੇ ਲੋਕਾਂ ਵਿੱਚ ਵਿਗਿਆਨਕ ਚੇਤਨਾ ਆ ਚੁੱਕੀ ਹੈ, ਉੱਥੇ ਅਜਿਹੇ ਕੁਕਰਮ ਨਹੀਂ ਹੁੰਦੇ। ਪ੍ਰਸਿੱਧ ਯੂਟਿਊਬਰ ਧਰੁਵ ਰਾਠੀ ਮੁਤਾਬਕ ਯੂ.ਕੇ. ਵਿੱਚ ਕਿਸੇ ਕਿਸਾਨ ਨੇ ਦੁੱਧ ਸਥਾਨਕ ਨਦੀ ਵਿੱਚ ਵਹਾ ਦਿੱਤਾ ਸੀ ਤਾਂ ਉਸ ਨੂੰ ਫੜ ਕੇ ਤੁਰੰਤ 22000 ਪੌਂਡ ਜੁਰਮਾਨਾ ਕੀਤਾ ਗਿਆ।

ਇਹ ਤਾਂ ਅੰਧਵਿਸ਼ਵਾਸਾਂ ਕਾਰਨ ਕੀਤੇ ਜਾਂਦੇ ਨੁਕਸਾਨਦਾਇਕ ਕੰਮਾਂ ਦੀ ਇੱਕ ਉਦਾਹਰਨ ਹੈ। ਸ਼ਰਧਾ ਦੇ ਅਸਥਾਨਾਂ 'ਤੇ ਚਲਦੇ ਕਾਲੇ ਧੰਦਿਆਂ ਅਤੇ ਧਰਮ ਗੁਰੂਆਂ ਦੇ ਕਾਲੇ ਕਾਰਨਾਮਿਆਂ ਬਾਰੇ ਨਾ ਸਿਰਫ ਤਰਕਸ਼ੀਲ ਮੈਗਜ਼ੀਨ ਵਿੱਚ ਹੀ, ਬਲਕਿ ਅਖਬਾਰਾਂ ਅਤੇ ਸੋਸ਼ਲ ਮੀਡੀਆ ਉੱਤੇ ਅਕਸਰ ਹੀ ਖ਼ਬਰਾਂ ਲੱਗਦੀਆਂ ਰਹਿੰਦੀਆਂ ਹਨ। ਇਨ੍ਹਾਂ ਵਿੱਚੋਂ ਕੁਝ ਬਾਰੇ ਇਸ ਅੰਕ ਵਿੱਚ ਵੀ ਗੱਲ ਕੀਤੀ ਗਈ ਹੈ। ਕੀ ਅਸੀਂ, ਜੇ ਸਮਾਜ ਨੂੰ ਬਿਹਤਰ ਬਣਾਉਣਾ ਚਾਹੁੰਦੇ ਹਾਂ ਤਾਂ ਇਹਨਾਂ ਗਲਤ ਕੰਮਾਂ ਬਾਰੇ ਚੁੱਪ ਰਹਿ ਜਾਣਾ ਚਾਹੀਦਾ ਹੈ?

ਇਸੇ ਤਰ੍ਹਾਂ ਧਰਮ ਕੇਵਲ ਵਿਅਕਤੀਗਤ ਆਸਥਾ ਦਾ ਮਸਲਾ ਨਹੀਂ ਹੈ ਬਲਕਿ ਸਮਾਜ, ਸੱਭਿਆਚਾਰ, ਅਤੇ ਅੱਜ ਦੇ ਦੌਰ ਵਿੱਚ ਰਾਜਨੀਤੀ ਨੂੰ ਵੀ, ਬਹੁਤ ਜਿਆਦਾ ਪ੍ਰਭਾਵਿਤ ਕਰਨ ਵਾਲਾ ਵਰਤਾਰਾ ਹੈ। ਜਦ ਧਰਮ ਦੇ ਨਾਂ 'ਤੇ ਹਿੰਸਾ ਭੜਕਦੀ ਹੈ ਤਾਂ ਜਾਨਾਂ ਬੇਦੋਸ਼ੇ ਲੋਕਾਂ ਦੀਆਂ ਜਾਂਦੀਆਂ ਹਨ। ਘਰ ਉਹਨਾਂ ਲੋਕਾਂ ਦੇ ਵੀ ਉਜੜਦੇ ਹਨ ਜਿੰਨ੍ਹਾਂ ਦਾ ਧਾਰਮਿਕ ਝਗੜਿਆਂ ਨਾਲ ਕੋਈ ਲੈਣਾ ਦੇਣਾ ਨਹੀਂ ਹੁੰਦਾ। ਧਰਮ ਦੀ ਰਾਜਨੀਤੀ ਉੱਤੇ ਜਕੜ ਕਾਰਨ ਹੀ, ਰਾਜਨੀਤਿਕ ਧਿਰਾਂ ਲੋਕਾਂ ਦੇ ਜੀਵਨ ਨਾਲ ਜੁੜੇ ਮਸਲੇ ਵਿਚਾਰਨ ਦੀ ਥਾਂ, ਮੰਦਰ ਬਣਾਉਣ, ਬੇਅਦਬੀ ਕਾਨੂੰਨ ਬਣਾਉਣ, ਤੀਰਥ ਯਾਤਰਾਵਾਂ ਕਰਵਾਉਣ ਵਾਲੀ ਰਾਜਨੀਤੀ ਕਰਨ ਵਿੱਚ ਲੱਗੀਆਂ ਰਹਿੰਦੀਆਂ ਹਨ। ਸਭ ਤੋਂ ਵੱਡੀ ਗੱਲ ਹੈ ਕਿ ਆਪਣੀ ਗੈਰ-ਵਿਗਿਆਨਕ ਸੋਚ ਕਾਰਨ ਲੋਕ ਆਪਣੀਆਂ ਸਮੱਸਿਆਵਾਂ ਦਾ ਅਸਲ ਕਾਰਨ ਲੱਭਣ ਦੀ ਬਜਾਏ ਦੈਵੀ ਸ਼ਕਤੀਆਂ ਉੱਤੇ ਟੇਕ ਰੱਖਦੇ ਹਨ ਅਤੇ ਇਸ ਦੁਨੀਆਂ ਨੂੰ ਸੁਧਾਰਨ ਦੀ ਬਜਾਏ ਕਲਪਿਤ ਸਵਰਗ ਦੀ ਝਾਕ ਵਿੱਚ ਟੱਕਰਾਂ ਮਾਰਦੇ ਰਹਿੰਦੇ ਹਨ। ਸਮਾਜ ਵਿੱਚ ਧਾਰਮਿਕ ਕੱਟੜਤਾ ਅਤੇ ਅੰਧ ਵਿਸ਼ਵਾਸਾਂ ਦਾ ਬੋਲਬਾਲਾ ਉਨ੍ਹਾਂ ਲੋਕਾਂ ਦੀ ਜ਼ਿੰਦਗੀ ਨੂੰ ਵੀ ਪ੍ਰਭਾਵਿਤ ਕਰਦਾ ਹੈ ਜੋ ਇਹਨਾਂ ਚੀਜ਼ਾਂ ਤੋਂ ਨਿਰਲੇਪ ਹੁੰਦੇ ਹਨ। ਇਸ ਲਈ ਇਹ ਜਕੜ ਤੋੜਨ ਲਈ ਉਦਮ ਕਰਨ ਦੀ ਲੋੜ ਹੈ, ਜੋ ਤਰਕਸ਼ੀਲ ਸੋਸਾਇਟੀ ਕਰ ਰਹੀ ਹੈ।

ਇਸ ਅੰਕ ਦੇ ਆਖਰੀ ਪੰਨੇ ਉੱਤੇ ਵੀ ਕਾਲਮ ਲੇਖਕ ਨੇ ਇਹੀ ਗੱਲ ਲਿਖੀ ਹੈ ਕਿ **'ਸਮਾਜ ਦੀ ਸਮਝ ਫਿਰ ਕਿਸ ਕੰਮ ਦੀ ਹੈ ਜੇ ਉਹ ਸਮਾਜ ਨੂੰ ਬਦਲਣ ਲਈ ਨਹੀਂ ਵਰਤੀ ਜਾਂਦੀ।'**

# ਮਹਾਂਰਾਸ਼ਟਰ ਦਾ ਅਯਾਸ਼ ਤਾਂਤਰਿਕ

**ਰਣਧੀਰ ਗਿੱਲਪੱਤੀ**

ਅਮਰੀਕਾ ਦੇ ਇੱਕ ਟਾਪੂ ਉੱਤੇ ਐਪਸਟਾਈਨ ਫਾਈਲਾਂ ਦੇ ਨਾਮ ਨਾਲ ਜਾਣੇ ਜਾਂਦੇ ਅਤੀ ਘਿਣਾਉਣੇ ਕਾਰਨਾਮਿਆਂ ਦੀ ਦੁਨੀਆ ਭਰ ਵਿੱਚ ਹੋ ਰਹੀ ਚਰਚਾ ਅਜੇ ਮੱਠੀ ਨਹੀਂ ਪਈ ਸੀ ਕਿ ਭਾਰਤ ਦੇ ਮਹਾਂਰਾਸ਼ਟਰ ਸੂਬੇ ਦੇ ਜ਼ਿਲ੍ਹਾ ਨਾਸਿਕ ਵਿੱਚ ਅਜਿਹਾ ਹੀ ਹਾਈਪ੍ਰੋਫਾਈਲ ਕਾਂਡ ਬੇਪਰਦ ਹੋਇਆ ਹੈ। ਨਾਸਿਕ ਪੁਲਿਸ ਨੇ ਯੌਨ ਸ਼ੋਸ਼ਣ, ਬਲੈਕ ਮੇਲਿੰਗ, ਧੋਖਾਧੜੀ ਅਤੇ ਠੱਗੀ ਦੇ ਇਸ ਰੈਕਟ ਦੀ ਪਹਿਲੀ ਤੰਦ ਫੜਦਿਆਂ 18 ਮਾਰਚ 2026 ਨੂੰ ਇੱਕ 35 ਵਰ੍ਹਿਆਂ ਦੀ ਔਰਤ ਦੇ ਯੌਨ ਸ਼ੋਸ਼ਣ ਦੇ ਮਾਮਲੇ ਵਿੱਚ ਇੱਕ ਜੋਤਸ਼ੀ ਅਤੇ ਤਾਂਤਰਿਕ ਅਸ਼ੋਕ ਖੈਰਾਤ ਨੂੰ ਗ੍ਰਿਫਤਾਰ ਕੀਤਾ ਹੈ। ਪੁਲਿਸ ਵੱਲੋਂ ਕੀਤੀ ਮੁਢਲੀ ਜਾਂਚ ਵਿੱਚ ਹੀ ਇਸ ਮਾਮਲੇ ਦੀਆਂ ਪਰਤਾਂ ਗਲੋਟੇ ਵਾਂਗ ਉਧੜਨ ਲੱਗੀਆਂ। ਇਹ ਕੇਸ ਇੰਨਾਂ ਗੰਭੀਰ ਨਿਕਲਿਆ ਕਿ ਪੁਲਿਸ ਨੂੰ ਮਾਮਲੇ ਦੀ ਗਹਿਰਾਈ ਨਾਲ ਜਾਂਚ ਕਰਨ ਲਈ ਸਪੈਸ਼ਲ ਇਨਵੈਸਟੀਗੇਸ਼ਨ ਟੀਮ (S.I.T.) ਦਾ ਗਠਨ ਕਰਨਾ ਪਿਆ। ਹੁਣ ਤੱਕ ਰਿਧੀਆਂ ਸਿੱਧੀਆਂ ਦਾ ਦਾਅਵਾ ਕਰਨ ਵਾਲੇ 67 ਸਾਲਾ ਤਾਂਤਰਿਕ ਅਸ਼ੋਕ ਖੈਰਾਤ ਖਿਲਾਫ ਬਲਾਤਕਾਰ, ਬਲੈਕ ਮੇਲਿੰਗ, ਧੋਖਾਧੜੀ, ਠੱਗੀ ਤੇ ਅੰਧਸ਼ਰਧਾ ਵਿਰੋਧੀ ਕਾਨੂੰਨੀ ਧਾਰਾਵਾਂ ਤਹਿਤ ਅੱਠ ਮਾਮਲੇ ਦਰਜ ਹੋ ਚੁੱਕੇ ਹਨ ਅਤੇ ਅਜੇ ਹੋਰ ਜਾਂਚ ਜਾਰੀ ਹੈ।

ਗ੍ਰਿਫ਼ਤਾਰ ਕੀਤਾ ਗਿਆ ਅਖੌਤੀ ਬਾਬਾ ਜਿਲ੍ਹਾ ਨਾਸਿਕ ਦੇ ਸਿਨਰ ਇਲਾਕੇ ਵਿੱਚ ਸਥਿਤ ਇੱਕ ਮੰਦਰ ਦੇ ਟਰੱਸਟ ਦਾ ਪ੍ਰਮੁੱਖ ਹੈ, ਜਿਸ ਕੋਲ ਕਈ ਵਰ੍ਹਿਆਂ ਤੋਂ ਰਾਜ ਦੇ ਕਈ ਚੋਟੀ ਦੇ ਨੇਤਾਵਾਂ, ਅਧਿਕਾਰੀਆਂ ਅਤੇ ਅਸਰ-ਰਸੂਖ ਰੱਖਣ ਵਾਲੇ ਲੋਕਾਂ ਦਾ ਆਉਣ ਜਾਣ ਬਣਿਆ ਹੋਇਆ ਸੀ। ਮੁਲਜ਼ਮ ਅਮੀਰ ਘਰਾਂ, ਅਫਸਰਾਂ ਅਤੇ ਰਾਜ ਨੇਤਾਵਾਂ ਦੀਆਂ ਪਤਨੀਆਂ ਨੂੰ ਆਪਣਾ ਸ਼ਿਕਾਰ ਬਣਾਉਂਦਾ ਸੀ। ਉਹ ਉਹਨਾਂ ਦੇ ਭਵਿੱਖ ਸੰਵਾਰਨ ਦੇ ਨਾਮ 'ਤੇ ਨਾ ਕੇਵਲ ਮੋਟੀਆਂ ਰਕਮਾਂ ਮੁੱਛਦਾ ਰਿਹਾ ਬਲਕਿ ਉਹਨਾਂ ਦਾ ਸਰੀਰਕ ਸ਼ੋਸ਼ਣ ਵੀ ਕਰਦਾ ਰਿਹਾ। ਉਸ ਦੀ ਹਵਸ ਅਤੇ ਲੁੱਟ ਦਾ ਸ਼ਿਕਾਰ ਬਣਨ ਵਾਲੀਆਂ ਜਿਆਦਾਤਰ ਔਰਤਾਂ ਘਰੇਲੂ ਅਣਬਣ, ਸੰਤਾਨ ਪ੍ਰਾਪਤੀ ਜਾਂ ਲਾਇਲਾਜ ਬਿਮਾਰੀਆਂ ਆਦਿ ਤੋਂ ਰਾਹਤ ਪਾਉਣ ਦੇ ਮਕਸਦ ਨਾਲ ਆਉਂਦੀਆਂ ਸਨ। ਉਹ ਤਾਂਤਰਿਕ ਕਿਰਿਆਵਾਂ ਦੇ ਨਾਂ ਉੱਤੇ ਉਹਨਾਂ ਦਾ ਯੌਨ ਸ਼ੋਸ਼ਣ ਕਰਦਾ ਅਤੇ ਇਸ ਸਭ ਕੁਝ ਦੀ ਗੁਪਤ ਕੈਮਰਿਆਂ ਨਾਲ ਵੀਡੀਓ ਬਣਾ ਲੈਂਦਾ ਸੀ। ਫਿਰ ਇਹਨਾਂ ਵੀਡੀਓਜ਼ ਦੇ ਆਸਰੇ ਉਨ੍ਹਾਂ ਨੂੰ ਬਲੈਕਮੇਲ ਕਰਕੇ ਮੋਟੀਆਂ ਰਕਮਾਂ ਵੀ ਵਸੂਲਦਾ ਅਤੇ ਮਨਚਾਹੇ ਸਰੀਰਕ ਸਬੰਧ ਵੀ ਬਣਾਉਂਦਾ ਸੀ। ਉਸ ਦੇ ਮੱਕੜ ਜਾਲ ਵਿੱਚ ਇੱਕ ਵਾਰੀ ਫਸੀ ਔਰਤ ਉਸ ਦੀ ਹਰ ਇੱਛਾ ਪੂਰੀ ਕਰਨ ਲਈ ਮਜਬੂਰ ਹੋ ਜਾਂਦੀ ਸੀ। ਇਹਨਾਂ ਵੀਡੀਓਜ਼ ਦਾ ਸਮੁੱਚਾ ਕੰਟਰੋਲ ਖੈਰਾਤ ਦੇ ਦਫਤਰ ਸਹਾਇਕ ਨੀਰਜ ਜਾਦਵ ਕੋਲ ਸੀ, ਜੋ ਇਹਨਾਂ ਵਿੱਚੋਂ ਛੋਟੀਆਂ ਅਸ਼ਲੀਲ ਦ੍ਰਿਸ਼ਾਂ ਵਾਲੀਆਂ ਕਲਿੱਪਾਂ ਬਣਾਉਂਦਾ ਸੀ।

ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਨੇ ਸ਼ੁਰੂਆਤੀ ਜਾਂਚ ਦੌਰਾਨ 58 ਵੀਡੀਓਜ਼ ਦਾ ਪਤਾ ਲਗਾਇਆ ਸੀ ਜੋ ਹੁਣ ਤੱਕ ਸੌ ਦੀ ਗਿਣਤੀ ਤੋਂ ਪਾਰ ਹੋ ਚੁੱਕੀਆਂ ਹਨ। ਜਾਂਚ ਟੀਮ ਦਾ ਕਹਿਣਾ ਹੈ ਕਿ ਹਾਸਲ ਹੋਈਆਂ ਵੀਡੀਓਜ਼ ਦੀ ਫੋਰੈਂਸਿਕ ਜਾਂਚ ਕਰਕੇ ਤਾਂਤਰਿਕ ਦੇ ਭੇਸ ਵਿੱਚ ਛੁਪੇ ਇਸ ਹੈਵਾਨ ਦਾ ਸ਼ਿਕਾਰ ਬਣੀਆਂ ਪੀੜਤ ਔਰਤਾਂ ਦਾ ਪਤਾ ਲਗਾਇਆ ਜਾ ਰਿਹਾ ਹੈ। ਮੁਲਜ਼ਮ ਦੀ ਪੁੱਛ ਪੜਤਾਲ ਤੋਂ ਪਤਾ ਚੱਲਿਆ ਹੈ ਕਿ ਇਸ ਦਾ ਔਰਤਾਂ ਨੂੰ ਆਪਣੇ ਜਾਲ ਵਿੱਚ ਫਸਾਉਣ ਦਾ ਤਰੀਕਾ ਭੈਅ ਦਾ ਮਾਹੌਲ ਸਿਰਜਣ ਵਾਲਾ ਸੀ। ਇਹ ਔਰਤਾਂ ਨੂੰ ਉਹਨਾਂ ਦੇ ਪਤੀ ਦੀ ਮੌਤ ਹੋ ਜਾਣ ਦਾ ਡਰਾਵਾ ਦੇਣ ਲਈ ਪਲਾਸਟਿਕ ਦੇ ਸੱਪਾਂ ਦੀਆਂ ਰਿਮੋਟ ਕੰਟਰੋਲ ਰਾਹੀਂ ਹਰਕਤਾਂ ਦਿਖਾ ਕੇ ਪ੍ਰਭਾਵਿਤ ਕਰਦਾ ਸੀ ਅਤੇ ਫਿਰ ਇਸ ਬਿਪਤਾ ਨੂੰ ਟਾਲਣ ਦੇ ਨਾਂ ਉੱਤੇ ਨਜਾਇਜ਼ ਸਬੰਧ ਬਣਾਉਂਦਾ ਸੀ। ਉਹ ਖ਼ੁਦ ਨੂੰ ਆਸਟ੍ਰੇਲੀਆਈ ਮਰਚੈਂਟ ਨੇਵੀ ਦਾ ਕਪਤਾਨ ਹੋਣ ਅਤੇ 154 ਮੁਲਕਾਂ ਦੀ ਯਾਤਰਾ ਕਰਨ ਦਾ ਵੀ ਦਾਅਵਾ ਕਰਦਾ ਸੀ। ਉਸ ਦਾ ਕਹਿਣਾ ਸੀ ਕਿ ਉਹ 12 ਵਿਦੇਸ਼ੀ ਭਾਸ਼ਾਵਾਂ ਦਾ ਗਿਆਤਾ ਹੈ।

ਜਾਂਚ ਟੀਮ ਨੂੰ ਅਸ਼ੋਕ ਖੈਰਾਤ ਦੇ ਇਸ 'ਸਨਾਤਨੀ' ਨੈੱਟਵਰਕ ਵਿੱਚ ਪੰਜ ਲੋਕਾਂ ਦੀ ਨਰ-ਬਲੀ ਦਿੱਤੇ ਜਾਣ ਦਾ ਵੀ ਸੰਦੇਹ ਹੈ। ਖੈਰਾਤ ਅਤੇ ਇਸਦੇ ਸਹਾਇਕ ਨੀਰਜ ਜਾਦਵ ਦੇ ਵੱਖ-ਵੱਖ ਟਿਕਾਣਿਆਂ ਉੱਪਰ ਮਾਰੇ ਗਏ ਛਾਪਿਆਂ ਦੌਰਾਨ ਜਾਂਚ ਟੀਮ ਨੂੰ 8 ਲੱਖ ਰੁਪਏ ਦੀ ਨਗਦੀ, ਸੈਂਕੜੇ ਕਰੋੜਾਂ ਦੀਆਂ 50 ਜਾਇਦਾਦਾਂ ਦੇ ਦਸਤਾਵੇਜ, ਦੋ ਲੈਪਟਾਪ, 100 ਦੇ ਕਰੀਬ ਅਸ਼ਲੀਲ ਵੀਡੀਓਜ਼ ਅਤੇ ਛੋਟੀਆਂ ਕਲਿੱਪਾਂ ਮਿਲੀਆਂ ਹਨ। ਖੈਰਾਤ ਦੇ ਟਿਕਾਣੇ ਤੋਂ ਇਕ ਪਿਸਤੌਲ ਵੀ ਮਿਲਿਆ ਹੈ ਜਿਸ ਦੀਆਂ ਪੰਜ ਗੋਲੀਆਂ ਗਾਇਬ ਹਨ। ਇਹਨਾਂ ਗਾਇਬ ਗੋਲੀਆਂ ਕਾਰਨ ਨਰ-ਬਲੀ ਦੇ ਸ਼ੱਕ ਨੂੰ ਹੋਰ ਵੀ ਬਲ ਮਿਲਿਆ ਹੈ। ਇਸ ਬਾਰੇ ਵੀ ਜਾਂਚ ਟੀਮ ਫੋਰੈਂਸਿਕ ਨਿਰੀਖਣ ਕਰਵਾ ਰਹੀ ਹੈ।

ਜਾਂਚ ਦੌਰਾਨ ਖੈਰਾਤ ਦਾ ਅਮੀਰ ਲੋਕਾਂ ਨੂੰ ਠੱਗਣ ਦਾ ਇੱਕ ਹੋਰ ਤਰੀਕਾ ਵੀ ਬੇਪਰਦ ਹੋਇਆ ਹੈ। ਉਹ ਉਮਰ

ਦਰਾਜ ਅਮੀਰਜ਼ਾਦਿਆਂ ਨੂੰ ਉਹਨਾਂ ਦੀ ਸੈਕਸ ਸਮਰੱਥਾ ਵਧਾਉਣ ਦਾ ਝਾਂਸਾ ਦੇ ਕੇ 'ਐਲਵਿਸ ਹਨੀ' ਨਾਂ ਦਾ ਸ਼ਹਿਦ ਅੱਠ ਤੋਂ ਨੌਂ ਲੱਖ ਰੁਪਏ ਪ੍ਰਤੀ ਕਿਲੋ ਦੀ ਦਰ ਉੱਤੇ ਵੇਚਿਆ ਕਰਦਾ ਸੀ। ਉਸ ਦਾ ਦਾਅਵਾ ਸੀ ਕਿ ਇਸ ਸ਼ਹਿਦ ਦੇ ਸੇਵਨ ਨਾਲ ਯੌਨ ਸਮਰੱਥਾ ਉੱਪਰ ਤੁਰੰਤ ਚਮਤਕਾਰੀ ਅਸਰ ਹੁੰਦਾ ਹੈ। ਇਹ ਸ਼ਹਿਦ ਸਥਾਨਕ ਮਾਰਕੀਟ ਵਿੱਚੋਂ ਖਰੀਦਿਆ ਜਾਂਦਾ ਸੀ, ਪਰ ਖੈਰਾਤ ਦਾਅਵਾ ਕਰਦਾ ਸੀ ਕਿ ਇਹ ਵਿਦੇਸ਼ੀ ਸਮੁੰਦਰੀ ਗੁਫਾਵਾਂ ਵਿੱਚ ਲੱਗੇ ਸ਼ਹਿਦ ਦੇ ਵਿਸ਼ੇਸ਼ ਛੱਤਿਆਂ ਤੋਂ ਹਾਸਲ ਕੀਤਾ ਗਿਆ ਹੈ। ਪੁਲਿਸ ਨੇ ਦੱਸਿਆ ਕਿ ਅਸ਼ੋਕ ਖੈਰਾਤ ਨੇ ਪਿਛਲੇ 10 ਸਾਲਾਂ ਵਿੱਚ 1500 ਕਰੋੜ ਰੁਪਏ ਦੀ ਜਾਇਦਾਦ ਬਣਾਈ ਹੈ। ਜਾਂਚ ਦੌਰਾਨ ਉਸ ਵੱਲੋਂ ਲੁੱਟ ਦੇ ਪੈਸੇ ਸਾਂਭਣ ਲਈ ਬੈਂਕਾਂ ਵਿੱਚ ਜਾਅਲੀ ਖਾਤੇ ਖੁਲਵਾਉਣ ਸਬੰਧੀ ਵੀ ਦਿਲਚਸਪ ਮਾਮਲਾ ਸਾਹਮਣੇ ਆਇਆ ਹੈ। ਜਿਹੜੇ ਸ਼ਰਧਾਲੂ ਉਸ ਦੇ ਦਰਸ਼ਨ ਕਰਨ ਦੀ ਇੱਛਾ ਜਾਹਰ ਕਰਦੇ ਉਨ੍ਹਾਂ ਤੋਂ ਉਨ੍ਹਾਂ ਦੀ ਫੋਟੋ, ਆਧਾਰ ਕਾਰਡ ਅਤੇ ਪੈਨ ਕਾਰਡ ਮੰਗਵਾਇਆ ਜਾਂਦਾ। ਇਨ੍ਹਾਂ ਦਸਤਾਵੇਜਾਂ ਨੂੰ ਵਰਤ ਕੇ ਉਨ੍ਹਾਂ ਦਾ ਵੱਖ ਵੱਖ ਬੈਂਕਾਂ ਵਿੱਚ ਖਾਤਾ ਖੋਲ੍ਹ ਦਿੱਤਾ ਜਾਂਦਾ ਜਿਸ ਬਾਰੇ ਸ਼ਰਧਾਲੂ ਨੂੰ ਕੋਈ ਜਾਣਕਾਰੀ ਨਹੀਂ ਹੁੰਦੀ ਸੀ। ਇਨ੍ਹਾਂ ਖਾਤਿਆਂ ਵਿੱਚ ਮੂਰਖ ਸ਼ਰਧਾਲੂਆਂ ਤੋਂ ਬਟੋਰੇ ਹੋਏ ਲੱਖਾਂ ਰੁਪਏ ਜਮਾਂ ਕਰਵਾਏ ਜਾਂਦੇ ਸਨ ਜਿਸ ਬਾਰੇ ਖਾਤਾ ਮਾਲਕਾਂ ਨੂੰ ਕੋਈ ਪਤਾ ਨਹੀਂ ਹੁੰਦਾ ਸੀ। ਪੁਲੀਸ ਨੇ ਹੁਣ ਤੱਕ 130 ਅਜਿਹੇ ਖਾਤਿਆਂ ਦਾ ਪਤਾ ਲਗਾਇਆ ਹੈ ਜਿਨ੍ਹਾਂ ਵਿੱਚ ਇਸ ਤਾਂਤਰਿਕ ਵੱਲੋਂ 63 ਕਰੋੜ ਰੁਪਏ ਜਮਾਂ ਕਰਵਾਏ ਗਏ।

ਉਸ ਦਾ ਲੁੱਟ ਅਤੇ ਯੌਨ ਸ਼ੋਸ਼ਣ ਦਾ ਅਨੈਤਿਕ ਨੈੱਟਵਰਕ ਮਹਾਰਾਸ਼ਟਰ ਦੇ ਪੰਜ ਸ਼ਹਿਰਾਂ ਵਿੱਚ ਫੈਲਿਆ ਹੋਇਆ ਸੀ। ਨਾਸਿਕ ਦੇ ਸਿਨਰ ਇਲਾਕੇ ਵਿੱਚ ਸਾਢੇ ਤਿੰਨ ਏਕੜ ਰਕਬੇ ਵਿੱਚ ਉਸਨੇ ਕੰਟਰੋਲ ਆਫਿਸ ਬਣਾਇਆ ਹੋਇਆ ਸੀ, ਜਿੱਥੇ ਤਾਂਤਰਿਕ ਕਿਰਿਆਵਾਂ ਲਈ ਬਣਾਏ ਕਮਰਿਆਂ ਵਿੱਚ ਗੁਪਤ ਕੈਮਰੇ ਲੱਗੇ ਹੋਏ ਸਨ। ਇੱਥੇ ਮਹਿਲਾ ਭਗਤਣੀਆਂ ਦੀਆਂ ਵੀਡੀਓਜ਼ ਬਣਾਈਆਂ ਜਾਂਦੀਆਂ ਸਨ। ਇਸ ਤੋਂ ਬਿਨਾਂ ਮੁੰਬਈ ਵਿੱਚ ਵੀ ਪੰਜ ਤਾਰਾ ਹੋਟਲ ਵਿੱਚ ਉਸ ਵਾਸਤੇ ਲਗਜ਼ਰੀ ਕਮਰੇ ਬੁੱਕ ਰਹਿੰਦੇ ਸਨ। ਖੈਰਾਤ ਦੇ ਅਹਿਲਿਆ ਨਗਰ ਸਥਿਤ ਫਾਰਮ ਹਾਊਸ 'ਤੇ ਅਘੋਰੀ ਵਿਧੀ (ਇਕ ਤਾਂਤਰਿਕ ਕਿਰਿਆ) ਦੇ ਵੀ ਸਬੂਤ ਮਿਲੇ ਹਨ। ਪੁਲਿਸ ਨੂੰ ਇੱਥੇ ਹੀ ਨਰ-ਬਲੀ ਦੇਣ ਦਾ ਸ਼ੱਕ ਹੈ ਜਿਸ ਬਾਰੇ ਪੁਖਤਾ ਜਾਣਕਾਰੀ ਫੋਰੈਂਸਿਕ ਜਾਂਚ ਤੋਂ ਬਾਅਦ ਹੀ ਮਿਲੇਗੀ। ਇਸ ਤੋਂ ਇਲਾਵਾ ਮਹਾਂਰਾਸ਼ਟਰ ਦੇ ਦੂਜੇ ਸਭ ਤੋਂ ਵੱਡੇ ਸ਼ਹਿਰ ਪੂਨੇ ਵਿੱਚ ਵੀ ਖੈਰਾਤ ਦੇ ਬੇਨਾਮੀ ਫਲੈਟ ਹੋਣ ਦਾ ਪਤਾ ਲੱਗਿਆ ਹੈ। ਇਸ ਤਾਂਤਰਿਕ ਤੋਂ ਹੋਈਆਂ ਬਰਾਮਦਗੀਆਂ ਅਤੇ ਜਾਇਦਾਦਾਂ ਦੇ ਵੇਰਵਿਆਂ ਦੀ ਸੂਚੀ ਹਾਸਲ ਹੋਣ ਉਪਰੰਤ, ਪੁਲਿਸ ਨੇ ਇਸ ਮਾਮਲੇ ਵਿੱਚ ਜਾਂਚ ਦਾ ਘੇਰਾ ਵਧਾਉਂਦੇ ਹੋਏ, ਆਮਦਨ ਕਰ ਵਿਭਾਗ ਨੂੰ ਵੀ ਸ਼ਾਮਿਲ ਕਰ ਲਿਆ ਹੈ।

ਅਸ਼ੋਕ ਖੈਰਾਤ ਦੀ ਸੱਤਾ ਦੇ ਉੱਚ ਗਲਿਆਰਿਆਂ ਤੱਕ ਰਸਾਈ ਕਾਰਨ ਉਸ ਦਾ ਇਹ ਅਨੈਤਿਕ ਨੈੱਟਵਰਕ ਵਰ੍ਹਿਆਂ ਤੋਂ ਚਲਦਾ ਆ ਰਿਹਾ ਸੀ। ਰਾਜ ਦੇ ਮੁੱਖ-ਮੰਤਰੀ ਦਵਿੰਦਰ ਫੜਨਵੀਸ ਤੇ ਉਪ ਮੁੱਖ-ਮੰਤਰੀ ਏਕਨਾਥ ਛਿੰਦੇ ਤੱਕ ਉਸ ਦੀ ਸਿੱਧੀ ਪਹੁੰਚ ਅਤੇ ਹੋਰ ਰਾਜਨੀਤਿਕ ਲੋਕਾਂ ਨਾਲ ਨੇੜਤਾ ਨੇ ਉਸ ਦੇ ਗੈਰ-ਇਖ਼ਲਾਕੀ ਧੰਦੇ ਨੂੰ ਪਨਪਣ ਅਤੇ ਫੈਲਣ ਦੇ ਮੌਕੇ ਪ੍ਰਦਾਨ ਕੀਤੇ। ਹੈਰਾਨੀ ਦੀ ਗੱਲ ਹੈ ਕਿ ਮਹਾਂਰਾਸ਼ਟਰ ਦੀ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਰੁਪਾਲੀ ਚਾਕਣਕਰ - ਜਿਸ ਦੀ ਜਿੰਮੇਂਵਾਰੀ ਔਰਤਾਂ ਨੂੰ ਸੁਰੱਖਿਆ ਪ੍ਰਦਾਨ ਕਰਨ ਦੀ ਸੀ, ਵੀ ਅਸ਼ੋਕ ਖੈਰਾਤ ਦੀਆਂ ਹਾਈ-ਪ੍ਰੋਫਾਈਲ ਭਗਤਣੀਆਂ ਵਿੱਚ ਸ਼ਾਮਿਲ ਸੀ। ਉਸ ਦੀਆਂ ਇਸ ਪਖੰਡੀ ਦੇ ਪੈਰ ਸਾਫ਼ ਕਰਦੀ ਦੀਆਂ ਤਸਵੀਰਾਂ ਸੋਸ਼ਲ ਮੀਡੀਆ ਤੇ ਵਾਇਰਲ ਹੋ ਚੁੱਕੀਆਂ ਹਨ। ਇਹ ਵੀ ਚਰਚਾ ਹੈ ਕਿ ਰੁਪਾਲੀ ਤਾਂਤਰਿਕ ਦੀਆਂ 'ਐਪਸਟਾਈਨ ਫਾਈਲਾਂ' ਦਾ ਹਿੱਸਾ ਹੋ ਸਕਦੀ ਹੈ। ਇਹ ਸਭ ਕੁਝ ਨਸ਼ਰ ਹੋਣ ਉਪਰੰਤ ਰੁਪਾਲੀ ਨੇ ਆਪਣੇ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ ਹੈ। ਇਸ ਮਾਮਲੇ ਵਿੱਚ ਨਾਸਿਕ ਦੇ ਡਿਪਟੀ ਕਲੈਕਟਰ ਅਭਿਜੀਤ ਭਾਂਡੇ ਪਾਟਿਲ ਦਾ ਤਬਾਦਲਾ ਕਰ ਦਿੱਤਾ ਗਿਆ ਹੈ, ਜਿਸਦੀ ਪਤਨੀ ਦੀ ਖੈਰਾਤ ਨਾਲ ਜ਼ਮੀਨ ਜਾਇਦਾਦ ਵਿੱਚ ਸਾਂਝੇਦਾਰੀ ਸਾਹਮਣੇ ਆਈ ਹੈ।

ਅਸ਼ੋਕ ਖੈਰਾਤ ਦੇ ਹਾਈ-ਪ੍ਰੋਫਾਈਲ ਕੇਸ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਅਖੌਤੀ ਸੰਤਾਂ, ਬਾਬਿਆਂ, ਤਾਂਤਰਿਕਾਂ ਦਾ ਇਹ ਗੈਰ ਇਖ਼ਲਾਕੀ ਧੰਦਾ ਰਾਜਨੀਤਿਕ ਤੇ ਪ੍ਰਸ਼ਾਸਨਿਕ ਪੁਸ਼ਤਪਨਾਹੀ ਅਧੀਨ ਹੀ ਵਧਦਾ ਫੁੱਲਦਾ ਹੈ। ਇਸ ਤੋਂ ਬਿਨਾਂ ਇਹ ਕੇਸ ਲੋਕਾਂ ਦੇ ਚੇਤਨਾ ਪੱਧਰ ਉੱਤੇ ਵੀ ਸਵਾਲ ਖੜੇ ਕਰਦਾ ਹੈ, ਜੋ ਆਪਣੀ ਲਾਈਲੱਗ ਬਿਰਤੀ ਕਾਰਨ ਵਾਰ ਵਾਰ ਇਸ ਪ੍ਰਕਾਰ ਦੇ ਪਖੰਡੀਆਂ ਦਾ ਸ਼ਿਕਾਰ ਬਣਦੇ ਹਨ। ਇਸ ਤੋਂ ਪਹਿਲਾਂ ਵੀ ਗੁਰਮੀਤ ਰਾਮ ਰਹੀਮ, ਆਸਾ ਰਾਮ ਬਾਪੂ, ਉਸ ਦੇ ਪੁੱਤਰ ਨਰਾਇਣ ਸਾਈਂ, ਸਵਾਮੀ ਨਿਤਿਆ ਨੰਦ, ਵਰਿੰਦਰ ਦੇਵ ਦੀਕਸ਼ਤ, ਸੰਤ ਭੀਮਾਨੰਦ, ਫਲਾਹਾਰੀ ਬਾਬਾ, ਦਾਤੀ ਮਹਾਰਾਜ ਆਦਿ ਪਖੰਡੀ ਮਾਸੂਮ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਦੇ ਹੋਏ ਬੇਪਰਦ ਹੋ ਚੁੱਕੇ ਹਨ। ਇਸ ਹਾਲਤ ਵਿੱਚ ਵਿਗਿਆਨਕ ਵਿਚਾਰਾਂ ਦੇ ਧਾਰਨੀ ਲੋਕਾਂ ਅਤੇ ਸੰਸਥਾਵਾਂ ਦੀ ਜਿੰਮੇਂਵਾਰੀ ਹੋਰ ਵਧ ਜਾਂਦੀ ਹੈ ਕਿ ਉਹ ਲੋਕਾਂ ਨੂੰ ਪਾਖੰਡਵਾਦ ਦੀ ਜਿਲ੍ਹਣ ਵਿੱਚੋਂ ਕੱਢਣ ਲਈ ਆਪਣੇ ਯਤਨਾਂ ਨੂੰ ਹੋਰ ਤੇਜ ਕਰਨ।

(98556 56156)

# ਕਾਕੋਰੀ ਕਾਂਡ ਦੇ ਸ਼ਹੀਦਾਂ ਦਾ ਸਰਕਾਰੀ ਅਪਮਾਨ

ਜਿਸ ਸਮੇਂ ਦੇਸ਼ ਭਰ ਵਿੱਚ 23 ਮਾਰਚ ਦੇ ਸ਼ਹੀਦਾਂ-ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਦੀ ਬੇਮਿਸਾਲ ਕੁਰਬਾਨੀ ਨੂੰ ਯਾਦ ਕਰਦਿਆਂ ਸਮਾਗਮ ਕਰਨ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਸਨ, ਠੀਕ ਉਸੇ ਦਿਨ ਸਵਖਤੇ ਹੀ ਕਾਕੋਰੀ ਕਾਂਡ ਦੇ ਸ਼ਹੀਦਾਂ ਦੇ ਬੁੱਤਾਂ ਨੂੰ ਤੋੜ ਕੇ ਉਹਨਾਂ ਦਾ ਅਪਮਾਨ ਕੀਤਾ ਜਾ ਰਿਹਾ ਸੀ। ਇਹ ਦੁਖਦਾਈ ਕਾਰਵਾਈ ਖੁਦ ਨੂੰ ਵੱਡੀ ਦੇਸ਼ ਭਗਤ ਹੋਣ ਦਾ ਦਾਅਵਾ ਕਰਨ ਵਾਲੀ ਯੋਗੀ ਅਦਿਤਿਆ ਨਾਥ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਦੇ ਰਾਜ ਵਿੱਚ ਹੋਈ।

ਮਿਲੇ ਵੇਰਵਿਆਂ ਅਨੁਸਾਰ ਉੱਤਰ ਪ੍ਰਦੇਸ਼ ਦੇ ਸ਼ਹਿਰ ਸ਼ਾਹਜਹਾਂਪੁਰ ਵਿੱਚ ਨਗਰ ਨਿਗਮ ਦੇ ਟਾਊਨ ਹਾਲ ਦੇ ਬਾਹਰ ਵਾਰ ਆਜ਼ਾਦੀ ਅੰਦੋਲਨ ਦੌਰਾਨ ਹੋਏ ਇਤਿਹਾਸਕ ਕਾਕੋਰੀ ਕਾਂਡ ਵਿੱਚ ਫਾਂਸੀ ਚੜਨ ਵਾਲੇ ਸ਼ਹੀਦ ਕ੍ਰਾਂਤੀਕਾਰੀਆਂ ਰਾਮ ਪ੍ਰਸਾਦ ਬਿਸਮਲ, ਅਸ਼ਫਾਕ ਉੱਲਾ ਖਾਂ ਅਤੇ ਰੋਸ਼ਨ ਸਿੰਘ ਤੋਂ ਇਲਾਵਾ ਇਨ੍ਹਾਂ ਦੇ ਸਹਿਯੋਗੀ ਰਾਮ ਕਿਸ਼ਨ ਖੰਨਾ ਦੇ ਬੁੱਤ ਲੱਗੇ ਹੋਏ ਸਨ। ਰਾਮ ਕਿਸ਼ਨ ਨੇ ਆਪਣਾ ਅਸਲੇ ਦਾ ਲਾਈਸੈਂਸ ਰਾਮ ਪ੍ਰਸਾਦ ਬਿਸਮਿਲ ਨੂੰ ਦਿੱਤਾ ਸੀ, ਜਿਸ ਲਾਈਸੈਂਸ ਉਪਰ ਬਿਸਮਿਲ ਨੇ ਇਸ ਕਾਂਡ ਲਈ ਕਾਰਤੂਸ ਖਰੀਦੇ ਸਨ। ਰਾਮ ਕਿਸ਼ਨ ਨੂੰ ਇਸ ਕੇਸ ਵਿੱਚ 5 ਸਾਲ ਸਖਤ ਕੈਦ ਦੀ ਸਜਾ ਹੋਈ ਸੀ।

ਇਸ ਸਥਾਨ ਨੂੰ ਸ਼ਹੀਦੀ ਸਮਾਰਕ ਵਜੋਂ ਜਾਣਿਆ ਜਾਂਦਾ ਸੀ। ਸਾਲ 1972 ਵਿੱਚ ਸਥਾਪਿਤ ਕੀਤੇ ਗਏ ਇਸ ਸਮਾਰਕ ਪ੍ਰਤੀ ਲੋਕਾਂ ਦੇ ਮਨਾਂ ਵਿੱਚ ਸਨਮਾਨਜਨਕ ਜਜ਼ਬਾ ਸੀ। ਇਹ ਸ਼ਹੀਦ 'ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਆਰਮੀ' ਦੇ ਨਾਂ ਦੇ ਇਨਕਲਾਬੀ ਸੰਗਠਨ ਦੇ ਜਾਂਬਾਜ ਮੈਂਬਰ ਸਨ, ਜਿਸ ਵਿੱਚ ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਹੋਰ ਸਾਥੀ ਵੀ ਸ਼ਾਮਿਲ ਸਨ।

ਇਸ ਸਾਲ 22-23 ਮਾਰਚ ਦੀ ਦਰਮਿਆਨੀ ਰਾਤ ਨੂੰ ਸਵੇਰੇ ਤਿੰਨ ਵਜੇ ਦੇ ਕਰੀਬ ਇਨ੍ਹਾਂ ਦੇਸ਼ ਭਗਤਾਂ ਦੇ ਬੁੱਤਾਂ ਉੱਪਰ ਬੁਲਡੋਜਰ ਚਲਾ ਦਿੱਤਾ ਗਿਆ। ਸਿਤਮ ਦੀ ਗੱਲ ਇਹ ਹੈ ਕਿ ਮਲਬੇ ਦਾ ਢੇਰ ਬਣੇ ਬੁੱਤਾਂ ਨੂੰ ਕੂੜਾ ਡੰਪ ਵਿੱਚ ਸੁੱਟ ਦਿੱਤਾ ਗਿਆ। ਇਹ ਸਾਰੀ ਕਾਰਵਾਈ ਸ਼ਹਿਰ ਦੇ ਸੁੰਦਰੀਕਰਨ ਦੇ ਨਾਂ ਉੱਤੇ ਸੜਕ ਨੂੰ ਚੌੜੀ ਕਰਨ ਲਈ ਕੀਤੀ ਗਈ। ਇਸ ਘਟਨਾ ਨੂੰ, ਇਸ ਕੰਮ ਦਾ ਠੇਕਾ ਹਾਸਲ ਕਰਨ ਵਾਲੀ ਫਰਮ 'ਫਲਾਈ ਇਨਫਰਾਟੈਕ' ਨੇ ਰਾਤ ਦੇ ਸਮੇਂ ਅੰਜਾਮ ਦਿੱਤਾ। ਫਰਮ ਨੇ ਸ਼ਹੀਦਾਂ ਦੇ ਬੁੱਤਾਂ ਨੂੰ ਸਨਮਾਨਜਨਕ ਤਰੀਕੇ ਨਾਲ ਹਟਾਉਣ ਦੀ ਬਜਾਏ ਬੁਲਡੋਜਰ ਚਲਾ ਕੇ ਮਿੱਟੀ ਵਿੱਚ ਰੋਲ ਦਿੱਤਾ।

23 ਮਾਰਚ ਦੀ ਸਵੇਰ ਨੂੰ ਇਸ ਮੰਦਭਾਗੀ ਘਟਨਾ ਦਾ ਪਤਾ ਚੱਲਦਿਆਂ ਹੀ ਸ਼ਹਿਰ ਅਤੇ ਸਮੁੱਚੇ ਦੇਸ਼ ਵਿੱਚ ਕੋਹਰਾਮ ਮੱਚ ਗਿਆ। ਆਪਣੇ ਪਿਆਰੇ ਕ੍ਰਾਂਤੀਕਾਰੀ ਸ਼ਹੀਦਾਂ ਦਾ ਅਪਮਾਨ ਲੋਕਾਂ ਲਈ ਬਰਦਾਸ਼ਤ ਤੋਂ ਬਾਹਰ ਹੋ ਗਿਆ। ਲੋਕਾਂ ਦੇ ਜਬਰਦਸਤ ਵਿਰੋਧ ਦੇ ਦਬਾਅ ਹੇਠ ਸਰਕਾਰ ਜਲਦੀ ਹੀ ਬੈਕ-ਫੁੱਟ 'ਤੇ ਆ ਗਈ ਅਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਹਰਕਤ ਵਿੱਚ ਆਉਣਾ ਪਿਆ। ਇਸ ਘਟਨਾ ਨੂੰ ਅੰਜਾਮ ਦੇਣ ਵਾਲੇ ਜਿੰਮੇਂਵਾਰ ਲੋਕਾਂ ਵਿਰੁੱਧ ਐਫ.ਆਈ.ਆਰ. ਦਰਜ ਕੀਤੀ ਗਈ ਅਤੇ ਠੇਕੇਦਾਰ ਦੀ ਉਕਤ ਫਰਮ ਨੂੰ ਬਲੈਕ ਲਿਸਟ ਕਰ ਦਿੱਤਾ ਗਿਆ। ਜ਼ਿਲ੍ਹਾ ਮਜਿਸਟਰੇਟ ਨੇ ਦੱਸਿਆ ਕਿ ਇਸ ਮਾਮਲੇ ਨਾਲ ਸੰਬੰਧਿਤ ਨਗਰ ਨਿਗਮ ਦੇ ਈ.ਓ. ਅਤੇ ਜੇ.ਈ. ਨੂੰ ਮੁਅੱਤਲ ਕਰਨ ਲਈ ਵੀ ਰਾਜ ਦੇ ਪ੍ਰਿੰਸੀਪਲ ਸੈਕਟਰੀ ਨੂੰ ਲਿਖ ਦਿੱਤਾ ਗਿਆ ਹੈ। ਉਧਰ ਨਗਰ ਨਿਗਮ ਦੀ ਮੇਅਰ ਆਇਸ਼ਨਾ ਵਰਮਾ ਦਾ ਬਿਆਨ ਹੋਰ ਵੀ ਗੈਰ ਜਿੰਮੇਂਵਾਰਾਨਾ ਹੈ। ਮੇਅਰ ਨੇ ਕਿਹਾ ਕਿ ਉਹ ਨਵਰਾਤਿਆਂ ਦੇ ਵਰਤਾਂ ਕਾਰਨ ਨਗਰ ਨਿਗਮ ਦੇ ਦਫਤਰ ਨਹੀਂ ਜਾ ਰਹੀ। ਉਂਝ ਉਸਨੇ ਮੰਨਿਆ ਕਿ ਇਹ ਸਬੰਧਿਤ ਫਰਮ ਦੀ ਲਾਪਰਵਾਹੀ ਦਾ ਮਾਮਲਾ ਹੈ ਅਤੇ ਸ਼ਹੀਦੀ ਸਮਾਰਕ ਨੂੰ ਸਨਮਾਨਜਨਕ ਢੰਗ ਨਾਲ ਹਟਾਇਆ ਜਾਣਾ ਚਾਹੀਦਾ ਸੀ।

ਸਪਸ਼ਟ ਹੈ ਕਿ ਇਸ ਸੰਵੇਦਨਸ਼ੀਲ ਮਾਮਲੇ ਵਿੱਚ ਲਿਪਾਪੋਚੀ ਕੀਤੀ ਜਾ ਰਹੀ ਹੈ । ਇਸੇ ਸ਼ਹਿਰ ਦੇ ਜੰਮਪਲ ਸ਼ਹੀਦ ਰਾਮ ਪ੍ਰਸਾਦ ਬਿਸਮਿਲ ਅਤੇ ਉਹਨਾਂ ਦੇ ਜਿਗਰੀ ਦੋਸਤ ਸ਼ਹੀਦ ਅਸ਼ਫਾਕ ਉਲਾ ਖਾਨ ਦੇ ਬੁੱਤਾਂ ਦੀ ਇੱਕੋ ਥਾਂ 'ਤੇ ਮੌਜੂਦਗੀ ਭਾਜਪਾ ਸਰਕਾਰ ਦੇ ਫਿਰਕੂ ਏਜੰਡੇ ਨੂੰ ਰਾਸ ਨਹੀ ਆ ਰਹੀ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸ ਘਟਨਾ ਨੂੰ ਅੰਜਾਮ ਦੇਣ ਵਿੱਚ ਕੋਈ ਸਾਜਿਸ਼ ਵੀ ਹੋ ਸਕਦੀ ਹੈ। ਮਾਮਲੇ ਦੀ ਗਹਿਰਾਈ ਨਾਲ ਕੀਤੀ ਜਾਂਚ ਹੀ ਸਹੀ ਨਤੀਜੇ 'ਤੇ ਪਹੁੰਚ ਸਕਦੀ ਹੈ।

*ਅਦਾਰਾ ਤਰਕਸ਼ੀਲ*

### ਵਿਸ਼ੇਸ਼ ਸਰਗਰਮੀ

ਚੰਡੀਗੜ੍ਹ ਜ਼ੋਨ ਦੇ ਜਥੇਬੰਦਕ ਮੁਖੀ ਅਜੀਤ ਪ੍ਰਦੇਸੀ ਜੀ ਨੇ ਸ੍ਰੀ ਹੇਮ ਰਾਜ ਸਟੈਨੋ ਦੀ ਸੰਪਾਦਿਤ ਕੀਤੀ ਪੁਸਤਕ 'ਬੰਦੇ ਮਾਤਰਮ ਤੋਂ ਇਨਕਲਾਬ ਤੱਕ' ਦੀਆਂ 100 ਕਾਪੀਆਂ 16 ਮਾਰਚ ਤੋਂ ਲੈ ਕੇ 25 ਮਾਰਚ ਤੱਕ (10 ਦਿਨਾਂ ਵਿੱਚ) ਪਾਠਕਾਂ ਤੱਕ ਨਕਦ ਰੂਪ ਵਿੱਚ ਪੁੱਜਦੀਆਂ ਕੀਤੀਆਂ।

# ਕੇਵਲ ਦਿਨ ਮਨਾਉਣ ਨਾਲ ਹੀ ਨਹੀਂ ਸਰਨਾ

**ਰਾਜਪਾਲ ਸਿੰਘ**

***22 ਅਪ੍ਰੈਲ ਨੂੰ ਧਰਤ ਦਿਵਸ ਸੀ***
***22 ਮਈ ਨੂੰ ਜੈਵਿਕ ਵਿਭਿੰਨਤਾ ਦਿਵਸ ਹੈ***
***5 ਜੂਨ ਨੂੰ ਵਿਸ਼ਵ ਵਾਤਾਵਰਨ ਦਿਵਸ ਹੈ***

ਇਹਨੀਂ ਦਿਨੀਂ ਅਖਬਾਰਾਂ ਵਿੱਚ ਲੇਖ ਲਿਖੇ ਜਾਣਗੇ, ਸਕੂਲਾਂ ਵਿੱਚ ਵਿਦਿਆਰਥੀਆਂ ਦੇ ਮੁਕਾਬਲੇ ਹੋਣਗੇ, ਸੰਸਥਾਵਾਂ ਵੱਲੋਂ ਪ੍ਰੋਗਰਾਮ ਕਰਵਾਏ ਜਾਣਗੇ, ਵਾਤਾਵਰਨ ਵਿਗਾੜ ਨੂੰ ਰੋਕਣ ਅਤੇ ਕੁਦਰਤੀ ਸਾਧਨਾਂ ਨੂੰ ਸੰਭਾਲਣ ਦੀ ਫਿਕਰਮੰਦੀ ਕਰਦੇ ਭਾਸ਼ਣ ਹੋਣਗੇ।

ਇਨ੍ਹਾਂ ਪ੍ਰੋਗਰਾਮਾਂ ਵਿੱਚ ਪਲਾਸਟਿਕ ਦੀ ਵਰਤੋਂ ਘੱਟ ਕਰਨ, ਪਾਣੀ ਦੀਆਂ ਟੂਟੀਆਂ ਖੁੱਲ੍ਹੀਆਂ ਨਾ ਛੱਡਣ, ਖੇਤੀ ਦੀ ਰਹਿੰਦ-ਖੂੰਦ ਨੂੰ ਨਾ ਸਾੜਨ, ਵੱਧ ਤੋਂ ਵੱਧ ਦਰਖਤ ਲਾਉਣ ਅਤੇ ਵਾਤਾਵਰਨ ਸੰਭਾਲ ਦੀਆਂ ਅਜਿਹੀਆਂ ਹੋਰ ਗੱਲਾਂ ਹੋਣਗੀਆਂ। ਇਹ ਗੱਲਾਂ ਚੰਗੀਆਂ ਹਨ, ਲਾਗੂ ਕਰਨੀਆਂ ਚਾਹੀਦੀਆਂ ਹਨ। ਕੁਦਰਤੀ ਸਾਧਨਾਂ ਦੀ ਸਾਂਭ ਸੰਭਾਲ ਅਤੇ ਸਵੱਛ ਵਾਤਾਵਰਨ ਸਾਡੀ ਲੋੜ ਹੈ। ਜੇ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਆਉਣ ਵਾਲੀਆਂ ਨਸਲਾਂ ਲਈ ਬਹੁਤ ਵੱਡੇ ਸੰਕਟ ਖੜੇ ਹੋ ਜਾਣਗੇ।

*ਉਹ ਤਾਕਤਵਰ ਲੋਕ ਹਨ ਜਿਨ੍ਹਾਂ ਲਈ ਆਪਣਾ ਮੁਨਾਫ਼ਾ ਵਧਾਉਣਾ ਹੀ ਸਭ ਤੋਂ ਵੱਡਾ ਨਿਸ਼ਾਨਾ ਹੈ। ਵਾਤਾਵਰਨ, ਕੁਦਰਤੀ ਸਾਧਨ, ਆਉਣ ਵਾਲੀਆਂ ਨਸਲਾਂ ਦਾ ਫ਼ਿਕਰ, ਲੋਕਾਂ ਦੀ ਖਰਾਬ ਹੁੰਦੀ ਸਿਹਤ ਦਾ ਫ਼ਿਕਰ, ਉਨ੍ਹਾਂ ਦੇ ਕਿਸੇ ਏਜੰਡੇ ਉੱਤੇ ਨਹੀਂ ਹੁੰਦਾ ਅਤੇ ਦੁਖਦਾਈ ਸੱਚਾਈ ਇਹ ਹੈ ਕਿ ਇਹ ਦੂਜੀ ਕਿਸਮ ਦੇ ਲੋਕ ਹੀ ਨੀਤੀਆਂ ਘੜਦੇ ਹਨ, ਸਰਕਾਰਾਂ ਚਲਾਉਂਦੇ ਹਨ ਅਤੇ ਤਕਨੀਕ ਦੇ ਮਾਲਕ ਹਨ।*

**ਪਰ ਦੂਜੇ ਪਾਸੇ..**

ਹਜ਼ਾਰਾਂ ਸਾਲਾਂ ਵਿੱਚ ਪੈਦਾ ਹੋਏ ਜੰਗਲ ਕੱਟ ਕੱਟ ਕੇ ਖਤਮ ਕੀਤੇ ਜਾ ਰਹੇ ਹਨ, ਲੱਖਾਂ ਸਾਲਾਂ ਵਿੱਚ ਬਣੇ ਖਣਿਜ ਪਦਾਰਥਾਂ ਦੀ ਅੰਨ੍ਹੇਵਾਹ ਮਾਈਨਿੰਗ ਰਾਹੀਂ ਭੋਏਂ ਦਾ ਅਤੇ ਉਸ ਉੱਤੇ ਵਸਦੇ ਲੋਕਾਂ ਦਾ ਉਜਾੜਾ ਕੀਤਾ ਜਾ ਰਿਹਾ ਹੈ, ਫੈਕਟਰੀਆਂ ਦਾ ਗੰਦਾ ਪਾਣੀ ਦਰਿਆਵਾਂ ਵਿੱਚ ਸੁੱਟ ਕੇ ਉਹਨਾਂ ਨੂੰ ਪਲੀਤ ਕੀਤਾ ਜਾ ਰਿਹਾ ਹੈ, ਭੂ-ਮਾਫੀਆ ਫਸਲਾਂ ਹੇਠੋਂ ਜ਼ਮੀਨਾਂ ਨੂੰ ਕੱਢ ਕੇ ਕੰਕਰੀਟ ਦੇ ਜੰਗਲ ਉਸਾਰ ਰਿਹਾ ਹੈ, ਜਨਤਕ ਟਰਾਂਸਪੋਰਟ ਨੂੰ ਸੁਚਾਰੂ ਬਣਾਉਣ ਦੀ ਬਜਾਏ ਕਾਰਾਂ ਤੇ ਹੋਰ ਵਿਅਕਤੀਗਤ ਸਾਧਨਾਂ ਨੂੰ ਉਤਸ਼ਾਹਤ ਕੀਤਾ ਜਾ ਰਿਹਾ ਹੈ।

**ਇਸ ਤੋਂ ਵੀ ਅੱਗੇ...**

ਜੰਗ ਦੇ ਕੁਝ ਦਿਨਾਂ ਵਿੱਚ ਹੀ ਕੁਦਰਤੀ ਸਾਧਨਾਂ ਦਾ ਜਿੰਨਾਂ ਉਜਾੜਾ ਅਤੇ ਵਾਤਾਵਰਨ ਦਾ ਜਿੰਨਾਂ ਨੁਕਸਾਨ ਹੁੰਦਾ ਹੈ, ਆਮ ਮਨੁੱਖੀ ਕਿਰਿਆਵਾਂ ਨਾਲ ਕਈ ਸਾਲਾਂ ਵਿੱਚ ਵੀ ਓਨਾ ਉਜਾੜਾ ਅਤੇ ਨੁਕਸਾਨ ਨਹੀਂ ਹੁੰਦਾ।

ਉਦਾਹਰਣ ਵਜੋਂ -

ਗਾਜ਼ਾ ਦੀ ਜੰਗ ਵਿੱਚ ਉਥੋਂ ਦੀ ਅੱਧੀ ਉਪਜਾਊ ਭੂਮੀ ਨਸ਼ਟ ਹੋ ਗਈ ਹੈ, 80 ਪ੍ਰਤੀਸ਼ਤ ਦਰਖਤ ਖਤਮ ਹੋ ਗਏ ਹਨ, ਪੰਜ ਕਰੋੜ ਟਨ ਮਲਬਾ ਇਕੱਠਾ ਹੋ ਗਿਆ ਹੈ, ਪਾਣੀ ਅਤੇ ਧਰਤੀ ਜ਼ਹਿਰੀਲੇ ਰਸਾਇਣਾਂ ਨਾਲ ਭਰ ਗਏ ਹਨ।

ਯੂਕਰੇਨ ਜੰਗ ਵਿੱਚ 23 ਕਰੋੜ ਟਨ ਕਾਰਬਨ ਡਾਇਆਕਸਾਈਡ ਦੇ ਬਰਾਬਰ ਕਾਰਬਨ ਵਾਤਾਵਰਨ ਵਿੱਚ ਚਲੀ ਗਈ ਹੈ। 17 ਲੱਖ ਹੈਕਟੇਅਰ ਜੰਗਲ ਨਸ਼ਟ ਹੋ ਗਏ ਹਨ।

ਇਰਾਨ ਉਤੇ ਹਮਲੇ ਵਿੱਚ ਇਸ ਤੋਂ ਕਈ ਗੁਣਾਂ ਤਬਾਹੀ ਹੋ ਗਈ ਹੈ, ਕਿਉਂਕਿ ਇਹ ਖਿੱਤਾ ਤਾਂ ਤੇਲ ਦੇ ਭੰਡਾਰਾਂ ਨਾਲ ਭਰਪੂਰ ਹੈ। ਇਕ ਰਿਫਾਈਨਰੀ ਉੱਤੇ ਬੰਬ ਡਿੱਗਣ ਨਾਲ ਕੁਝ ਘੰਟਿਆਂ ਵਿੱਚ ਹੀ ਵਾਯੂਮੰਡਲ ਵਿੱਚ ਕਾਰਬਨ ਦੀ ਮਾਤਰਾ ਐਨੀ ਵੱਧ ਜਾਂਦੀ ਹੈ ਅਤੇ ਐਨਾ ਪ੍ਰਦੂਸ਼ਣ ਹੋ ਜਾਂਦਾ ਹੈ ਜਿੰਨਾਂ ਪੰਜਾਬ ਵਿੱਚ ਸਾਰੇ ਸਾਲ ਵਿੱਚ ਅੱਗਾਂ ਲਾਉਣ, ਕਾਰਾਂ ਭਜਾਉਣ, ਫੈਕਟਰੀਆਂ ਚਲਾਉਣ ਅਤੇ ਉਸਾਰੀਆਂ ਕਰਨ ਨਾਲ ਵੀ ਨਹੀਂ ਹੁੰਦਾ।

ਸੋ ਇੱਕ ਪਾਸੇ ਉਹ ਵਿਅਕਤੀ ਹਨ, ਸੰਸਥਾਵਾਂ ਹਨ, ਜੋ ਆਮ ਲੋਕਾਂ ਨੂੰ ਆਪਣੇ ਨਿਤ-ਪ੍ਰਤੀ ਦੇ ਕਾਰਜਾਂ ਵਿੱਚ ਕੁਦਰਤੀ ਸੋਮਿਆਂ ਦੀ ਬੇਲੋੜੀ ਵਰਤੋਂ ਨਾ ਕਰਨ ਅਤੇ ਵਾਤਾਵਰਨ ਨੂੰ ਸਵੱਛ ਰੱਖਣ ਦੀਆਂ ਅਪੀਲਾਂ ਕਰਦੇ ਹਨ। ਬਹੁਤ ਸਾਰੇ ਲੋਕ ਇਹਨਾਂ ਉੱਤੇ ਅਮਲ ਵੀ ਕਰਦੇ ਹਨ। ਪਰ ਦੂਜੇ ਪਾਸੇ ਉਹ ਤਾਕਤਵਰ ਲੋਕ ਹਨ ਜਿਨ੍ਹਾਂ ਲਈ ਆਪਣਾ ਮੁਨਾਫ਼ਾ ਵਧਾਉਣਾ ਹੀ ਸਭ ਤੋਂ ਵੱਡਾ ਨਿਸ਼ਾਨਾ ਹੈ। ਵਾਤਾਵਰਨ, ਕੁਦਰਤੀ ਸਾਧਨ, ਆਉਣ ਵਾਲੀਆਂ ਨਸਲਾਂ ਦਾ ਫ਼ਿਕਰ, ਲੋਕਾਂ ਦੀ ਖਰਾਬ ਹੁੰਦੀ ਸਿਹਤ ਦਾ ਫ਼ਿਕਰ, ਉਨ੍ਹਾਂ ਦੇ ਕਿਸੇ ਏਜੰਡੇ ਉੱਤੇ ਨਹੀਂ ਹੁੰਦਾ ਅਤੇ ਦੁਖਦਾਈ ਸੱਚਾਈ ਇਹ ਹੈ ਕਿ ਇਹ ਦੂਜੀ ਕਿਸਮ ਦੇ ਲੋਕ ਹੀ ਨੀਤੀਆਂ

ਘੜਦੇ ਹਨ, ਸਰਕਾਰਾਂ ਚਲਾਉਂਦੇ ਹਨ ਅਤੇ ਤਕਨੀਕ ਦੇ ਮਾਲਕ ਹਨ। ਇਹ ਲੋਕ ਤਾਂ ਅਰਾਵਲੀ ਦੀਆਂ ਪਹਾੜੀਆਂ ਤੱਕ ਨੂੰ ਖਤਮ ਕਰ ਦੇਣ ਵਾਲੇ ਕਾਨੂੰਨ ਬਣਵਾ ਸਕਣ ਦੇ ਸਮਰੱਥ ਹਨ। ਵਾਤਾਵਰਨ ਬੋਰਡਾਂ ਦੇ ਅਧਿਕਾਰੀਆਂ ਅਤੇ ਮੰਤਰੀਆਂ ਤੱਕ ਨੂੰ ਖਰੀਦ ਕੇ, ਚੁੱਪ ਕਰਾ ਦੇਣ ਦੇ ਸਮਰੱਥ ਹਨ।

**ਚੇਤਨਾ ਕੇਵਲ ਵਿਅਕਤੀਗਤ ਆਦਤਾਂ ਤੱਕ ਹੀ ਸੀਮਤ ਨਾ ਰਹੇ ਵੱਡੇ ਕਾਰਨਾਂ ਨੂੰ ਸਮਝਣ ਵੱਲ ਵੀ ਵਧੇ**

ਚਾਹੇ ਵਾਤਾਵਰਨ ਬਾਰੇ ਫਿਕਰ ਅੱਜ ਤੋਂ ਪੰਜ ਛੇ ਦਹਾਕੇ ਪਹਿਲਾਂ ਹੀ ਸ਼ੁਰੂ ਹੋਏ ਪਰ ਮਨੁੱਖੀ ਸਮਾਜ ਦੀ ਦਿਸ਼ਾ ਦਾ ਫਿਕਰ ਕਰਨ ਵਾਲੇ ਵੱਡੇ ਚਿੰਤਕਾਂ ਨੇ ਇਸ ਦੇ ਜਿੰਮੇਂਵਾਰ ਕਾਰਨਾਂ ਬਾਰੇ ਬਹੁਤ ਪਹਿਲਾਂ ਹੀ ਸੁਚੇਤ ਕਰ ਦਿੱਤਾ ਸੀ। ਅੱਜ ਬਹੁਤ ਸਾਰੇ ਸੋਚਵਾਨ ਬੰਦੇ ਸ਼ਹਿਰਾਂ ਵਿੱਚ ਧੜਾ-ਧੜ ਬਣ ਰਹੀਆਂ ਨਵੀਆਂ ਕਲੋਨੀਆਂ ਅਤੇ ਉਸਰ ਰਹੇ ਬਹੁਤ ਵੱਡੇ ਵੱਡੇ ਫਲੈਟ ਦੇਖ ਕੇ ਚਿੰਤਤ ਹੁੰਦੇ ਹਨ, ਲੇਖ ਲਿਖਦੇ ਹਨ, ਫਸਲਾਂ ਹੇਠੋਂ ਖਿਸਕਦੀ ਜ਼ਮੀਨ ਵਰਗੀਆਂ ਪੁਸਤਕਾਂ ਲਿਖਦੇ ਹਨ ਪਰ ਉਹ ਇਸ ਵਰਤਾਰੇ ਦੇ ਮੂਲ ਕਾਰਨ, ਜੋ ਇਥੋਂ ਦਾ ਸਰਮਾਏਦਾਰੀ ਪ੍ਰਬੰਧ ਹੈ, ਉਸ ਬਾਰੇ ਜ਼ਿਕਰ ਬਹੁਤ ਘੱਟ ਕਰਦੇ ਹਨ। ਦੂਜੇ ਪਾਸੇ ਮਾਰਕਸ ਵਰਗੇ ਚਿੰਤਕਾਂ ਨੇ ਇਸ ਬਾਰੇ ਅੱਜ ਤੋਂ ਡੇਢ ਸੌ ਸਾਲ ਪਹਿਲਾਂ ਹੀ ਸਪਸ਼ਟ ਨਿਸ਼ਾਨਦੇਹੀਆਂ ਕਰ ਦਿੱਤੀਆਂ ਸਨ। ਉਹ ਆਪਣੀ ਮਸ਼ਹੂਰ ਕਿਰਤ ਸਰਮਾਇਆ ਵਿੱਚ ਲਿਖਦੇ ਹਨ-

*"ਸਰਮਾਏਦਾਰੀ ਪੈਦਾਵਾਰ, ਆਬਾਦੀ ਨੂੰ ਕੁਝ ਕੇਂਦਰਾਂ ਵਿੱਚ ਇਕੱਠਾ ਕਰਕੇ ਅਤੇ ਸ਼ਹਿਰੀ ਆਬਾਦੀ ਦੀ ਲਗਾਤਾਰ ਵੱਧਦੀ ਮਹੱਤਤਾ ਦਾ ਕਾਰਨ ਬਣਕੇ ਇੱਕ ਪਾਸੇ ਤਾਂ ਇਤਿਹਾਸ ਦੀ ਚਾਲਕ ਸ਼ਕਤੀ ਨੂੰ ਇਕੱਠਾ ਕਰ ਦਿੰਦੀ ਹੈ, ਦੂਜੇ ਪਾਸੇ ਇਹ ਮਨੁੱਖ ਅਤੇ ਭੋਇੰ ਵਿਚਕਾਰ ਪਦਾਰਥ ਦੇ ਅਦਾਨ ਪ੍ਰਦਾਨ ਨੂੰ ਵਿਗਾੜ ਦਿੰਦੀ ਹੈ। ਯਾਨੀ ਕਿ ਮਨੁੱਖ ਦੁਆਰਾ ਵਰਤੇ ਗਏ ਭੋਜਨ ਅਤੇ ਕੱਪੜੇ ਨੂੰ ਮੁੜ ਜ਼ਮੀਨ ਵਿੱਚ ਵਾਪਸ ਜਾਣ ਤੋਂ ਰੋਕ ਦਿੰਦੀ ਹੈ। ਇਸ ਤਰ੍ਹਾਂ ਇਹ ਜ਼ਮੀਨ ਦਾ ਉਪਜਾਊਪੁਣਾ ਬਣਾਈ ਰੱਖਣ ਵਾਲੀਆਂ ਹਾਲਤਾਂ ਨੂੰ ਖ਼ਰਾਬ ਕਰ ਦਿੰਦੀ ਹੈ।"*

ਇੱਕ ਹੋਰ ਜਗ੍ਹਾ ਕਾਰਲ ਮਾਰਕਸ, ਇੱਕ ਜਰਮਨ ਚਿੰਤਕ ਥਾਮਸ ਮੁਨਜ਼ਰ ਦਾ ਹਵਾਲਾ ਦਿੰਦਾ ਹੈ ਕਿ 'ਪਾਣੀ ਵਿੱਚ ਮੱਛੀਆਂ, ਹਵਾ ਵਿੱਚ ਪੰਛੀ ਅਤੇ ਧਰਤੀ ਉਤਲੇ ਪੌਦੇ, ਭਾਵ ਸਾਰੇ ਜੀਵ ਜਗਤ ਨੂੰ ਜਾਇਦਾਦ ਬਣਾ ਦਿੱਤਾ ਗਿਆ ਹੈ।' ਯਾਨੀ ਮੌਜੂਦਾ ਪ੍ਰਬੰਧ ਕੁਦਰਤ ਦੀਆਂ ਮੁਫਤ ਮਿਲ ਰਹੀਆਂ ਚੀਜ਼ਾਂ ਨੂੰ ਵੀ ਖਰੀਦਣ-ਵੇਚਣ ਯੋਗ ਵਸਤਾਂ ਵਿੱਚ ਬਦਲ ਦਿੰਦਾ ਹੈ। ਕੁਦਰਤ ਨੂੰ ਜਦ ਵਸਤ ਬਣਾ ਦਿੱਤਾ ਜਾਂਦਾ ਹੈ, ਮੁਨਾਫ਼ੇ ਦਾ ਸਾਧਨ ਬਣਾ ਲਿਆ ਜਾਂਦਾ ਹੈ ਤਾਂ ਉਸ ਦਾ ਅੰਨ੍ਹੇਵਾਹ ਉਪਭੋਗ ਅਤੇ ਸ਼ੋਸ਼ਣ ਹੋਣਾ ਸ਼ੁਰੂ ਹੋ ਜਾਂਦਾ ਹੈ। ਮੌਜੂਦਾ ਪ੍ਰਬੰਧ ਇਹੀ ਕਰ ਰਿਹਾ ਹੈ ਕਿ ਚਾਹੇ ਬਸਤਰ ਦੇ ਜੰਗਲ ਹੋਣ, ਚਾਹੇ ਅਰਾਵਲੀ ਦੀਆਂ ਪਹਾੜੀਆਂ ਹੋਣ ਅਤੇ ਚਾਹੇ ਪੰਜਾਬ ਵਿੱਚ ਰੇਤਾ ਬੱਜਰੀ ਦੀ ਮਾਈਨਿੰਗ ਹੋਵੇ, ਸਭ ਕੁਦਰਤੀ ਸਾਧਨਾਂ ਨੂੰ, ਪੈਸੇ ਲਈ ਕਾਰਪੋਰੇਸ਼ਨਾਂ ਅਤੇ ਸਿਆਸਤਦਾਨਾਂ ਦੁਆਰਾ ਲੁੱਟਿਆ ਜਾ ਰਿਹਾ ਹੈ। ਇਹਨਾਂ ਦੀ ਬਰਬਾਦੀ ਨਾ 22 ਅਪ੍ਰੈਲ ਨੂੰ ਰੁਕਦੀ ਹੈ ਅਤੇ ਨਾ 5 ਜੂਨ ਨੂੰ। ਕੁਦਰਤ ਅਤੇ ਮਨੁੱਖ ਦੇ ਸੰਬੰਧਾਂ ਬਾਰੇ ਉਹਨਾਂ ਸਮਿਆਂ ਵਿੱਚ ਹੀ ਇੱਕ ਹੋਰ ਇਨਕਲਾਬੀ ਚਿੰਤਕ ਫਰੈਡਰਿਕ ਏਂਗਲਜ਼ ਨੇ ਸੁਚੇਤ ਕੀਤਾ -

**ਅਸੀਂ ਕੁਦਰਤ ਉੱਤੇ ਉਸ ਤਰ੍ਹਾਂ ਹਕੂਮਤ ਨਹੀਂ ਕਰ ਸਕਦੇ ਜਿਵੇਂ ਕੋਈ ਬਾਹਰ ਦਾ ਜੇਤੂ ਹਾਰੇ ਲੋਕਾਂ ਉੱਤੇ ਕਰਦਾ ਹੈ। ਅਸੀਂ ਕੁਦਰਤ ਤੋਂ ਬਾਹਰ ਨਹੀਂ ਬਲਕਿ ਇਸ ਦਾ ਇੱਕ ਅੰਗ ਹਾਂ। ਸਾਡੇ ਕੋਲ ਦੂਸਰੇ ਜੀਵਾਂ ਦੇ ਮੁਕਾਬਲੇ ਇੱਕੋ ਵਾਧਾ ਹੈ ਕਿ ਅਸੀਂ ਕੁਦਰਤ ਦੇ ਨਿਯਮਾਂ ਨੂੰ ਜਾਣ ਸਕਦੇ ਹਾਂ ਅਤੇ ਇਹਨਾਂ ਨੂੰ ਸਹੀ ਰੂਪ ਵਿੱਚ ਲਾਗੂ ਕਰ ਸਕਦੇ ਹਾਂ। -ਏਂਗਲਜ਼**

*"ਸਾਨੂੰ ਕੁਦਰਤ ਉੱਤੇ ਮਨੁੱਖੀ ਜਿੱਤਾਂ 'ਤੇ ਬਹੁਤਾ ਖ਼ੁਸ਼ ਨਹੀਂ ਹੋਣਾ ਚਾਹੀਦਾ। ਸਾਡੀ ਹਰੇਕ ਜਿੱਤ ਦਾ ਕੁਦਰਤ ਬਦਲਾ ਲੈਂਦੀ ਹੈ। ਇਹ ਠੀਕ ਹੈ ਕਿ ਹਰ ਜਿੱਤ ਪਹਿਲਾਂ ਇੱਛਤ ਸਿੱਟੇ ਕੱਢਦੀ ਹੈ ਪਰ ਬਾਅਦ ਵਿੱਚ ਅਜਿਹੇ ਅਸਰ ਪੈਂਦੇ ਹਨ ਜੋ ਪਹਿਲਾਂ ਨਹੀਂ ਦੇਖੇ ਗਏ ਅਤੇ ਉਹ ਅਕਸਰ ਪਹਿਲਾਂ ਹਾਸਲ ਕੀਤੇ ਲਾਭਾਂ ਨੂੰ ਰੱਦ ਕਰ ਦਿੰਦੀ ਹੈ। ਜਿਨ੍ਹਾਂ ਵੱਲੋਂ ਮੈਸੋਪੋਟੇਮੀਆ, ਯੂਨਾਨ, ਏਸ਼ੀਆ ਮਾਈਨਰ ਅਤੇ ਹੋਰ ਜਿੱਥੇ ਵੀ ਖੇਤੀਯੋਗ ਜ਼ਮੀਨ ਹਾਸਲ ਕਰਨ ਲਈ ਜੰਗਲਾਂ ਦਾ ਖਾਤਮਾ ਕੀਤਾ ਗਿਆ, ਉਨ੍ਹਾਂ ਨੇ ਕਦੇ ਸੁਪਨਾ ਵੀ ਨਹੀਂ ਲਿਆ ਹੋਵੇਗਾ ਕਿ ਜੰਗਲਾਂ ਦੇ ਨਾਲ ਹੀ ਉਹ ਪਾਣੀ ਅਤੇ ਨਮੀਂ ਦੇ ਭੰਡਾਰ ਵੀ ਖਤਮ ਕਰ ਰਹੇ ਹਨ ਅਤੇ ਇਨ੍ਹਾਂ ਨੂੰ ਉਜਾੜ ਥਾਵਾਂ ਵਿੱਚ ਬਦਲ ਰਹੇ ਹਨ। ਜਦ ਇਟਲੀ ਦੇ ਲੋਕਾਂ ਨੇ ਪਹਾੜਾਂ ਤੋਂ ਚੀੜ ਦੇ ਦਰਖਤਾਂ ਦਾ ਸਫਾਇਆ ਕਰ ਦਿੱਤਾ ਤਾਂ ਉਨ੍ਹਾਂ ਨੂੰ ਕੋਈ ਖਿਆਲ ਨਹੀਂ ਸੀ ਕਿ ਉਹ ਉਸ ਇਲਾਕੇ ਵਿੱਚੋਂ ਡੇਅਰੀ ਕਾਰੋਬਾਰ ਦੀਆਂ ਜੜ੍ਹਾਂ ਕੱਟ ਰਹੇ ਹਨ ਅਤੇ ਇਸ ਬਾਰੇ ਹੋਰ ਵੀ ਘੱਟ ਸੁਚੇਤ ਸਨ ਕਿ ਇਹ ਕਰਨ ਨਾਲ ਉਹ ਸਾਰਾ ਸਾਲ ਪਾਣੀ ਦੇਣ ਵਾਲੇ ਚਸ਼ਮਿਆਂ ਦਾ ਖਾਤਮਾ ਕਰ ਰਹੇ ਹਨ ਅਤੇ ਮੈਦਾਨੀ ਇਲਾਕਿਆਂ ਵਿੱਚ ਭੈੜੇ ਹੜ੍ਹਾਂ ਦਾ*

*ਮੁੱਢ ਬੰਨ੍ਹ ਰਹੇ ਹਨ। ਇਸ ਤਰ੍ਹਾਂ ਦਾ ਹਰ ਕਦਮ ਸਾਨੂੰ ਯਾਦ ਕਰਾਉਂਦਾ ਹੈ ਕਿ ਅਸੀਂ ਕੁਦਰਤ ਉੱਤੇ ਉਸ ਤਰ੍ਹਾਂ ਹਕੂਮਤ ਨਹੀਂ ਕਰ ਸਕਦੇ ਜਿਵੇਂ ਕੋਈ ਬਾਹਰ ਦਾ ਜੇਤੂ ਹਾਰੇ ਲੋਕਾਂ ਉੱਤੇ ਕਰਦਾ ਹੈ। ਅਸੀਂ ਕੁਦਰਤ ਤੋਂ ਬਾਹਰ ਨਹੀਂ ਬਲਕਿ ਇਸ ਦਾ ਇੱਕ ਅੰਗ ਹਾਂ। ਸਾਡੇ ਕੋਲ ਦੂਸਰੇ ਜੀਵਾਂ ਦੇ ਮੁਕਾਬਲੇ ਇੱਕੋ ਵਾਧਾ ਹੈ ਕਿ ਅਸੀਂ ਕੁਦਰਤ ਦੇ ਨਿਯਮਾਂ ਨੂੰ ਜਾਣ ਸਕਦੇ ਹਾਂ ਅਤੇ ਇਹਨਾਂ ਨੂੰ ਸਹੀ ਰੂਪ ਵਿੱਚ ਲਾਗੂ ਕਰ ਸਕਦੇ ਹਾਂ।"*

**ਕੀ ਇਸ ਲਈ ਵਿਗਿਆਨ ਜਿੰਮੇਂਵਾਰ ਹੈ?**

ਇੱਕ ਹੋਰ ਪਾਸਿਓਂ ਵੀ ਸੁਚੇਤ ਹੋਣ ਦੀ ਲੋੜ ਹੈ ਕਿ ਇੱਕ ਅਜਿਹੀ ਧਿਰ ਵੀ ਅੱਜ ਕੱਲ੍ਹ ਬਹੁਤ ਸਰਗਰਮ ਹੈ ਜੋ ਕੁਦਰਤੀ ਸੋਮਿਆਂ ਦੀ ਤਬਾਹੀ ਅਤੇ ਵਾਤਾਵਰਨ ਦੇ ਵਿਗਾੜਾਂ ਲਈ ਵਿਗਿਆਨ ਨੂੰ ਜਿੰਮੇਂਵਾਰ ਠਹਿਰਾਉਂਦੀ ਹੈ। ਇਹ ਅਸਲ ਵਿੱਚ ਵਿਗਿਆਨ ਵਿਰੋਧੀ ਮਾਨਸਿਕਤਾ ਦੇ ਲੋਕ ਹਨ। ਵਿਗਿਆਨ ਨੇ ਤਾਂ ਮਨੁੱਖ ਨੂੰ ਇਸ ਦੇ ਸਮਰੱਥ ਬਣਾਇਆ ਹੈ ਕਿ ਅੱਜ ਉਹ ਮਾਰੂ ਕੁਦਰਤੀ ਤਾਕਤਾਂ ਤੋਂ ਬਚਾਅ ਕਰ ਸਕਦਾ ਹੈ। ਜਿੱਥੋਂ ਤੱਕ ਪ੍ਰਦੂਸ਼ਣ ਅਤੇ ਕੁਦਰਤੀ ਸੰਤੁਲਨ ਵਿਗੜਨ ਦਾ ਮਸਲਾ ਹੈ ਇਸ ਬਾਰੇ ਦੱਸ ਵੀ ਵਿਗਿਆਨ ਹੀ ਰਿਹਾ ਹੈ। ਵਿਗਿਆਨਕ ਯੰਤਰਾਂ ਨਾਲ ਹੀ ਪਤਾ ਲੱਗਦਾ ਹੈ ਕਿ ਹਵਾ ਵਿੱਚ ਕਾਰਬਨ ਡਾਈਆਕਸਾਈਡ ਦੀ ਮਾਤਰਾ ਕਿੰਨੀ ਵੱਧ ਰਹੀ ਹੈ, ਹਵਾ ਵਿੱਚ ਕਿਹੜੇ ਪਦਾਰਥ ਦੇ ਕਣ ਸੁਰੱਖਿਅਤ ਸੀਮਾ ਤੋਂ ਵਧ ਰਹੇ ਹਨ, ਉਹਨਾਂ ਦੇ ਕੀ ਨੁਕਸਾਨ ਹੋ ਰਹੇ ਹਨ ਪਾਣੀ ਵਿੱਚ ਕਿਹੜੇ ਹਾਨੀਕਾਰਕ ਤੱਤ ਘੁਲ ਰਹੇ ਹਨ ਆਦਿ। ਵਿਗਿਆਨ ਨਾ ਸਿਰਫ ਇਹ ਕੁਝ ਦੱਸ ਰਿਹਾ ਹੈ ਸਗੋਂ ਉਹਨਾਂ ਦੇ ਹੱਲ ਵੀ ਪੇਸ਼ ਕਰ ਰਿਹਾ ਹੈ।

**ਫਿਰ ਇਸ ਦਾ ਅਸਲ ਜਿੰਮੇਂਵਾਰ ਕੌਣ ਹੈ?**

ਕੁਦਰਤੀ ਸੋਮਿਆਂ ਨੂੰ ਬਰਬਾਦ ਕਰਨ ਅਤੇ ਵਾਤਾਵਰਨ ਨੂੰ ਖਰਾਬ ਕਰਨ ਦੇ ਅਸਲ ਕਾਰਨ ਇੱਥੋਂ ਦੇ ਆਰਥਿਕ ਰਾਜਨੀਤਿਕ ਪ੍ਰਬੰਧ ਵਿੱਚ ਪਏ ਹਨ। ਇਸ ਪ੍ਰਬੰਧ ਦੀ ਚਾਲਕ ਸ਼ਕਤੀ ਹੀ ਪੂੰਜੀ ਹੈ ਜਿਸ ਨੂੰ ਪੈਦਾ ਕਰਦੇ ਰਹਿਣ ਲਈ ਵੱਧ ਤੋਂ ਵੱਧ ਮੁਨਾਫਾ ਕਮਾਉਣਾ ਜਰੂਰੀ ਹੋ ਜਾਂਦਾ ਹੈ। ਇਸ ਪ੍ਰਬੰਧ ਵਿੱਚ ਮੁਨਾਫੇ ਖਾਤਰ ਵਿਗਿਆਨਿਕ ਕਾਢਾਂ ਦੀ ਦੁਰਵਰਤੋਂ ਕੀਤੀ ਜਾਂਦੀ ਹੈ, ਕੁਦਰਤੀ ਸਾਧਨਾਂ ਨੂੰ ਉਜਾੜਿਆ ਜਾਂਦਾ ਹੈ ਤੇ ਵਾਤਾਵਰਨ ਨੂੰ ਨਸ਼ਟ ਕੀਤਾ ਜਾਂਦਾ ਹੈ। ਸੋ ਇਹਨਾਂ ਦਿਨਾਂ ਨੂੰ ਮਨਾਉਣ ਦੀ ਸਾਰਥਿਕਤਾ ਫਿਰ ਹੀ ਬਣਦੀ ਹੈ ਜੇ ਕੁਦਰਤੀ ਸੋਮਿਆਂ ਅਤੇ ਵਾਤਾਵਰਨ ਦੀ ਤਬਾਹੀ ਦੇ ਖਤਰਿਆਂ ਨੂੰ ਇਸ ਦੇ ਮੂਲ ਕਾਰਨਾਂ ਨਾਲ ਜੋੜ ਕੇ ਲੋਕਾਂ ਦੀ ਸਮਝ ਦਾ ਹਿੱਸਾ ਬਣਾਇਆ ਜਾਵੇ।

## ਕੀ ਆਂਡੇ ਧੋ ਕੇ ਰੱਖਣੇ ਚਾਹੀਦੇ ਹਨ?

ਜਦ ਆਂਡਾ ਮੁਰਗੀ ਦੇ ਅੰਦਰੋਂ ਬਾਹਰ ਆਉਂਦਾ ਹੈ ਤਾਂ ਅਕਸਰ ਉਸ 'ਤੇ ਮਿੱਟੀ ਜਾਂ ਬਿੱਠਾਂ ਆਦਿ ਚਿਪਕ ਜਾਂਦੀਆਂ ਹਨ। ਇਸ ਕਰਕੇ ਸਫਾਈ ਪਸੰਦ ਲੋਕ ਉਹਨਾਂ ਨੂੰ ਰਸੋਈ ਵਿੱਚ ਰੱਖਣ ਸਮੇਂ ਧੋ ਕੇ ਚਿੱਟੇ ਚਿੱਟੇ ਕੱਢ ਲੈਂਦੇ ਹਨ। ਸਧਾਰਨ ਸੂਝ ਨਾਲ ਦੇਖਿਆ ਇਸ ਵਿੱਚ ਕੁਝ ਵੀ ਗਲਤ ਨਹੀਂ ਲੱਗਦਾ। ਧੋਣ ਨਾਲ ਮਿੱਟੀ ਜਾਂ ਹੋਰ ਗੰਦੇ ਪਦਾਰਥ ਲਹਿ ਜਾਂਦੇ ਹਨ, ਪਏ ਵੀ ਸੋਹਣੇ ਲੱਗਦੇ ਹਨ ਅਤੇ ਆਂਡਾ ਵਰਤਣ ਲਈ ਤੋੜਨ ਸਮੇਂ ਇਹ ਮਿੱਟੀ ਘੱਟਾ ਬਰਤਨ ਵਿੱਚ ਡਿੱਗਣ ਦਾ ਵੀ ਡਰ ਨਹੀਂ ਰਹਿੰਦਾ।

ਪਰ ਵਿਗਿਆਨਕ ਪੱਖ ਤੋਂ ਮਾਹਿਰਾਂ ਦੀ ਇਸ ਬਾਰੇ ਰਾਇ ਵੱਖਰੀ ਹੈ।

ਵਿਗਿਆਨਕ ਜਾਣਕਾਰੀ ਰੱਖਣ ਵਾਲੇ ਮਾਹਿਰਾਂ ਅਨੁਸਾਰ ਆਂਡੇ ਉੱਤੇ ਇੱਕ ਪਤਲੀ ਜਿਹੀ ਤਹਿ ਚੜ੍ਹੀ ਹੁੰਦੀ ਹੈ ਜਿਸ ਨੂੰ ਕਿਊਟੀਕਲ (cuticle) ਕਹਿੰਦੇ ਹਨ। ਇਹ ਤਹਿ ਹਾਨੀਕਾਰਕ ਬੈਕਟੀਰੀਆ ਦੇ ਆਂਡੇ ਵਿੱਚ ਜਾਣ ਨੂੰ ਰੋਕ ਕੇ ਰੱਖਦੀ ਹੈ। ਧੋਣ ਨਾਲ ਇਹ ਸੁਰੱਖਿਆ ਦੇਣ ਵਾਲੀ ਤਹਿ ਪਾਣੀ ਵਿੱਚ ਘੁਲ ਕੇ ਖਤਮ ਹੋ ਜਾਂਦੀ ਹੈ ਅਤੇ ਬੈਕਟੀਰੀਆ ਅੰਦਰ ਜਾਣ ਦੀ ਸੰਭਾਵਨਾ ਬਣ ਜਾਂਦੀ ਹੈ, ਕਿਉਂਕਿ ਆਂਡੇ ਦਾ ਖੋਲ ਮੁਸਾਮਦਾਰ ਹੁੰਦਾ ਹੈ। ਸੋ ਬਿਹਤਰ ਇਹੀ ਹੈ ਕਿ ਜੇ ਆਂਡਿਆਂ ਨੂੰ ਕੁਝ ਦਿਨ ਰੱਖਣਾ ਹੋਵੇ ਤਾਂ ਮੁਰਗੀਆਂ ਹੇਠੋਂ ਚੁੱਕੇ ਆਂਡਿਆਂ ਨੂੰ ਨਾ ਧੋਤਾ ਜਾਵੇ।

ਜਿਹੜੇ ਆਂਡੇ ਵੱਡੇ ਸਟੋਰਾਂ ਤੋਂ ਖਰੀਦੇ ਜਾਂਦੇ ਹਨ ਉਥੇ ਗਾਹਕਾਂ ਨੂੰ ਖਿੱਚਣ ਲਈ ਉਹ ਤਾਂ ਪਹਿਲਾਂ ਹੀ ਧੋ ਸਵਾਰ ਕੇ ਚਮਕਾਏ ਹੁੰਦੇ ਹਨ। ਫਿਰ ਉਹਨਾਂ ਦਾ ਕੀ ਕੀਤਾ ਜਾਵੇ?

ਇਸ ਦਾ ਵੀ ਹੱਲ ਹੈ।

ਧੋਤੇ ਹੋਏ ਆਂਡਿਆਂ ਨੂੰ ਫਰਿੱਜ ਵਿੱਚ ਰੱਖਿਆ ਜਾਵੇ ਕਿਉਂਕਿ ਫਰਿੱਜ ਵਿੱਚ ਬੈਕਟੀਰੀਆ ਦਾ ਵਾਧਾ ਨਹੀਂ ਹੁੰਦਾ, ਜਦ ਕਿ ਬਗੈਰ ਧੋਤੇ ਆਂਡਿਆਂ ਨੂੰ ਬਾਹਰ ਵੀ ਲੰਮੇ ਸਮੇਂ ਤੱਕ ਰੱਖਿਆ ਜਾ ਸਕਦਾ ਹੈ।

ਹਾਂ, ਇਹ ਜਰੂਰ ਹੈ ਕਿ ਜਦ ਆਂਡੇ ਨੂੰ ਵਰਤਣਾ ਹੋਵੇ ਤਦ ਉਸ ਤੋਂ ਤੁਰੰਤ ਪਹਿਲਾਂ ਧੋ ਲਵੋ, ਕਿਉਂਕਿ ਉਸ ਤੋਂ ਬਾਅਦ ਤਾਂ ਉਸ ਨੂੰ ਉਬਾਲਣਾ ਜਾਂ ਤਲਣਾ ਹੀ ਹੁੰਦਾ ਹੈ।

**ਉਪਰੋਕਤ ਤੱਥ ਕਾਰਣ ਹੀ ਯੌਰਪੀ ਯੂਨੀਅਨ ਦੇ ਦੇਸ਼ਾਂ ਵਿੱਚ ਵੇਚਣ ਲਈ ਰੱਖੇ ਆਂਡੇ ਧੋਤੇ ਨਹੀਂ ਹੁੰਦੇ।**

# ਐਪਸਟੀਨ ਫਾਈਲਾਂ ਦਾ ਕਾਲਾ ਸੱਚ

ਕੁਲਦੀਪ ਸਿੰਘ ਦੀਪ (ਡਾ.)

**19 ਦਸੰਬਰ 2025 ਅਤੇ ਫਿਰ 30 ਜਨਵਰੀ 2026 ਨੂੰ ਗੁਪਤ ਰਿਕਾਰਡਾਂ ਵਿਚੋਂ ਬਾਹਰ ਆਈਆਂ ਐਪਸਟੀਨ ਫਾਈਲਾਂ ਨੇ ਦੁਨੀਆ ਨੂੰ ਕੰਟਰੋਲ ਕਰਨ ਵਾਲੇ ਵੱਡੇ ਰਾਜਨੀਤਕਾਂ ਅਤੇ ਅਰਬਪਤੀ ਸ਼ਾਹੂਕਾਰਾਂ ਦੇ ਕਾਲੇ ਕਾਰਨਾਮਿਆਂ ਨੂੰ ਲੋਕਾਂ ਸਾਹਮਣੇ ਨੰਗਾ ਕਰ ਦਿੱਤਾ ਹੈ। ਸਾਡੇ ਸਮਿਆਂ ਦਾ ਇਹ ਬਹੁਤ ਵੱਡਾ ਸਕੈਂਡਲ ਹੈ, ਜਿਸਦੀ ਚਰਚਾ ਅਮਰੀਕਾ ਵੱਲੋਂ ਈਰਾਨ ਉੱਤੇ ਕੀਤੇ ਹਮਲੇ ਕਾਰਣ, ਮੀਡੀਆ ਵਿੱਚ ਕੁਝ ਪਿੱਛੇ ਚਲੀ ਗਈ ਹੈ। ਪਰ ਸਰਮਾਏਦਾਰੀ ਸਮਾਜ ਦੀ ਇਸ ਕਰੂਰ ਸਚਾਈ ਨੂੰ ਜਾਣਨਾ ਬਹੁਤ ਜਰੂਰੀ ਹੈ। ਸੋ ਇਸ ਮਾਮਲੇ ਦੀਆਂ ਸਾਰੀਆਂ ਤਹਿਆਂ ਫਰੋਲਦਾ ਡਾ. ਕੁਲਦੀਪ ਦੀਪ ਦਾ ਇਹ ਲੇਖ ਅਸੀਂ ਪਾਠਕਾਂ ਦੇ ਸਨਮੁੱਖ ਕਰ ਰਹੇ ਹਾਂ।**

ਦੋਸਤੋ! ਐਪਸਟੀਨ ਫਾਈਲਾਂ ਨਾ ਤਾਂ ਸਿਰਫ਼ ਕਿਸੇ ਦੌਲਤਮੰਦ ਵੱਲੋਂ ਜੋੜੀ ਬੇਤਹਾਸ਼ਾ ਦੌਲਤ ਨਾਲ ਉਸਾਰੀ ਸਲਤਨਤ ਦਾ ਮਸਲਾ ਹੈ ਅਤੇ ਨਾ ਹੀ ਕਿਸੇ ਇਕ ਵਿਅਕਤੀ ’ਤੇ ਚੱਲੇ ਸਧਾਰਨ ਕੋਰਟ ਕੇਸ ਦਾ ਮਸਲਾ ਹੈ, ਬਲਕਿ ਇਹਨਾਂ ਸਭ ਤੋਂ ਕਿਤੇ ਪਰ੍ਹੇ ਇਹ ਮਨੁੱਖੀ ਦਰਿੰਦਗੀ ਦੀ ਇੰਤਹਾ ਦਾ ਮਸਲਾ ਹੈ ਅਤੇ ਕਨੂੰਨ, ਇਖ਼ਲਾਕ ਅਤੇ ਇਨਸਾਨੀਅਤ ਨੂੰ ਟਿੱਚ ਸਮਝ ਕੇ ਸੈਂਕੜੇ ਮਾਸੂਮਾਂ ਦੀਆਂ ਜ਼ਿੰਦਗੀਆਂ ਨਾਲ ਖੇਡਣ ਦਾ ਮਸਲਾ ਹੈ।

ਐਪਸਟੀਨ ਕਾਂਡ ਕੋਈ ਮਾਮੂਲੀ ਮੁਜ਼ਰਮਾਨਾਂ ਘਟਨਾ ਨਹੀਂ ਬਲਕਿ ਅਜਿਹੀ ਭਿਆਨਕ ਕਹਾਣੀ ਹੈ ਜਿਸ ਵਿਚ ਤਾਕਤ ਇਖ਼ਲਾਕ ਨੂੰ ਖਰੀਦ ਲੈਂਦੀ ਹੈ ਅਤੇ ਦੌਲਤ ਕਾਨੂੰਨ ਦੀਆਂ ਅੱਖਾਂ ’ਤੇ ਪੱਟੀ ਬੰਨ੍ਹ ਦਿੰਦੀ ਹੈ। ਇਹ ਉਸ ਯੁੱਗ ਦਾ ਚਿਹਰਾ ਹੈ ਜਿੱਥੇ ਬੁਰਾਈ ਹਨੇਰੇ ਵਿੱਚ ਨਹੀਂ, ਬਲਕਿ ਚਮਕਦਾਰ ਮਹੱਲਾਂ ਅਤੇ ਨਿੱਜੀ ਟਾਪੂਆਂ ’ਤੇ ਨੰਗੀ ਹੋ ਕੇ ਘੁੰਮਦੀ ਰਹੀ।

ਇਹ ਕਾਂਡ ਅਪਰਾਧ ਦਾ ਅਜਿਹਾ ‘ਗਲੋਬਲ ਅਤੇ ਹਾਈਟੈਕ ਵਰਜ਼ਨ’ ਹੈ ਜਿੱਥੇ ਇਕ ਜੈਫ਼ਰੀ ਐਪਸਟੀਨ ਨਾਂ ਦਾ ਬੰਦਾ ਸੱਤਾ ਅਤੇ ਤਾਕਤ ਦੀ ਸ਼ਹਿ ’ਤੇ ਆਪਣਾ ਇਕ ‘ਸ਼ਹਾਨਾ ਟਾਪੂ’ ਉਸਾਰਦਾ ਹੈ ਅਤੇ ਉੱਥੇ ਨਾਬਾਲਗ ਬੱਚਿਆਂ/ਬੱਚੀਆਂ ਨਾਲ ਉਹ ਕੁਕਰਮ ਕਰਦਾ ਹੈ ਜਿਸ ਨੂੰ ਸ਼ਬਦਾਂ ਵਿਚ ਬਿਆਨ ਕਰਦਿਆਂ ਵੀ ਰੌਂਗਟੇ ਖੜ੍ਹੇ ਹੋ ਜਾਂਦੇ ਹਨ। ਉੱਥੇ ਨਿੱਕੀਆਂ-ਨਿੱਕੀਆਂ ਮਾਸੂਮ ਬਾਲੜੀਆਂ ਨੂੰ ‘ਐਂਟਰਟੇਨਮੈਂਟ’ ਲਈ ‘ਈਲੀਟ ਪ੍ਰਾਹੁਣਿਆਂ’ ਅੱਗੇ ਪਰੋਸਿਆ ਗਿਆ। ਇਸ ਦਿਲ ਕੰਬਾਊ ਸਚ ਦਾ ਖੁਲਾਸਾ ਐਪਸਟੀਨ ਦੀਆਂ ਫਾਈਲਾਂ ‘ਚੋਂ ਹੁੰਦਾ ਹੈ।

ਐਪਸਟੀਨ ਦੀਆਂ ਇਨ੍ਹਾਂ ਫਾਈਲਾਂ ਵਿਚ ਟਰੰਪ, ਬਿੱਲ ਕਲਿੰਟਨ, ਮਾਈਕਲ ਜੈਕਸਨ, ਕਿੰਗ ਚਾਰਲਸ ਦੇ ਭਰਾ ਪ੍ਰਿੰਸ ਐਂਡਰਿਊ, ਐਲਨ ਮਸਕ ਅਤੇ ਬਿਲ ਗੇਟਸ ਤੋਂ ਲੈ ਕੇ ਵਿਗਿਆਨੀ ਸਟੀਫ਼ਨ ਹਾਕਿੰਗ ਤੇ ਅਧਿਆਤਮਕ ਆਗੂ ਦਲਾਈਲਾਮਾ ਸਮੇਤ ਦੁਨੀਆ ਦੇ ਵੱਖ ਵੱਖ ਮੁਲਕਾਂ ਦੇ ਸੈਂਕੜੇ ਅਮੀਰ-ਤਰੀਨ ਲੋਕਾਂ ਦੇ ਨਾਂ ਬੋਲਦੇ ਹਨ ਜੋ ਕਿਸੇ ਨਾ ਕਿਸੇ ਰੂਪ ਵਿਚ ਐਪਸਟੀਨ ਦੇ ਆਈਲੈਂਡ ’ਤੇ ਗਏ। ਭਾਰਤ ਨਾਲ ਸਬੰਧਤ ਨਾਵਾਂ ਵਿਚ ਦੀਪਕ ਚੋਪੜਾ, ਅਨਿਲ ਅੰਬਾਨੀ, ਹਰਦੀਪ ਸਿੰਘ ਪੁਰੀ ਆਦਿ ਦਾ ਜ਼ਿਕਰ ਕਿਸੇ ਨਾ ਕਿਸੇ ਰੂਪ ਵਿਚ ਆਉਂਦਾ ਹੈ। ਬੇਸ਼ਕ ਇਹਨਾਂ ਫਾਈਲਾਂ ਵਿਚ ਆਏ ਨਾਵਾਂ ਤੋਂ ਇਹ ਕਤਈ ਸਿੱਧ ਨਹੀਂ ਹੁੰਦਾ ਕਿ ਇਹ ਸਾਰੇ ਹੀ ਇਸ ਅਨੈਤਿਕ ਕਾਰੇ ਵਿਚ ਸ਼ਾਮਿਲ ਸਨ। ਐਪਸਟੀਨ ਦੇ ਚਿਹਰੇ ਹੀ ਏਨੇ ਸਨ ਕਿ ਉਸ ਨੇ ਆਪਣੇ ਇਸ ਦਰਿੰਦਗੀ ਦੇ ਸਾਮਰਾਜ ਨੂੰ ਢਕਣ ਲਈ ਅਨੇਕ ਨਾਵਾਂ-ਸੰਸਥਾਵਾਂ ਨੂੰ ਟੈਗ ਦੇ ਤੌਰ ’ਤੇ ਵੀ ਵਰਤਿਆ। ਇਸ ’ਤੇ ਚਰਚਾ ਬਾਅਦ ਵਿਚ ਕਰਾਂਗੇ। ਪਹਿਲਾਂ ਦੇਖੀਏ ਕਿ ਵਾਪਰਿਆ ਕੀ?

- ਨਾਬਾਲਿਗ ਲੜਕੀਆਂ ਦੀ ਯੋਜਨਾਬੱਧ ਤਸਕਰੀ ਕੀਤੀ ਗਈ।
- ਗਰੀਬ ਅਤੇ ਅਸੁਰੱਖਿਅਤ ਪਿਛੋਕੜ ਦੀਆਂ 14-17 ਸਾਲ ਦੀਆਂ ਕੁੜੀਆਂ ਉੱਪਰ ਜਾਲ ਵਿਛਾਇਆ ਗਿਆ...
- ‘ਮਸਾਜ’, ‘ਨੌਕਰੀ’, ਜਾਂ ‘ਮਾਡਲਿੰਗ’ ਦਾ ਝਾਂਸਾ ਦੇ ਕੇ ਜਿਣਸੀ ਸੋਸ਼ਣ ਵੱਲ ਧੱਕ ਦਿੱਤਾ ਗਿਆ...
- ਉਹਨਾਂ ਨੂੰ ਆਪਣੇ ਅਤੇ ਆਪਣੇ ‘ਈਲੀਟ ਦੋਸਤਾਂ’ ਮੂਹਰੇ ਪਰੋਸਿਆ ਗਿਆ...
- ਫਿਰ ਉਹਨਾਂ ਨੂੰ ਬਲੈਕਮੇਲ ਕਰਕੇ ਆਪਣੇ ਵਰਗੀਆਂ ਹੋਰ ਕੁੜੀਆਂ ਲਿਆਉਣ ਲਈ ਕਿਹਾ ਗਿਆ...
- ਧਮਕੀਆਂ ਦਿੱਤੀਆਂ ਗਈਆਂ, ਪੈਸੇ ਨਾਲ ਮੂੰਹ ਬੰਦ ਕਰਨ ਦੀ ਕੋਸ਼ਿਸ਼ ਕੀਤੀ ਗਈ...
- ਐੱਨ.ਡੀ.ਏ. (Non-Disclosure Agreement) ’ਤੇ ਹਸਤਾਖਰ ਕਰਾ ਕੇ ਮਜ਼ਬੂਰ ਕੀਤਾ ਗਿਆ ਕਿ ਜੇਕਰ ਉਸ ਨੇ ਕਿਤੇ ਵੀ ਕੁਝ ਕਿਹਾ ਤਾਂ ਆਪ ਵੀ ਨਾਲ ਹੀ ਫਸ ਜਾਏਗੀ।

ਇਸ ਕੇਸ ਦੀ ਇਕ ਮੁੱਖ ਗਵਾਹ ਤੇ ਪੀੜਤ ਵਰਜੀਨੀਆ ਜਿਉਫਰੇ (Virginia Giuffre) ਦੇ ਇਸ ਬਿਆਨ ਨੂੰ ਦੇਖਿਆ ਜਾ ਸਕਦਾ ਹੈ। ਇਸ ਕੁੜੀ ਨੇ ਲਿਖਤੀ ਹਲਫ਼ਨਾਮੇ ਵਿੱਚ ਕਿਹਾ ਕਿ ‘ਇਹ ਸਭ ਮੇਰੀ ਮਰਜ਼ੀ ਨਾਲ ਨਹੀਂ ਸੀ ਬਲਕਿ ਮੈਨੂੰ ਤਸਕਰੀ ਦੇ ਜਾਲ ਵਿੱਚ ਫਸਾਇਆ ਗਿਆ ਸੀ।’

ਇਸ ਕੁੜੀ ਦੀ ਗਵਾਹੀ, ਐਪਸਟੀਨ ਦੀ ਸਹੇਲੀ

ਗਿਸਲੇਨ ਮੈਕਸਵੈੱਲ ਦੀ ਸਜ਼ਾ ਵਿੱਚ, ਮਹੱਤਵਪੂਰਨ ਸਾਬਤ ਹੋਈ। ਇਹ ਕੁੜੀ ਦਲੇਰ ਸੀ ਜੋ ਬੋਲ ਪਈ, ਸੈਂਕੜੇ ਹੋਰ ਨੇ ਜਿੰਨਾ ਨੇ ਮੂੰਹ ਨਹੀਂ ਖੋਲ੍ਹੇ। ਉਸ ਨੇ ਕਿਹਾ ਕਿ ਮੈਂ ਬੋਲ ਰਹੀ ਹਾਂ ਤਾਂ ਜੋ ਹੋਰ ਕੁੜੀਆਂ ਨੂੰ ਇਹ ਨਾ ਸਹਿਣਾ ਪਵੇ। ਪਰ ਇਹ ਗੱਲ ਸਿਰਫ਼ ਮੇਰੇ ਨਾਲ ਨਹੀਂ ਹੋਈ।

ਇਸ ਕੇਸ ਵਿਚ ਮਾਈਨਰ ਵਿਕਟਮ ਦੇ ਤੌਰ ’ਤੇ ਸ਼ਾਮਿਲ ਇਕ ਹੋਰ ਗਵਾਹ ਮਰੀਨਾ ਲਾਸਰੇਦਾ (Marina Lacerda) ਦੇ ਬਿਆਨ ਵੀ ਰੌਂਗਟੇ ਖੜ੍ਹੇ ਕਰਨ ਵਾਲੇ ਹਨ। ਮਰੀਨਾ ਲਾਸੇਰਦਾ ਹੁਣ 37 ਸਾਲ ਦੀ ਹੈ ਪਰ ਉਸ ਨਾਲ ਐਪਸਟੀਨ ਨੇ ਜਿਸ ਸਮੇਂ ਰੇਪ ਕੀਤਾ ਤਦ ਉਹ ਸਿਰਫ਼ 14 ਸਾਲ ਦੀ ਸੀ। ਇਸ ਲਈ ਉਹ ਵਾਰ ਵਾਰ ਕਹਿੰਦੀ ਹੈ ਕਿ ਇਸ ਦਰਿੰਦਗੀ ਨੂੰ ਕਿਸੇ ਪ੍ਰੌੜ੍ਹ ਔਰਤ ਦੇ ਖਿਲਾਫ਼ ਕੀਤੀ ਦਰਿੰਦਗੀ ਦੇ ਰੂਪ ਵਿਚ ਨਾ ਸਮਝਿਆ ਜਾਵੇ ਬਲਕਿ ਇਕ 14 ਸਾਲ ਦੀ ਕੁੜੀ (ਜੋ ਤੁਹਾਡੀ ਆਪਣੀ ਬੱਚੀ ਵੀ ਹੋ ਸਕਦੀ ਸੀ) ਵਜੋਂ ਲਿਆ ਜਾਵੇ।

2005 ਵਿਚ ਐਪਸਟੀਨ ਜੈਫ਼ਰੀ ’ਤੇ ਪਹਿਲੀ ਵਾਰ ਪਰਚਾ ਹੋਇਆ ਅਤੇ 2008 ਵਿਚ ਸਿਰਫ਼ 18 ਮਹੀਨਿਆਂ ਦੀ ਸੰਕੇਤਕ ਜੇਲ੍ਹ ਹੋਈ ਜਿਸ ਦੌਰਾਨ ਉਹ ਸਿਰਫ਼ ਰਾਤ ਨੂੰ ਸੌਣ ਲਈ ਹੀ ਜੇਲ੍ਹ ਵਿਚ ਜਾਂਦਾ ਸੀ। ਫਿਰ 2019 ਵਿਚ ਵੱਡੇ ਰੈਕਟ ਦੇ ਸੂਤਰਧਾਰ ਦੇ ਰੂਪ ਵਿਚ ਮੁੜ ਗ੍ਰਿਫ਼ਤਾਰੀ ਹੋਈ ਅਤੇ ਕੁਝ ਸਮੇਂ ਬਾਅਦ ਜੇਲ੍ਹ ਵਿਚ ਹੀ ਉਸਦੀ ‘ਰੱਹਸਮਈ ਮੌਤ’ ਹੋ ਗਈ।

ਅਸਲ ਵਿਚ ਦੌਲਤ, ਹਵਸ ਅਤੇ ਸੱਤਾ ਜਦ ਮਿਲਦੇ ਹਨ ਤਾਂ ਕੋਈ ਰਾਖਸ਼ ਪੈਦਾ ਹੁੰਦਾ ਹੈ, ਫਿਰ ਉਸ ਰਾਖਸ਼ ਦੇ ਪਰਛਾਵੇਂ ਹੇਠ ਅਨੇਕ ਨਿੱਕੇ-ਵੱਡੇ ਰਾਖਸ਼ ਪੈਦਾ ਹੋ ਜਾਂਦੇ ਹਨ ਜੋ ਵੱਡੇ ਰਾਖਸ਼ ਦੇ ਘਨੇੜੇ ਚੜ੍ਹ ਕੇ ਐਸ਼ ਕਰਦੇ ਹਨ। ਫਿਰ ਜਦ ਇਸ ਵੱਡੇ ਰਾਖਸ਼ ਦਾ ਪਾਜ ਖੁੱਲ੍ਹ ਜਾਂਦਾ ਹੈ ਤਾਂ ਇਹ ਨਿੱਕੇ-ਵੱਡੇ ਰਾਖਸ਼ ਉਸ ਦੀ ਪਿੱਠ ਪਿੱਛੇ ਆਪਣਾ ਮੂੰਹ ਛੁਪਾ ਲੈਂਦੇ ਹਨ ਅਤੇ ਸਾਰਾ ਦੋਸ਼ ਉਸ ਰਾਖਸ਼ ਤੇ ਫੋਕਸ ਕਰਕੇ ਆਪਣੇ ਆਪ ਨੂੰ ਬਰੀ ਕਰ ਲੈਂਦੇ ਹਨ ਅਤੇ ਫਿਰ ਇਕ ਦਿਨ ਇਹ ਜਾਣਕਾਰੀ ਮਿਲਦੀ ਹੈ ਕਿ ‘ਫਲਾਂ ਬੰਦੇ’ ਦੀ ਜੇਲ੍ਹ ਵਿਚ ਮੌਤ ਹੋ ਗਈ ਅਤੇ ਫਿਰ ਪਰਦਾਪੋਸ਼ੀ ਦਾ ਇਕ ਲੰਮਾਂ ਦੌਰ ਚਲਦਾ ਹੈ।

**ਪਰੀ ਕਥਾਵਾਂ ਦਾ ਦਿਓ**

ਨਿੱਕੇ ਹੁੰਦੇ ਜਦ ਦਾਦੀਆਂ-ਨਾਨੀਆਂ ਤੋਂ ਕਹਾਣੀ ਸੁਣਦੇ ਹੁੰਦੇ ਸਾਂ ਕਿ ਇਕ ਦਿਉ ਹੁੰਦਾ ਸੀ ਤੇ ਇਕ ਡੈਣ ਹੁੰਦੀ ਸੀ ਤਾਂ ਉਹਨਾਂ ਦੀ ਭਿਆਨਕ ਕਲਪਨਾ ਹੀ ਝਰਨਾਹਟ ਛੇੜ ਦਿੰਦੀ ਸੀ। ਅੱਜ ਦੀਆਂ ਇਹ ਐਪਸਟੀਨ ਫਾਈਲਾਂ ਪਰੀ-ਕਥਾਵਾਂ ਦਾ ਆਧੁਨਿਕ ਰੂਪ ਹੈ। ਅਨੇਕਾਂ ਬਾਲ-ਪਰੀਆਂ ਇਕ ਦਿਓ ਅਤੇ ਡੈਣ ਦੀ ਦਰਿੰਦਗੀ ਦਾ ਸ਼ਿਕਾਰ ਹੋ ਚੁੱਕੀਆਂ ਹਨ। ਦਿਓ ਹੈ ਐਪਸਟੀਨ ਅਤੇ ਡੈਣ ਹੈ ਉਸ ਦੀ ਸ਼ਾਤਿਰ ਸਹੇਲੀ ਗਿਸਲੇਨ ਮੈਕਸਵੈਲ।

- ਗਿਸਲੇਨ ਮੈਕਸਵੈਲ-ਇੱਕ ਐਸੀ ਔਰਤ ਸੀ, ਜਿਸਨੂੰ ਵੱਡੇ ਲੋਕਾਂ ਨਾਲ ਦੋਸਤੀ ਕਰਨੀ, ਉਹਨਾਂ ਨੂੰ ਮੂਰਖ ਬਣਾ ਕੇ ਠੱਗਣਾ ਬਹੁਤ ਚੰਗੀ ਤਰ੍ਹਾਂ ਆਉਂਦਾ ਸੀ।
- ਉਸਦੇ ਦਿਮਾਗ ਵਿੱਚ ਬਚਪਨ ਤੋਂ ਹੀ ਇਹ ਗੱਲ ਬੈਠ ਗਈ ਸੀ ਕਿ ਮਰਦਾਂ ਨੂੰ ਖੁਸ਼ ਰੱਖੋ ਅਤੇ ਬਦਲੇ ਵਿੱਚ ਜੋ ਮਰਜ਼ੀ ਲੈ ਲਓ। ਉਹ ਇਸੀ ਸਿਧਾਂਤ ‘ਤੇ ਚਲਦੀ ਰਹੀ ਅਤੇ ਅੱਗੇ ਵਧਦੀ ਗਈ।
- ਪਹਿਲਾਂ ਉਸਨੇ ਐਪਸਟੀਨ ਨਾਲ ਦੋਸਤੀ ਕੀਤੀ, ਫਿਰ ਪਿਆਰ ਕੀਤਾ ਅਤੇ ਫਿਰ ਉਸਦੇ ਨਾਲ ਮਿਲ ਕੇ ਜਿਣਸੀ ਅਪਰਾਧ ਅਤੇ ਮਨੁੱਖੀ ਤਸਕਰੀ ਦਾ ਗਲੋਬਲੀ ਧੰਦਾ ਸ਼ੁਰੂ ਕਰ ਦਿੱਤਾ।
- ਸਭ ਤੋਂ ਪਹਿਲਾਂ ਉਹ ਗਰੀਬ ਘਰਾਂ ਦੀਆਂ ਕੁੜੀਆਂ ਨਾਲ ਦੋਸਤੀ ਕਰਦੀ, ਉਹਨਾਂ ਦੀ ਮਦਦ ਕਰਦੀ, ਉਹਨਾਂ ਨਾਲ ਪਿਆਰ ਦਾ ਨਾਟਕ ਕਰਦੀ ਅਤੇ ਫਿਰ ਉਹਨਾਂ ਨੂੰ ਜਿਣਸੀ ਧੰਦੇ ਵੱਲ ਧੱਕ ਦਿੰਦੀ।
- ਕਿੰਨਾਂ ਹਿੰਸਕ ਅਤੇ ਨਿਰਦਈ ਦਿਮਾਗ਼ ਹੋਵੇਗਾ ਦੋਹਾਂ ਦਾ! ਉਹਨਾਂ ਦੇ ਟਾਪੂ ‘ਤੇ ਹਰ ਥਾਂ ਲੁਕੇ ਹੋਏ ਕੈਮਰੇ ਲੱਗੇ ਹੋਏ ਸਨ, ਜਿੱਥੇ ਹਰ ਮਹਿਮਾਨ ਦੀ ਵੀਡੀਓ ਅਤੇ ਤਸਵੀਰ ਕੈਦ ਕਰ ਲਈ ਜਾਂਦੀ ਸੀ। ਸ਼ਾਇਦ ਉਹਨਾਂ ਵੀਡੀਓਜ਼ ਅਤੇ ਤਸਵੀਰਾਂ ਰਾਹੀਂ ਵੱਡੇ-ਵੱਡੇ ਨੇਤਾਵਾਂ, ਉਦਯੋਗਪਤੀਆਂ, ਵਿਗਿਆਨੀਆਂ ਅਤੇ ਫ਼ਿਲਮ ਸਟਾਰਾਂ ਨੂੰ ਬਲੈਕਮੇਲ ਕੀਤਾ ਜਾਂਦਾ ਹੋਵੇ।

ਇਹ ਦਿਲ ਕੰਬਾਊ ਕਹਾਣੀ ਸਾਨੂੰ ਇੱਕ ਕੌੜਾ ਸੱਚ ਸਿਖਾਉਂਦੀ ਹੈ ਕਿ ਜਦੋਂ ਤਾਕਤ ਤੇ ਹਵਸ ਨੂੰ ਇਨਸਾਨੀਅਤ ਤੋਂ ਉੱਪਰ ਰੱਖ ਦਿੱਤਾ ਜਾਂਦਾ ਹੈ, ਉਹ ਬੇਕਾਬੂ ਹੋ ਜਾਂਦੀ ਹੈ। ਐਪਸਟੀਨ ਤੇ ਗਿਸਲੇਨ ਸਿਰਫ਼ ਆਦਮੀ ਨਹੀਂ ਸਨ, ਬਲਕਿ ਉਹ ਉਸ ਨਾਮੁਰਾਦ ਮਾਫੀਏ ਦਾ ਚਿਹਰਾ ਸਨ ਜਿੱਥੇ ਪੈਸਾ, ਰੁਤਬਾ ਅਤੇ ਪਹਿਚਾਣ ਮਿਲ ਕੇ ਸੱਚ ਦੀ ਸੰਘੀ ਨੱਪ ਦਿੰਦੇ ਹਨ।

ਐਪਸਟੀਨ ਦੇ ਕਈ ਚਿਹਰੇ ਸਨ। ਕੋਈ ਚਿਹਰਾ ਦਾਨੀ ਦਾ ਸੀ, ਕੋਈ ਵਿਗਿਆਨੀ ਦਾ ਸੀ, ਕੋਈ ਵਪਾਰ ਦਾ ਸੀ ਤੇ ਕੋਈ ਕਾਰੋਬਾਰ ਦਾ ਸੀ, ਕੋਈ ਰਿਸ਼ਤਿਆਂ ਦਾ ਸੀ ਤੇ ਕੋਈ ਸੱਤਾ ਦਾ ਸੀ। ਉਸ ਦੇ ਇਹਨਾਂ ਚਿਹਰਿਆਂ ਕਾਰਨ ਹੀ ਕਈ ਸਿਆਣੇ ਬੰਦੇ ਵੀ ‘ਨਿਆਣਪਾਂ’ ਦਾ ਸ਼ਿਕਾਰ ਹੋਏ ਤੇ ਉਹ ਅੱਜ ਨਿਰੰਤਰ ਮੁਆਫੀਆਂ ਮੰਗ ਰਹੇ ਹਨ। ਉਪਰੋਕਤ ਪ੍ਰਸੰਗ ਵਿਚ ਇਹ ਧਿਆਨ ’ਚ ਰੱਖਣਾ ਬਣਦਾ ਹੈ ਕਿ ਕਿਸੇ ਵੀ ਫਾਇਲ/ਕੇਸ ’ਚ ਨਾਮ ਆਉਣ ਦਾ ਇਹ ਮਤਲਬ ਨਹੀਂ ਕਿ ਉਹ ਵਿਅਕਤੀ ਦੋਸ਼ੀ/ਗਲਤ ਹੈ। ਇਸ ਸ਼ਖ਼ਸ ਦੇ ਜਿੰਨੇ

ਪਾਸਾਰ ਸਨ ਤੇ ਹਰ ਪਾਸਾਰ ਵਿਚ ਉਸ ਨੇ ਸੈਂਕੜੇ ਲੋਕਾਂ ਨੂੰ ਸ਼ਾਮਿਲ ਕੀਤਾ ਹੋਇਆ ਸੀ, ਉਸ ਸੰਦਰਭ ਵਿਚ ਕੋਈ ਵੀ ਬੰਦਾ ਭੁਲੇਖਾ ਖਾ ਸਕਦਾ ਹੈ ਅਤੇ ਉਹ ਆਪਣੇ 'ਜਾਇਜ਼' ਕੰਮਾਂ ਦੇ ਪ੍ਰਸਾਰ ਲਈ ਇਸ 'ਨਜ਼ਾਇਜ਼' ਦੁਨੀਆ ਦਾ ਹਿੱਸਾ ਬਣ ਸਕਦਾ ਹੈ। ਇਸ ਲਈ ਬਿਨਾਂ ਕਿਸੇ ਤਸਦੀਕ ਦੇ ਇਲਜ਼ਾਮਤਰਾਸ਼ੀ ਕਰਨ ਤੋਂ ਪਹਿਲਾਂ ਇਹ ਵੀ ਦੇਖਣਾ-ਪਰਖਣਾ ਪਵੇਗਾ ਕਿ ਕਿਸੇ ਬੰਦੇ ਦਾ ਨਾਮ ਕਿਸ ਸੰਦਰਭ ਨਾਲ ਆਇਆ ਹੈ। ਇਹ ਵੀ ਸਮਝਣਾ ਜ਼ਰੂਰੀ ਹੈ ਕਿ ਐਪਸਟੀਨ ਫਾਇਲਾਂ ਕੇਵਲ ਸੈਕਸ/ਯੌਨ ਸ਼ੋਸ਼ਣ ਨਾਲ ਹੀ ਸੰਬੰਧਤ ਨਹੀਂ ਹਨ, ਸਗੋਂ ਐਪਸਟੀਨ ਦੇ ਪਾਵਰਫੁੱਲ ਇਨਸਾਨ ਹੋਣ ਦੇ ਕਾਰਨ ਕਈ ਹੋਰ ਮਸਲਿਆਂ ਨਾਲ ਵੀ ਸਬੰਧਤ ਹਨ।ਸੋ ਇਹ ਮਸਲਾ ਵਿਵੇਕ ਤੋਂ ਕੰਮ ਲੈਣ ਵਾਲਾ ਹੈ। ਵਿਸ਼ਵ ਪ੍ਰਸਿੱਧ ਚਿੰਤਕ ਨੋਆਮ ਚੌਮਸਕੀ ਦੀ ਪਤਨੀ ਦਾ ਇਹ ਬਿਆਨ ਦੱਸਦਾ ਹੈ ਕਿ ਅਜਿਹੇ ਲੋਕ ਕਿੰਨੇ ਸ਼ਾਤਿਰ ਹੁੰਦੇ ਹਨ ਜਿਹੜੇ ਨਾਮੀ-ਗਿਰਾਮੀ ਵਿਅਕਤੀਆਂ ਨਾਲ ਸਬੰਧ ਦਿਖਾ ਕੇ ਸ਼ਰਾਫ਼ਤ ਦਾ ਸਰਟੀਫਿਕੇਟ ਪ੍ਰਾਪਤ ਕਰ ਲੈਂਦੇ ਹਨ ਅਤੇ ਕੂੜ ਦੇ ਵਪਾਰ ਦੀ ਉਮਰ ਲੰਮੀ ਕਰ ਲੈਂਦੇ ਹਨ। ਨੋਆਮ ਚੌਮਸਕੀ ਦੀ ਪਤਨੀ ਕਹਿ ਰਹੀ ਹੈ :

"ਜਦੋਂ ਸਾਨੂੰ ਐਪਸਟੀਨ ਨਾਲ ਪਰਿਚਿਤ ਕਰਵਾਇਆ ਗਿਆ, ਉਸ ਨੇ ਆਪਣੇ ਆਪ ਨੂੰ ਵਿਗਿਆਨ ਦੇ ਉਦਾਰਵਾਦੀ ਅਤੇ ਵਿੱਤੀ ਮਾਹਰ ਵਜੋਂ ਪੇਸ਼ ਕੀਤਾ। ਇਸ ਤਰ੍ਹਾਂ ਪੇਸ਼ ਕਰਕੇ ਐਪਸਟੀਨ ਨੇ ਨੋਆਮ ਦਾ ਧਿਆਨ ਖਿੱਚਿਆ ਅਤੇ ਉਹਨਾਂ ਵਿਚਕਾਰ ਪੱਤਰ-ਵਿਹਾਰ ਸ਼ੁਰੂ ਹੋ ਗਿਆ। ਅਣਜਾਣੇ ਵਿੱਚ ਅਸੀਂ ਇੱਕ ਟ੍ਰੋਜਨ ਹਾਰਸ ਦਾ ਦਰਵਾਜ਼ਾ ਖੋਲ੍ਹ ਲਿਆ।

ਐਪਸਟੀਨ ਨੇ ਨੋਆਮ ਨੂੰ ਘੇਰਨਾ ਸ਼ੁਰੂ ਕਰ ਦਿੱਤਾ, ਤੋਹਫ਼ੇ ਭੇਜੇ ਅਤੇ ਨੋਆਮ ਦੇ ਵਿਆਪਕ ਕੰਮ ਵਾਲੇ ਖੇਤਰਾਂ ਵਿੱਚ ਦਿਲਚਸਪ ਚਰਚਾਵਾਂ ਲਈ ਮੌਕੇ ਪੈਦਾ ਕੀਤੇ। ਸਾਨੂੰ ਅਫ਼ਸੋਸ ਆ ਕਿ ਅਸੀਂ ਇਸ ਨੂੰ ਸਾਨੂੰ ਫਸਾਉਣ ਅਤੇ ਨੋਆਮ ਨੂੰ ਨੁਕਸਾਨ ਪਹੁੰਚਾਉਣ ਦੀ ਰਣਨੀਤੀ ਵਜੋਂ ਨਹੀਂ ਸਮਝ ਸਕੇ।"

ਕੁਝ ਮੀਡੀਆ ਰਿਪੋਰਟਾਂ ਅਤੇ ਗਵਾਹੀਆਂ ਮੁਤਾਬਕ Jeffrey Epstein ਅਕਸਰ ਕਹਿੰਦਾ ਸੀ ਕਿ ਉਹ ਆਪਣੇ ਡੀ.ਐਨ.ਏ. ਦੇ ਆਧਾਰ 'ਤੇ ਇੱਕ "ਸੁਪੀਰੀਅਰ ਹਿਊਮਨ ਰੇਸ" ਤਿਆਰ ਕਰਨਾ ਚਾਹੁੰਦਾ ਹੈ। ਉਸ ਨੇ ਮਨੁੱਖੀ-ਨਸਲ ਸੁਧਾਰ (eugenics) ਨਾਲ ਜੁੜੀਆਂ ਬਹੁਤ ਹੀ ਵਿਵਾਦਿਤ ਅਤੇ ਚਿੰਤਾਜਨਕ ਗੱਲਾਂ ਕੀਤੀਆਂ ਸਨ। ਉਸ ਦਾ ਦਾਅਵਾ ਸੀ ਕਿ ਉਸ ਦਾ ਡੀ. ਐਨ. ਏ. ਬਹੁਤ ਉੱਤਮ ਹੈ ਅਤੇ ਉਹ ਬਨਾਵਟੀ ਗਰਭਧਾਰਨ (Artificial Insemination) ਰਾਹੀਂ ਇੱਕ ਤਰ੍ਹਾਂ ਦੀ 'ਬੇਬੀ ਫੈਕਟਰੀ' ਵਿਕਸਿਤ ਕਰਨੀ ਚਾਹੁੰਦਾ ਸੀ ਜਿਸ ਦੇ ਤਹਿਤ ਉਹ ਇੱਕ ਹੀ ਸਮੇਂ ਕਈ ਔਰਤਾਂ ਨੂੰ ਗਰਭਵਤੀ ਕਰਕੇ ਸੈਂਕੜੇ ਬੱਚੇ ਪੈਦਾ ਕਰਨਾ ਚਾਹੁੰਦਾ ਸੀ।

ਆਪਣੇ ਇਸ 'ਸੁੱਪਰ ਥੌਟ' ਕਰਕੇ ਹੀ ਉਹ ਅਕਸਰ ਪ੍ਰਸਿੱਧ ਵਿਗਿਆਨੀਆਂ ਅਤੇ ਅਕਾਦਮਿਕ ਲੋਕਾਂ ਨੂੰ ਨਿੱਜੀ ਮਿਲਣੀਆਂ ਲਈ ਬੁਲਾਉਂਦਾ ਰਹਿੰਦਾ ਸੀ ਅਤੇ ਉਨ੍ਹਾਂ ਨਾਲ ਮਨੁੱਖੀ ਬੁੱਧੀ, ਜੀਨ ਅਤੇ ਭਵਿੱਖੀ ਮਨੁੱਖ ਬਾਰੇ ਗੱਲਾਂ ਕਰਦਾ ਸੀ। ਉਸ ਦਾ ਇਹ ਵਿਵਾਦਿਤ ਸਿਧਾਂਤਾਂ ਨਾਜ਼ੀ ਦੌਰ ਦੀ ਅਮਾਨਵੀ ਸੋਚ ਨਾਲ ਮਿਲਦਾ ਜੁਲਦਾ ਸੀ।

**ਐਪਸਟੀਨ ਦਾ ਟਾਪੂ (Little Saint James) ਕਿੱਥੇ ਸੀ?**

ਇਹ ਅਮਰੀਕਾ ਦੇ ਕੈਰੀਬੀਅਨ ਸਾਗਰ ਵਿਚ ਸਥਿਤ ਸੀ। ਇਸ ਆਈਲੈਂਡ ਨੂੰ ਐਪਸਟੀਨ ਨੇ 1998 ਦੇ ਨੇੜੇ-ਤੇੜੇ ਖਰੀਦਿਆ ਸੀ। ਇਸ ਟਾਪੂ ਤੱਕ ਸਿਰਫ਼ ਨਿੱਜੀ ਜਹਾਜ਼ ਰਾਹੀਂ ਹੀ ਪਹੁੰਚਿਆ ਜਾ ਸਕਦਾ ਸੀ। ਇਹ ਇਕਾਂਤ ਹੀ ਇਸਦੀ ਤਾਕਤ ਸੀ ਅਤੇ ਇਹੋ ਹੀ ਸਾਜ਼ਿਸ਼ ਦਾ ਸਭ ਤੋਂ ਵੱਡਾ ਕੇਂਦਰ ਸੀ।

• ਐਪਸਟੀਨ ਦੇ ਇਸ ਜਹਾਜ਼ ਰਾਹੀਂ ਹੀ ਨਾਬਾਲਿਗਾਂ ਨੂੰ ਵਾਰ-ਵਾਰ ਸ਼ੋਸ਼ਣ ਵਾਲੀਆਂ ਥਾਵਾਂ ਤੱਕ ਲਿਜਾਇਆ ਜਾਂਦਾ ਸੀ, ਇਸੇ ਲਈ ਕੌਮਾਂਤਰੀ ਮੀਡੀਆ ਨੇ ਉਸ ਨੂੰ 'ਲੋਲਿਤਾ ਐਕਸਪ੍ਰੈਸ' ਦਾ ਨਾਂ ਦੇ ਦਿੱਤਾ ਹੈ।

ਅਸਲ ਵਿਚ ਲੋਲਿਤਾ (Lolita) ਰੂਸੀ ਲੇਖਕ ਵਲਾਦੀਮੀਰ ਨਾਬੋਕੋਵ ਦੁਆਰਾ ਲਿਖਿਆ ਨਾਵਲ ਹੈ। ਇਹ ਨਾਵਲ ਪੂਰੀ ਦੁਨੀਆ ਵਿਚ ਬੱਚੀਆਂ ਦੇ ਜਿਣਸੀ ਸ਼ੋਸ਼ਣ ਦਾ ਪ੍ਰਤੀਕ ਬਣ ਚੁੱਕਾ।

**ਕੋਈ ਹਰਿਆ ਬੂਟ ਰਹੀਓ ਰੀ...**

ਇਸ ਸਮੁੱਚੇ ਘਿਣਾਉਣੇ ਕਾਂਡ ਦੇ ਸਮਿਆਂ ਵਿਚ ਇਕ ਚਿਹਰਾ ਨਾਇਕ ਬਣ ਕੇ ਉੱਭਰਿਆ ਹੈ। ਉਹ ਹੈ- **ਜੂਲੀ ਕੇ ਬਰਾਊਨ (Julie K. Brown)**। ਇਹ ਔਰਤ 'ਮਿਆਮੀ ਹੈਰਾਲਡ' (Miami Herald) ਨਾਂ ਦੇ ਇਕ ਸਥਾਨਕ ਅਖ਼ਬਾਰ ਦੀ ਰਿਪੋਰਟਰ ਸੀ ਅਤੇ ਇਸ ਦਾ ਨਾਮ ਕਰਾਈਮ ਕਹਾਣੀਆਂ ਦੀ ਰਿਪੋਰਟਰ ਦੇ ਤੌਰ 'ਤੇ ਜਾਣਿਆ ਜਾਂਦਾ ਸੀ, ਇਸ ਰਿਪੋਰਟਰ ਨੇ ਹੀ ਦੁਨੀਆਂ ਦੇ ਇਸ ਹਾਈ-ਪਰੋਫਾਈਲ ਮਾਫੀਆ ਸਾਮਰਾਜ ਨੂੰ ਕਬਰ ਵਿੱਚੋਂ ਕੱਢ ਲਿਆਂਦਾ। 2018 ਵਿੱਚ ਉਸ ਦੀ "Perversion of Justice" ਲੇਖ ਲੜੀ ਨੇ ਜੈਫ਼ਰੀ ਐਪਸਟੀਨ ਨਾਲ ਹੋਈ ਪੁਰਾਣੀ 'ਰਹਿਮਦਿਲ' ਸੌਦੇਬਾਜ਼ੀ ਨੂੰ ਬੇਨਕਾਬ ਕੀਤਾ। ਇਸ ਲੜੀ ਨੇ ਹੀ ਦਰਜਨਾਂ ਪੀੜਤਾਂ ਦੀਆਂ ਦਰਦਨਾਕ ਕਹਾਣੀਆਂ ਦੇ ਪੰਨੇ ਇਕ ਇਕ ਕਰਕੇ ਵਿਸ਼ਵ ਦੇ ਸਾਮ੍ਹਣੇ ਖੋਲ੍ਹੇ ਤੇ ਅਨੇਕ ਚਿਟਕੱਪੜੀਆਂ ਦੇ ਚਿਹਰਿਆਂ ਤੋਂ ਨਕਾਬ ਉਤਾਰ ਦਿੱਤੇ। ਇਸ ਰਿਪੋਰਟਿੰਗ ਕਰਕੇ ਹੀ ਐਪਸਟੀਨ ਕਾਂਡ ਨੇ ਫਿਰ ਤੋਂ ਕੌਮੀ ਤੇ ਅੰਤਰਰਾਸ਼ਟਰੀ ਧਿਆਨ ਖਿੱਚਿਆ

ਅਤੇ ਏਨਾ ਦਬਾਅ ਬਣ ਗਿਆ ਕਿ ਐਪਸਟੀਨ ਨਿਊਯਾਰਕ ਵਿੱਚ ਗ੍ਰਿਫ਼ਤਾਰ ਹੋਇਆ ਅਤੇ ਬਾਅਦ ਵਿਚ ਜੇਲ੍ਹ ਵਿੱਚ ਉਸ ਦੀ ਮੌਤ ਦਾ ਸਮਾਚਾਰ ਮਿਲਿਆ। ਇਹ ਮੌਤ ਹੈ ਜਾਂ ਖ਼ੁਦਕੁਸ਼ੀ ਹੈ ਜਾਂ ਕਤਲ ਹੈ ਜਾਂ ਕੀ ਹੈ? ਇਸ ਸਵਾਲ ਸਮੇਤ ਅਨੇਕ ਸਵਾਲ ਅਜੇ ਜੁਆਬ ਦੀ ਉਡੀਕ ਵਿਚ ਹਨ।

ਇਸ ਕੇਸ ਵਿਚ ਪੀੜਤ ਲਗਭਗ 60 ਔਰਤਾਂ ਦੀ ਪਛਾਣ ਕਰ ਲਈ ਗਈ ਸੀ। ਅੱਠ ਔਰਤਾਂ ਗੱਲ ਕਰਨ ਲਈ ਤਿਆਰ ਹੋਈਆਂ ਅਤੇ ਸਿਰਫ਼ ਚਾਰ ਹੀ ਆਪਣੀ ਪਛਾਣ ਨਾਲ ਸਾਹਮਣੇ ਆਉਣ ਲਈ ਰਾਜ਼ੀ ਹੋਈਆਂ ਹਨ। ਅਮਰੀਕੀ ਨਿਆਂ ਵਿਭਾਗ ਵੱਲੋਂ ਜਾਰੀ ਕੀਤੀਆਂ ਹੁਣ ਤਕ ਦੀਆਂ ਈਮੇਲਾਂ ਤੇ ਫਾਈਲਾਂ ਵਿੱਚੋਂ ਹੁਣ ਤਕ ਬਹੁਤ ਹਾਈ ਪ੍ਰੋਫਾਈਲ ਲੋਕਾਂ ਦੇ ਨਾਂ ਸਾਮ੍ਹਣੇ ਆਏ ਹਨ, ਉਹਨਾਂ ਦੀ ਗਿਣਤੀ ਉਂਝ ਤਾਂ ਹਜ਼ਾਰਾਂ ਵਿਚ ਹੈ ਪਰ ਫਿਰ ਵੀ ਜਿਹੜੇ ਕੁਝ ਰਾਜ ਖੁੱਲ੍ਹੇ ਹਨ ਅਤੇ ਜਨਤਕ ਖੁਲਾਸੇ ਹੋਏ ਹਨ, ਉਨ੍ਹਾਂ ਅਨੁਸਾਰ ਦੁਨੀਆ ਦੇ ਅਤਿ ਅਮੀਰ ਵਿਅਕਤੀ ਜਿਵੇਂ ਬਿੱਲ ਗੇਟਸ, ਐਲਨ ਮਸਕ, ਹਾਵਰਡ ਲੁਟਨਿਕ ਵੱਡੇ ਸਿਆਸਤਦਾਨ ਜਿਵੇਂ ਬ੍ਰਿਟੇਨ ਦੇ ਪੀਟਰ ਮੈਂਡਲਸਨ, ਫਰਾਂਸ ਦੇ ਜੈਕ ਲੈਂਗ, ਨਾਰਵੇ ਦੇ ਸਾਬਕਾ ਪ੍ਰਧਾਨ ਮੰਤਰੀ ਥੌਰਬਜਰਨ ਜੈਗਲੈਂਡ ਅਤੇ ਉਥੋਂ ਦੇ ਕ੍ਰਾਊਨ ਪ੍ਰਿੰਸ ਹਾਕੋਨ, ਬ੍ਰਿਟੇਨ ਦੇ ਪ੍ਰਿੰਸ ਐਂਡਰਿਊ ਵਰਗੀਆਂ ਉੱਘੀਆਂ ਹਸਤੀਆਂ, ਸਭ ਦਾ ਨਾਂ ਐਪਸਟੀਨ ਫਾਈਲਾਂ ਵਿੱਚ ਬੋਲਦਾ ਹੈ।

- ਸਭ ਤੋਂ ਮਹੱਤਵਪੂਰਨ ਨਾਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਹੈ। ਕਿਹਾ ਜਾਂਦਾ ਹੈ ਕਿ ਐਪਸਟੀਨ ਫਾਈਲਾਂ ਵਿੱਚ ਘੱਟੋ-ਘੱਟ 4,500 ਦਸਤਾਵੇਜ਼ ਮਿਲਦੇ ਹਨ ਜਿਨ੍ਹਾਂ ਵਿੱਚ ਟਰੰਪ ਦਾ ਜ਼ਿਕਰ ਹੈ।
- ਇਹਨਾਂ ਫਾਈਲਾਂ ਵਿਚ ਭਾਰਤ ਦੇ ਕੇਂਦਰੀ ਮੰਤਰੀ ਹਰਦੀਪ ਪੁਰੀ, ਵੱਡੇ ਤੇ 'ਚਰਚਿਤ' ਵਪਾਰੀ ਅਨਿਲ ਅੰਬਾਨੀ ਅਤੇ ਇੱਥੋਂ ਤਕ ਕਿ ਪ੍ਰਧਾਨਮੰਤਰੀ ਦੇ ਨਾਂ ਦਾ ਵੀ ਗਾਹੇ ਬਗਾਹੇ ਜ਼ਿਕਰ ਹੋਇਆ ਹੈ। ਇਹ ਸੱਚ ਹੈ ਜਾਂ ਝੂਠ..ਇਹ ਤਾਂ ਭਵਿੱਖ ਵਿਚ ਪਤਾ ਲੱਗੇਗਾ ਪਰ ਸਾਡੇ ਮੁਲਕ ਦੀ ਸਿਆਸਤ ਵਿਚ ਏਨੀ ਨੈਤਿਕਤਾ ਹੁਣ ਨਹੀਂ ਬਚੀ ਕਿ ਅਗਰ ਜੇਕਰ ਕਿਸੇ ਸਿਆਸੀ ਬੰਦੇ ਦਾ ਨਾਂ ਕਿਸੇ ਵੱਡੇ ਕੇਸ ਵਿਚ ਆ ਜਾਵੇ ਤਾਂ ਉਹ ਨੈਤਿਕ ਤੌਰ 'ਤੇ ਉਦੋਂ ਤਕ ਸੱਤਾ ਤੋਂ ਲਾਂਭੇ ਹੋ ਜਾਂਵੇ ਜਦ ਤਕ ਉਸ ਕੇਸ ਦਾ ਫੈਸਲਾ ਨਹੀਂ ਹੋ ਜਾਂਦਾ।
- 21ਵੀ ਸਦੀ ਦੇ ਸਭ ਤੋਂ ਵੱਡੇ ਕੇਸਾਂ ਵਿੱਚੋਂ ਇਕ ਇਸ ਕੇਸ ਵਿਚ ਸਿਰਫ਼ ਇਹ ਮਹੱਤਵਪੂਰਨ ਨਹੀਂ ਕਿ ਕੀ 'ਦਿਖਾਇਆ' ਗਿਆ ਹੈ ਬਲਕਿ ਇਹ ਇਸ ਤੋਂ ਵੀ ਵੱਧ ਮਹੱਤਵਪੂਰਨ ਹੈ ਕਿ ਕੀ 'ਛੁਪਾਇਆ' ਗਿਆ ਹੈ। 'ਅਲ ਜਜ਼ੀਰਾ' ਵਰਗੇ ਵਿਸ਼ਵ ਪ੍ਰਸਿੱਧ ਚੈਨਲ ਦੀ ਰਿਪੋਰਟ ਦੇ ਮੁਤਾਬਕ ਘੱਟੋ-ਘੱਟ 16 ਫਾਈਲਾਂ ਨਿਆਂ ਵਿਭਾਗ (DOJ) ਦੀ ਵੈੱਬਸਾਈਟ ਤੋਂ ਜਾਰੀ ਕਰਨ ਤੋਂ ਬਾਅਦ 'ਗਾਇਬ' ਹੋ ਗਈਆਂ, ਜਿਨ੍ਹਾਂ ਵਿੱਚ ਡੋਨਾਲਡ ਟਰੰਪ ਦੀ ਇੱਕ ਤਸਵੀਰ ਵੀ ਸ਼ਾਮਲ ਸੀ। ਹੋਰ ਵੀ ਬਹੁਤ ਕੁਝ ਅਜਿਹਾ ਹੈ ਜੋ 'ਗੁਪਤਤਾ' ਜਾਂ 'ਨਿਆਂ ਦੀ ਭਾਵਨਾ' ਦਾ ਬਹਾਨਾ ਲਗਾ ਕੇ ਹਾਈ-ਪ੍ਰੋਫਾਈਲ ਦਬਾਵਾਂ ਕਰਕੇ ਜਨਤਕ ਨਹੀਂ ਕੀਤਾ ਗਿਆ। ਕਿਹਾ ਤਾਂ ਇਹ ਵੀ ਜਾਂਦਾ ਹੈ ਕਿ ਡੋਨਾਲਡ ਟਰੰਪ ਦੁਆਰਾ ਈਰਾਨ ਦੇ ਖਿਲਾਫ਼ ਛੇੜੀ ਜੰਗ ਪਿੱਛੇ ਵੀ ਐਪਸਟੀਨ ਦੇ ਇਸ 'ਭੂਤ' ਦਾ ਖਾਸਾ ਵੱਡਾ ਹੱਥ ਹੈ। ਜੇਕਰ ਇਹ ਜੰਗ ਨਾ ਹੁੰਦੀ ਤਾਂ ਸ਼ਾਇਦ ਅਮਰੀਕਾ ਦੇ ਘਰੇਲੂ ਸਿਆਸਤ ਨੂੰ ਹੁਣ ਤਕ 'ਐਪਸਟੀਨ ਭੂਚਾਲ' ਦੇ ਕਈ 'ਛੋਟੇ-ਵੱਡੇ ਝਟਕੇ' ਲੱਗੇ ਹੁੰਦੇ।

ਅਜੇ 35 ਲੱਖ ਫਾਈਲਾਂ ਰਾਹੀਂ ਹੋਰ ਬਹੁਤ ਰਾਜ ਖੁੱਲ੍ਹਣੇ ਹਨ ਅਤੇ ਪੜਤਾਲਾਂ ਹੋਣੀਆਂ ਹਨ। ਫੇਰ ਪਤਾ ਲੱਗੇਗਾ ਕਿ ਪਾਪ ਦੀ ਇਸ ਨਦੀ ਵਿਚ ਕਿਸ ਕਿਸ ਨੇ ਹੱਥ ਧੋਤੇ ਹਨ? ਸੱਤਾ, ਦੌਲਤ ਤੇ ਹਵਸ ਦੇ ਇਸ ਦਰਿੰਦਗੀ ਭਰਪੂਰ ਹਮਾਮ ਵਿਚ ਕੌਣ ਕੌਣ ਨੰਗੇ ਹਨ? ਹੋ ਸਕਦਾ ਹੈ ਕਿ ਸਾਰੇ ਨੰਗੇ ਕਿਸੇ ਮਹਾਂ ਨੰਗੇ ਦੀ ਅਗਵਾਈ ਵਿਚ ਇਕੱਠੇ ਹੋ ਜਾਣ ਤੇ ਹਮਾਮ ਦਾ ਨਾਮੋਨਿਸ਼ਾਨ ਮਿਟਾ ਦੇਣ। ਹੋ ਸਕਦਾ ਹੈ ਇਹ ਵੀ ਤੇ ਹੋਰ ਵੀ ਕਈ ਕੁਝ ਸਾਡੇ ਸੋਚਣ ਤੋਂ ਵੀ ਬਾਹਰ ਹੋ ਸਕਦਾ ਹੈ। ਕਿਹਾ ਜਾਂਦਾ ਹੈ ਕਿ ਐਪਸਟੀਨ ਨੇ ਜੇਲ੍ਹ ਵਿਚ ਜਾਣ ਤੋਂ ਬਾਅਦ ਆਪਣੀ ਡਾਇਰੀ ਵਿਚ ਲਿਖਿਆ ਸੀ ਕਿ ਮੁਜ਼ਰਿਮ ਤਾਂ ਉਹ ਵੀ ਨੇ ਜਿਹੜੇ ਮੁਲਕ 'ਤੇ ਰਾਜ ਕਰ ਰਹੇ ਨੇ ਪਰ ਮੈਂ ਸਲਾਖਾਂ ਦੇ ਪਿੱਛੇ ਹਾਂ।

ਇਹ ਮਸਲਾ ਸਿਰਫ਼ ਵਿਅਕਤੀਗਤ ਨਾਵਾਂ ਤੱਕ ਸੀਮਿਤ ਨਹੀਂ ਹੈ। ਇਹ ਕਾਨੂੰਨੀ ਪ੍ਰਣਾਲੀਆਂ ਵਿੱਚ ਪਾਰਦਰਸ਼ਤਾ, ਸੰਵਿਧਾਨਿਕ ਸੰਸਥਾਵਾਂ ਦੀ ਜ਼ਿੰਮੇਂਵਾਰੀ ਅਤੇ ਇਸ ਧਾਰਨਾ ਬਾਰੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ ਕਿ ਕੀ ਦੌਲਤ ਅਤੇ ਰੁਤਬਾ ਲੋਕਾਂ ਨੂੰ ਜਾਂਚ ਤੋਂ ਬਚਾ ਸਕਦੇ ਹਨ?

ਇਸ ਲਈ ਉਪਰੋਕਤ ਸਮੁੱਚੇ ਸੰਦਰਭ ਵਿਚ ਇਹ ਸਮਝਣਾ ਜ਼ਰੂਰੀ ਹੈ ਕਿ ਐਪਸਟੀਨ ਸਕੈਂਡਲ ਕਿਸੇ ਇਕ ਵਿਅਕਤੀ ਦਾ ਕਾਰਨਾਮਾ ਨਹੀਂ ਹੈ, ਨਾ ਕਿਸੇ ਧਰਮ ਦਾ ਹੈ ਤੇ ਨਾ ਪੂਰਬ ਜਾਂ ਪੱਛਮ ਦੇ ਰੂਪ ਵਿਚ ਕਿਸੇ ਇਕ ਖਿੱਤੇ ਦਾ...ਬਲਕਿ ਇਹ ਤਾਕਤ, ਹਵਸ ਅਤੇ ਦੌਲਤ ਵਿਚ ਲਿਪਤ ਦਰਿੰਦਿਆਂ ਦਾ ਸਕੈਂਡਲ ਹੈ। ਸਮੇਂ ਅਤੇ ਸਥਾਨ ਤੋਂ ਪਾਰ ਜਿੱਥੇ ਕਿਤੇ ਵੀ ਦੌਲਤ, ਹਵਸ ਅਤੇ ਸਿਆਸੀ-ਸਮਾਜਕ ਤਾਕਤ ਇਕ ਜਾਂ ਕੁਝ ਹੱਥਾਂ ਵਿਚ ਇੱਕਠੀ ਹੁੰਦੀ ਹੈ, ਉਥੇ ਕਾਨੂੰਨ, ਇਖ਼ਲਾਕ ਅਤੇ ਇਨਸਾਨੀਅਤ ਨੂੰ ਕੂੜੇਦਾਨ ਵਿੱਚ ਸੁੱਟ ਦਿੱਤਾ ਜਾਂਦਾ ਹੈ।

# ਆਪਣਾ ਰਾਹ ਤਲਾਸ਼ਦਿਆਂ

**-ਮਲਾਲਾ ਯੂਸਫ਼ਜ਼ਈ**

ਮਲਾਲਾ ਯੂਸਫਜ਼ਈ ਪਾਕਿਸਤਾਨ ਦੀ ਸਵਾਤ ਘਾਟੀ ਦੇ ਪਿੰਡ ਮੰਗੋਰਾ ਵਿੱਚ 12 ਜੁਲਾਈ 1997 ਨੂੰ ਪੈਦਾ ਹੋਈ। ਤਾਲਿਬਾਨਾਂ ਵੱਲੋਂ ਕੁੜੀਆਂ ਦੇ ਸਕੂਲ ਜਾਣ 'ਤੇ ਲਾਈ ਪਾਬੰਦੀ ਕਾਰਨ ਸਵਾਤ ਘਾਟੀ ਵਿੱਚ ਡਰ ਦਾ ਮਾਹੌਲ ਸੀ। ਜਦੋਂ ਉਹ ਆਪਣੀਆਂ ਸਹੇਲੀਆਂ ਨਾਲ ਸਕੂਲ ਤੋਂ ਵਾਪਸ ਆ ਰਹੀ ਸੀ ਤਾਂ 9 ਅਕਤੂਬਰ 2012 ਨੂੰ ਇੱਕ ਤਾਲਿਬਾਨ ਅਤੰਕੀ ਨੇ ਉਸਦੇ ਸਿਰ ਵਿੱਚ ਗੋਲੀ ਮਾਰੀ। ਪਿਸ਼ਾਵਰ ਦੇ ਹਸਪਤਾਲ ਵਿੱਚ ਮੁਢਲੇ ਆਪਰੇਸ਼ਨ ਤੋਂ ਬਾਅਦ ਉਸ ਨੂੰ ਇੰਗਲੈਂਡ ਲਿਜਾਇਆ ਗਿਆ ਜਿੱਥੇ ਉਸਦੇ ਦਿਮਾਗ ਦੇ ਕਈ ਆਪਰੇਸ਼ਨ ਹੋਏ। ਇੰਗਲੈਂਡ ਤੋਂ ਸਕੂਲ ਦੀ ਪੜ੍ਹਾਈ ਖਤਮ ਕਰਕੇ ਬਾਅਦ ਵਿੱਚ ਦਰਸ਼ਨ ਸ਼ਾਸਤਰ, ਰਾਜਨੀਤੀ ਸ਼ਾਸਤਰ ਅਤੇ ਇਕਨੌਮਿਕਸ ਵਿਸ਼ਿਆਂ ਨਾਲ ਆਕਸਫੋਰਡ ਯੂਨੀਵਰਸਿਟੀ ਤੋਂ ਗ੍ਰੈਜੂਏਸ਼ਨ 2020 ਵਿੱਚ ਪੂਰੀ ਕੀਤੀ। 2013 ਵਿੱਚ ਉਸ ਦੀ ਪਹਿਲੀ ਕਿਤਾਬ ਛਪੀ ਸੀ –"I am Malala" ਅਤੇ ਹੁਣ 2025 ਵਿੱਚ ਉਸ ਦੀ ਦੂਜੀ ਕਿਤਾਬ "Finding my Ways" ਛਪਕੇ ਆਈ ਹੈ। ਪੇਸ਼ ਹਨ ਦੂਜੀ ਕਿਤਾਬ ਵਿਚੋਂ ਕੁਝ ਅੰਸ਼।

"ਜਦੋਂ ਮੈਨੂੰ ਗੋਲੀ ਮਾਰੀ ਗਈ, ਉਸਤੋਂ ਇੱਕ ਹਫ਼ਤੇ ਤੋਂ ਵੀ ਘੱਟ ਸਮਾਂ ਬੀਤਿਆ ਸੀ ਕਿ ਪਾਕਿਸਤਾਨ ਵਿੱਚ ਕੁਝ ਲੋਕਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਇਹ ਹਮਲਾ ਤਾਂ 'ਇੱਕ ਡਰਾਮਾ ਸੀ, ਇੱਕ ਸਾਜਿਸ਼ ਸੀ' ਤਾਂ ਮੈਨੂੰ ਲੱਗਿਆ ਇਹਨਾਂ ਮੂਰਖਤਾਪੂਰਨ ਗੱਲਾਂ 'ਤੇ ਕੌਣ ਯਕੀਨ ਕਰੇਗਾ। ਪਰ ਫਿਰ ਹਜ਼ਾਰਾਂ ਲੋਕ, ਇਥੋਂ ਤੱਕ ਕਿ ਕੁਝ ਰਾਜਨੇਤਾ ਅਤੇ ਪੱਤਰਕਾਰ ਵੀ, ਇਹ ਕਹਿਣ ਲੱਗ ਪਏ ਕਿ ਮੇਰੇ ਪਰਿਵਾਰ ਨੇ ਪੈਸੇ ਅਤੇ ਬ੍ਰਿਟਿਸ਼ ਪਾਸਪੋਰਟ ਲਈ ਨਕਲੀ ਹਮਲਾ ਕਰਵਾ ਕੇ ਸਾਰਾ ਪ੍ਰਪੰਚ ਰਚਿਆ ਹੈ। ਹਾਲਾਂਕਿ ਤਾਲਿਬਾਨ ਨੇ ਇੱਕ ਬਿਆਨ ਜਾਰੀ ਕਰਕੇ ਇਸ ਹਮਲੇ ਦੀ ਜ਼ਿੰਮੇਂਵਾਰੀ ਆਪਣੇ ਸਿਰ ਲੈ ਲਈ ਸੀ। ਪਾਕਿਸਤਾਨ ਅਤੇ ਯੂ.ਕੇ. ਵਿੱਚ ਜਿਨ੍ਹਾਂ ਡਾਕਟਰਾਂ ਨੇ ਮੇਰਾ ਇਲਾਜ ਕੀਤਾ ਸੀ, ਉਨ੍ਹਾਂ ਦੇ ਵੀ ਟੀਵੀ 'ਤੇ ਇੰਟਰਵਿਊ ਹੋਏ। ਪਰ ਇਨ੍ਹਾਂ ਸਾਰੇ ਸਬੂਤਾਂ ਨੇ ਵੀ ਉਹਨਾਂ ਵਧ ਰਹੀਆਂ ਭੀੜਾਂ ਦੇ ਵਿਸ਼ਵਾਸ ਨੂੰ ਭੋਰਾ ਫਰਕ ਨਹੀਂ ਪਾਇਆ, ਜੋ ਮੰਨ ਰਹੀਆਂ ਸਨ ਕਿ ਇਹ ਸਭ ਕੁਝ ਬਣਾਵਟੀ ਸੀ। ਜਦੋਂ ਮੇਰੀ ਮਾਂ ਨੇ ਲੋਕਾਂ ਵੱਲੋਂ ਫੈਲਾਈਆਂ ਜਾ ਰਹੀਆਂ ਝੂਠੀਆਂ ਗੱਲਾਂ ਸੁਣੀਆਂ, ਤਾਂ ਉਹ ਰੋ ਪੈਂਦੀ ਅਤੇ ਕਹਿੰਦੀ, "ਕਾਸ਼ ਉਹ ਸਹੀ ਹੁੰਦੇ। ਕਾਸ਼! ਇਹ ਕਦੇ ਹੋਇਆ ਹੀ ਨਾ ਹੁੰਦਾ।"

ਮੇਰੇ ਨਾਲ ਜੋ ਕੁਝ ਹੋਇਆ ਸੀ, ਉਸ ਨੂੰ ਏਨੇ ਸਾਰੇ ਲੋਕਾਂ ਵੱਲੋਂ ਇੱਕ ਸਾਜ਼ਿਸ਼ ਦੱਸਣਾ ਮੇਰੇ 'ਤੇ ਹੋਏ ਇੱਕ ਹੋਰ ਹਮਲੇ ਵਰਗਾ ਸੀ, ਜਿਸ ਨੇ ਐਸੇ ਜ਼ਖ਼ਮ ਦਿੱਤੇ ਜੋ ਕਦੇ ਠੀਕ ਨਹੀਂ ਹੁੰਦੇ। ਹਸਪਤਾਲ ਤੋਂ ਛੁੱਟੀ ਮਿਲਣ ਤੋਂ ਬਾਅਦ ਮੇਰੀਆਂ ਪਹਿਲੀਆਂ ਮੁਲਾਕਾਤਾਂ ਵਿੱਚ, ਪੱਤਰਕਾਰ ਨੇ ਮੈਨੂੰ ਪੁੱਛਿਆ ਕਿ ਜਿਸ ਆਦਮੀ ਨੇ ਮੈਨੂੰ ਗੋਲੀ ਮਾਰੀ, ਮੈਂ ਉਸਨੂੰ ਕੀ ਕਹਿਣਾ ਚਾਹਾਂਗੀ। ਮੈਂ ਕਿਹਾ ਕਿ ਮੈਂ ਉਸਨੂੰ ਮਾਫ਼ ਕਰਦੀ ਹਾਂ – ਅਤੇ ਇਹ ਸੱਚ ਸੀ। ਪਰ ਉਸ ਰਾਤ, ਆਪਣੀ ਪੰਦਰਾਂ ਸਾਲ ਦੀ ਉਮਰ ਵਿੱਚ, ਆਪਣੀ ਡਾਇਰੀ ਵਿੱਚ ਮੈਂ ਜੋ ਲਿਖਿਆ, ਉਹ ਵੀ ਸੱਚ ਸੀ- ***ਮੈਂ ਉਸਨੂੰ ਕੀ ਕਹਾਂਗੀ? ਕੇਵਲ ਇਹੀ ਕਿ ਅਗਲੀ ਵਾਰ ਮੇਰੇ ਮੱਥੇ ਦੇ ਬਿਲਕੁਲ ਵਿਚਕਾਰ ਨਿਸ਼ਾਨਾ ਲਗਾਈਂ। ਯਕੀਨੀ ਬਣਾਈਂ ਕਿ ਸਭ ਲੋਕ ਵੇਖ ਸਕਣ। ਫਿਰ ਇਹ ਕਹਿਣ ਦੀ ਗੁੰਜਾਇਸ਼ ਨਾ ਰਹੇ ਕਿ ਇਹ ਇੱਕ ਡਰਾਮਾ ਸੀ।***

ਜਿੱਥੇ ਮੇਰੇ 'ਤੇ ਹੋਏ ਹਮਲੇ ਨੂੰ ਕੁਝ ਲੋਕ ਸਾਜ਼ਿਸ਼ ਮੰਨਦੇ ਸਨ, ਕੁਝ ਹੋਰ ਲੋਕ ਮੰਨਦੇ ਸਨ ਕਿ ਹਮਲਾ ਸੱਚਮੁੱਚ ਹੋਇਆ ਸੀ, ਪਰ ਉਹ ਹਮਲੇ ਤੋਂ ਬਾਅਦ ਮੈਨੂੰ ਮਿਲ ਰਹੇ ਇਲਾਜ ਅਤੇ ਤਵੱਜੋਂ ਨੂੰ ਨਫ਼ਰਤ ਕਰਦੇ ਸਨ। ਉਹ ਸੋਸ਼ਲ ਮੀਡੀਆ 'ਤੇ ਵਾਰ-ਵਾਰ ਪੁੱਛਦੇ ਸਨ। ਪੱਛਮੀ ਦੇਸ਼ਾਂ ਨੇ ਸਾਡੀ ਧਰਤੀ 'ਤੇ ਕਬਜ਼ਾ ਕੀਤਾ, ਸਾਡੇ ਲੋਕਾਂ ਨੂੰ ਦਹਾਕਿਆਂ ਲੰਬੀਆਂ ਪ੍ਰੌਕਸੀ ਜੰਗਾਂ ਵਿੱਚ ਪਿਆਦੇ ਵਾਂਗ ਵਰਤਿਆ, ਡਰੋਨ ਹਮਲਿਆਂ ਵਿੱਚ ਬੱਚਿਆਂ ਅਤੇ ਨਾਗਰਿਕਾਂ ਨੂੰ ਮਾਰਿਆ। ਇਹ ਸਭ ਹੋਣ ਤੋਂ ਬਾਅਦ, ਬਹੁਤ ਸਾਰੇ ਪਾਕਿਸਤਾਨੀਆਂ ਨੂੰ ਇਹ ਗੱਲ ਨਾਪਸੰਦ ਸੀ ਕਿ ਅਮਰੀਕਾ ਅਤੇ ਯੂਰਪ ਹੁਣ ਪਾਕਿਸਤਾਨ ਦੇ ਇੱਕ ਪਹਾੜੀ ਕਸਬੇ ਦੀ ਇੱਕ ਅੱਲੜ੍ਹ ਕੁੜੀ ਰਾਹੀਂ ਵੱਡੀ ਪ੍ਰਸ਼ੰਸਾ ਖੱਟਣੀ ਚਾਹੁੰਦੇ ਹਨ। ਪੱਛਮ ਦੇ ਲੋਕਾਂ ਦਾ ਮੇਰੇ ਪ੍ਰਤੀ ਪਿਆਰ ਹੀ ਮੇਰੇ ਆਪਣੇ ਹਮਵਤਨੀਆਂ ਦੇ ਮਨਾਂ ਵਿਚ ਮੇਰੇ ਪ੍ਰਤੀ ਨਫ਼ਰਤ ਪੈਦਾ ਕਰਨ ਲਈ ਕਾਫੀ ਸੀ। ਮੈਨੂੰ ਲੱਗਦਾ ਸੀ ਮੈਂ ਆਪਣੀ ਜ਼ਿੰਦਗੀ ਇਸ ਤਰ੍ਹਾਂ ਜੀ ਰਹੀ ਹਾਂ ਕਿ ਜਿਵੇਂ ਮੇਰੇ ਉੱਤੇ ਮੁਕੱਦਮਾ ਚੱਲ ਰਿਹਾ ਹੋਵੇ ਅਤੇ ਮੈਨੂੰ ਉਹਨਾਂ ਲੋਕਾਂ ਦੇ ਸਾਹਮਣੇ ਆਪਣੀ ਬੇਗੁਨਾਹੀ ਸਾਬਤ ਕਰਨੀ ਪੈ ਰਹੀ ਹੋਵੇ, ਜਿਨ੍ਹਾਂ ਨੇ ਪਹਿਲਾਂ ਹੀ ਮੈਨੂੰ ਦੋਸ਼ੀ ਮੰਨ ਲਿਆ ਸੀ।

ਮੇਰਾ ਆਪਣਾ ਬਚਾਅ ਇਸੇ ਵਿੱਚ ਹੈ ਕਿ ਜਦੋਂ ਵੀ ਮੈਂ ਫ਼ੋਨ ਖੋਲ੍ਹਾਂ ਤਾਂ ਮੇਰੇ ਬਾਰੇ ਆਉਣ ਵਾਲੀਆਂ ਸੈਂਕੜਿਆਂ

ਨਫ਼ਰਤ ਭਰੀਆਂ ਟਿੱਪਣੀਆਂ ਦੇਖ ਕੇ ਬੇਅਸਰ ਰਹਾਂ-ਦੁੱਖ ਨੂੰ ਸੁੰਨ ਕਰਨ ਦੀ ਕੋਸ਼ਿਸ਼ ਕਰਾਂ ਅਤੇ ਆਪਣੇ ਦਿਲ ਦੇ ਆਲੇ ਦੁਆਲੇ ਇੱਕ ਦੀਵਾਰ ਖੜੀ ਕਰ ਲਵਾਂ। ਪਰ ਜਦੋਂ ਲੋਕ ਕਹਿੰਦੇ ਕਿ ਮੈਂ ਪਾਕਿਸਤਾਨ ਦੀਆਂ ਕੁੜੀਆਂ ਲਈ ਕੁਝ ਨਹੀਂ ਕੀਤਾ, ਤਾਂ ਇਹ ਹਮੇਸ਼ਾਂ ਦੁੱਖ ਦਿੰਦਾ ਸੀ। ਗੱਲ ਸਿਰਫ਼ ਇਹ ਨਹੀਂ ਸੀ ਕਿ ਉਹ ਇਸ ਗੱਲ ਨੂੰ ਨਜ਼ਰ-ਅੰਦਾਜ਼ ਕਰਦੇ ਸਨ ਕਿ ਤਾਲਿਬਾਨ ਨੇ ਮੈਨੂੰ ਤਕਰੀਬਨ ਮਾਰ ਹੀ ਦਿੱਤਾ ਸੀ ਜਿਸ ਦੀ ਮੈਨੂੰ ਵੱਡੀ ਕੀਮਤ ਤਾਰਨੀ ਪਈ ਸੀ ਜਾਂ ਬੱਚਿਆਂ ਦੀ ਸਿੱਖਿਆ ਲਈ ਲੜਦਿਆਂ ਗੁਜ਼ਾਰੇ ਸਾਲਾਂ ਨੂੰ ਨਜ਼ਰ-ਅੰਦਾਜ਼ ਕਰਦੇ ਸਨ। ਮੈਨੂੰ ਇਹ ਗੱਲ ਹੋਰ ਵੱਧ ਦੁੱਖ ਦਿੰਦੀ ਸੀ ਜਦੋਂ ਉਹ ਇਸ਼ਾਰਾ ਕਰਦੇ ਸਨ ਕਿ ਜਿਵੇਂ ਮੈਂ ਬਹਾਨਾ ਬਣਾ ਕੇ ਆਪਣਾ ਘਰ ਛੱਡ ਦਿੱਤਾ ਸੀ ਅਤੇ ਮੈਂ ਉਹਨਾਂ ਲੱਖਾਂ ਕੁੜੀਆਂ ਨੂੰ ਭੁੱਲ ਗਈ ਹੋਵਾਂ ਜੋ ਅਜੇ ਵੀ ਸਕੂਲ ਜਾਣ ਲਈ ਸੰਘਰਸ਼ ਕਰ ਰਹੀਆਂ ਹਨ। ਇਹ ਸੱਚਾਈ ਤੋਂ ਕੋਹਾਂ ਦੂਰ ਸੀ।

ਭਾਵੇਂ ਲੋਕ ਕਿੰਨੀ ਵਾਰ ਕਹਿੰਦੇ ਰਹੇ ਕਿ ਮੈਂ ਮਦਦ ਲਈ ਕੁਝ ਨਹੀਂ ਕੀਤਾ, ਪਰ ਮੈਂ ਪਾਕਿਸਤਾਨ ਵਿੱਚ ਆਪਣੇ ਸਭ ਤੋਂ ਵੱਡੇ ਪ੍ਰੋਜੈਕਟ ਬਾਰੇ ਚੁੱਪ ਰਹੀ-ਇਹ ਮੇਰੇ ਦਿਲ ਦੇ ਇੰਨਾ ਨੇੜੇ ਸੀ ਕਿ ਮੈਂ ਨਹੀਂ ਚਾਹੁੰਦੀ ਸੀ ਕਿ ਮੇਰੇ ਆਲੋਚਕ ਇਸਨੂੰ ਨੁਕਸਾਨ ਪਹੁੰਚਾਉਣ। ਜਦੋਂ ਮੈਨੂੰ ਸਤਾਰਾਂ ਸਾਲ ਦੀ ਉਮਰ ਵਿੱਚ ਨੋਬਲ ਇਨਾਮ ਮਿਲਿਆ ਤਾਂ ਮੈਂ ਇਨਾਮ ਦੀ ਰਕਮ ਪਹਾੜਾਂ ਵਿੱਚ ਸਥਿਤ ਦੂਰ ਦਰਾਜ ਸਾਂਗਲਾ ਵਾਦੀ ਦੇ ਪਿੰਡਾਂ ਵਿੱਚ ਜ਼ਮੀਨ ਖਰੀਦਣ ਲਈ ਵਰਤੀ ਜਿੱਥੇ ਮੇਰੇ ਮਾਪੇ ਪਲੇ-ਬੜੇ ਸਨ। ਬਚਪਨ ਵਿੱਚ ਮੈਂ ਹਰ ਈਦ ਦੀਆਂ ਛੁੱਟੀਆਂ ਉੱਥੇ ਆਪਣੀ ਦਾਦੀ ਦੇ ਘਰ ਬਿਤਾਉਂਦੀ ਸੀ। ਅਤੇ ਜਦੋਂ ਮੇਰਾ ਪਰਿਵਾਰ ਮਿੰਗੋਰਾ ਵਿੱਚ ਤਾਲਿਬਾਨ ਤੋਂ ਬਚਣ ਲਈ ਭੱਜਿਆ, ਤਾਂ ਅਸੀਂ ਸ਼ਾਂਗਲਾ ਦੀਆਂ ਪੱਥਰੀਲੀਆਂ ਪਹਾੜੀਆਂ ਵਿੱਚ ਪਨਾਹ ਲਈ ਸੀ।

ਇਹਨਾਂ ਪਿੰਡਾਂ ਦੀਆਂ 83% ਔਰਤਾਂ, ਜਿਨ੍ਹਾਂ ਵਿੱਚ ਮੇਰੀ ਮਾਂ ਅਤੇ ਮਾਸੀਆਂ ਵੀ ਸ਼ਾਮਲ ਹਨ, ਅਨਪੜ੍ਹ ਸਨ। ਬਹੁਤ ਸਾਰੇ ਮਾਪੇ ਆਪਣੀਆਂ ਧੀਆਂ ਨੂੰ ਦੂਜੀ ਜਮਾਤ ਤੋਂ ਬਾਅਦ ਸਕੂਲ ਤੋਂ ਕੱਢ ਲੈਂਦੇ ਸਨ, ਤਾਂ ਜੋ ਉਹ ਰਸੋਈ, ਸਫਾਈ ਅਤੇ ਛੋਟੇ ਬੱਚਿਆਂ ਦੀ ਦੇਖਭਾਲ ਵਿੱਚ ਮਦਦ ਕਰ ਸਕਣ। ਪੂਰੇ ਖੇਤਰ ਵਿੱਚ ਕੁੜੀਆਂ ਲਈ ਇੱਕ ਵੀ ਹਾਈ ਸਕੂਲ ਨਹੀਂ ਸੀ-ਇਸ ਲਈ ਮੈਂ ਇੱਕ ਸਕੂਲ ਬਣਾਉਣ ਦਾ ਫ਼ੈਸਲਾ ਕੀਤਾ।

**ਅਤੇ ਇਕ ਹੋਰ ਦਿਨ-**

ਜਦੋਂ ਮੈਂ ਜਾਗੀ, ਮੇਰਾ ਫ਼ੋਨ ਟਵਿੱਟਰ ਨੋਟੀਫਿਕੇਸ਼ਨਾਂ ਅਤੇ ਵਟਸਐਪ ਮੈਸੇਜਾਂ ਨਾਲ ਭਰਿਆ ਪਿਆ ਸੀ। ਕਿਸੇ ਨੇ ਮੇਰੀ ਤਸਵੀਰ ਖਿੱਚ ਲਈ ਸੀ ਜਦੋਂ ਮੈਂ ਰੋਇੰਗ ਪ੍ਰੈਕਟਿਸ ਤੋਂ ਬਾਅਦ ਹੋਸਟਲ ਵੱਲ ਵਾਪਸ ਜਾ ਰਹੀ ਸੀ ਅਤੇ ਉਸਨੂੰ ਇੱਕ ਮਸ਼ਹੂਰ ਪਾਕਿਸਤਾਨੀ ਫੇਸਬੁੱਕ ਗਰੁੱਪ ‘ਤੇ ਪੋਸਟ ਕਰ ਦਿੱਤਾ ਸੀ। ਉੱਥੋਂ ਇਹ ਹੋਰ ਸੋਸ਼ਲ ਮੀਡੀਆ ਪਲੇਟਫਾਰਮਾਂ ਅਤੇ ਫਿਰ ਉਰਦੂ ਖ਼ਬਰਾਂ ਵਾਲੀਆਂ ਵੈੱਬਸਾਈਟਾਂ ਅਤੇ ਟੀਵੀ ਚੈਨਲਾਂ ਤੱਕ ਫੈਲ ਗਿਆ। ਤਸਵੀਰ ਵਿੱਚ ਮੈਂ ਜੀਨਸ, ਟੀ-ਸ਼ਰਟ ਅਤੇ ਨਾਈਲਾਨ ਬੰਬਰ ਜੈਕਟ ਪਹਿਨੀ ਹੋਈ ਸੀ। ਸਵੇਰ ਦੀ ਹਲਕੀ ਰੌਸ਼ਨੀ ਮੇਰੇ ਸਕਾਫ ’ਤੇ ਪੈ ਰਹੀ ਸੀ।

ਸੈਂਕੜਿਆਂ ਲੋਕਾਂ ਨੂੰ, ਜਿਨ੍ਹਾਂ ਵਿੱਚ ਜ਼ਿਆਦਾਤਰ ਪਾਕਿਸਤਾਨੀ ਮਰਦ ਸਨ, ਸਦਮਾ ਪਹੁੰਚਿਆ ਸੀ ਕਿ ਮੈਂ ਸਲਵਾਰ ਕਮੀਜ਼ ਦੀ ਬਜਾਏ ਜੀਨਸ ਪਹਿਨੀ ਹੋਈ ਸੀ। ਕੁਝ ਟਿੱਪਣੀਆਂ ਵਿੱਚ ਮੈਨੂੰ ਗ਼ੱਦਾਰ ਜਾਂ ਪੋਰਨ ਸਟਾਰ ਕਿਹਾ ਗਿਆ। ਹੋਰਾਂ ਨੇ ਦਾਅਵਾ ਕੀਤਾ ਕਿ ਮੇਰੇ ਕੱਪੜੇ ਇਸ ਗੱਲ ਦਾ ਸੰਕੇਤ ਸਨ ਕਿ ਮੈਂ ਆਪਣੇ ਦੇਸ਼ ਅਤੇ ਧਰਮ ਨੂੰ ਛੱਡ ਦਿੱਤਾ ਹੈ। ਕੁਝ ਨੇ ਲਿਖਿਆ ਕਿ ਇਹ ਸ਼ਰਮਨਾਕ ਹੈ ਕਿ ਮੈਂ ਬਿਨ੍ਹਾਂ ਆਪਣੇ ਪਿਤਾ ਜਾਂ ਭਰਾ ਦੇ ਨਿਗਰਾਨੀ ਦੇ ਇਕੱਲੀ ਸੜਕ ’ਤੇ ਜਾ ਰਹੀ ਸੀ। ...

ਮੇਰਾ ਫ਼ੋਨ ਵੱਜਿਆ ਅਤੇ ਬਿਨਾਂ ਸਕ੍ਰੀਨ ਵੇਖੇ ਹੀ ਮੈਨੂੰ ਪਤਾ ਸੀ ਕਿ ਕੌਣ ਹੋ ਸਕਦਾ ਹੈ। “ਤੂੰ ਉਹ ਕੱਪੜੇ ਕਿਉਂ ਪਹਿਨੇ?” ਮੇਰੀ ਮਾਂ ਨੇ ਗੁੱਸੇ ਨਾਲ ਪੁੱਛਿਆ। “ਸਾਡੇ ਰਿਸ਼ਤੇਦਾਰ ਫ਼ੋਨ ਕਰ ਰਹੇ ਹਨ! ਘਰ ਵਿੱਚ ਹਰ ਕੋਈ ਤੇਰੇ ਬਾਰੇ ਗੱਲ ਕਰ ਰਿਹਾ ਹੈ।”

ਮੇਰੀ ਮਾਂ ਦਾ ਗੁੱਸਾ ਹਮੇਸ਼ਾ ਮੈਨੂੰ ਹਿਲਾ ਦਿੰਦਾ ਸੀ, ਪਰ ਮੈਨੂੰ ਪਤਾ ਸੀ ਕਿ ਮੈਨੂੰ ਆਪਣੇ ਲਈ ਖੜ੍ਹਾ ਹੋਣਾ ਪਵੇਗਾ। ਜੇ ਮੈਂ ਹੁਣ ਝੁਕ ਗਈ, ਤਾਂ ਮੈਨੂੰ ਕਾਲਜ ਦੇ ਤਿੰਨ ਸਾਲਾਂ ਤੱਕ ਵਾਰ-ਵਾਰ ਇਹੀ ਕੁੱਝ ਸਹਿਣ ਕਰਨਾ ਪਵੇਗਾ। ਫਿਰ ਤਾਂ ਇਸ ਨਾਲੋਂ ਚੰਗਾ ਹੈ ਕਿ ਮੈਂ ਵਾਪਸ ਘਰ ਹੀ ਚਲੀ ਜਾਵਾਂ ਅਤੇ ਆਪਣੇ ਮਾਪਿਆਂ ਦੀ ਇੱਛਾ ਮੁਤਾਬਿਕ ਆਪਣੀ ਜ਼ਿੰਦਗੀ ਜਿਉਵਾਂ।

“ਮੈਂ ਰੋਇੰਗ ਕਲੱਬ ਜਾ ਰਹੀ ਸੀ, ਕਿਸੇ ਧਾਰਮਿਕ ਯਾਤਰਾ ’ਤੇ ਨਹੀਂ, ਮਾਂ। ਮੈਂ ਏਥੇ ਆਪਣੇ ਦੇਸ਼ ਜਾਂ ਸਭਿਆਚਾਰ ਦੀ ਨੁਮਾਇੰਦਗੀ ਕਰਨ ਵਾਲੀ ਡਿਪਲੋਮੈਟ ਨਹੀਂ ਹਾਂ। ਮੈਂ ਸਿਰਫ ਇੱਕ ਵਿਦਿਆਰਥਣ ਹਾਂ! ਅਤੇ ਮੈਂ ਆਮ ਜੀਵਨ ਜੀਉਣਾ ਚਾਹੁੰਦੀ ਹਾਂ, ਘੱਟੋ-ਘੱਟ ਜਦ ਤੱਕ ਮੈਂ ਕਾਲਜ ਵਿੱਚ ਹਾਂ।”

ਮੈਂ ਫ਼ੋਨ ਰੱਖ ਦਿੱਤਾ, ਆਪਣੇ ਆਪ ਨੂੰ ਸਹੀ ਸਮਝਦਿਆਂ ਵੀ ਕੁਝ ਨਿਰਾਸ਼ ਮਹਿਸੂਸ ਕਰ ਰਹੀ ਸਾਂ।

ਮੇਰਾ ਫ਼ੋਨ ਲਗਾਤਾਰ ਨੋਟੀਫਿਕੇਸ਼ਨਾਂ ਦੇ ਸੰਦੇਸ਼ ਦਿੰਦਾ ਰਿਹਾ। ਹਜ਼ਾਰਾਂ ਲੋਕਾਂ ਨੇ ਡੇਲੀ ਮੇਲ ਦੀ ਖ਼ਬਰ ਸਾਂਝੀ ਕੀਤੀ: “ਨੋਬਲ

ਇਨਾਮ ਜੇਤੂ ਮਲਾਲਾ ਯੂਸਫਜ਼ਈ ਨੂੰ ਸਕਿਨੀ ਜੀਨਸ ਪਹਿਨਣ ਲਈ ਟਰੋਲ ਕੀਤਾ ਜਾ ਰਿਹਾ ਹੈ।"

ਹਰ ਵਾਰੀ ਜਦੋਂ ਮੈਂ ਭਾਸ਼ਣ ਦਿੰਦੀ ਅਤੇ ਦੁਨੀਆ ਭਰ ਵਿੱਚ ਉਨ੍ਹਾਂ ਲੱਖਾਂ ਕੁੜੀਆਂ ਬਾਰੇ ਗੱਲ ਕਰਦੀ ਜੋ ਸਕੂਲ ਨਹੀਂ ਜਾਂਦੀਆਂ, ਮੇਰੇ ਮਨ ਵਿੱਚ ਉਹੀ ਚਿਹਰੇ ਆ ਜਾਂਦੇ ਸਨ: ਮੇਰੀ ਕਜ਼ਨ, ਜੋ ਇੱਕ ਦਿਨ ਘਰ ਆਈ ਅਤੇ ਪਤਾ ਲੱਗਾ ਕਿ ਉਹ ਮੁੜ ਕਦੇ ਸਕੂਲ ਨਹੀਂ ਜਾ ਸਕੇਗੀ ਕਿਉਂਕਿ ਉਸਦੇ ਪਿਤਾ ਨੇ ਉਸਦੀ ਸ਼ਾਦੀ ਕਰ ਦਿੱਤੀ ਸੀ। ਇੱਕ ਸਹੇਲੀ ਜਿਸਦੇ ਪੰਦਰਾਂ ਸਾਲ ਦੀ ਉਮਰ ਵਿੱਚ ਹੀ ਦੋ ਬੱਚੇ ਹੋ ਗਏ ਸਨ। ਮਿੰਗੋਰਾ ਵਿੱਚ ਮੈਂ ਹਰ ਜਗ੍ਹਾ ਬੱਚਿਆਂ ਨੂੰ ਮਜ਼ਦੂਰੀ ਕਰਦੇ ਵੇਖਿਆ-ਕੁੜੀਆਂ ਜੋ ਘਰ ਸਾਫ਼ ਕਰਦੀਆਂ, ਸੜਕ ਦੇ ਕਿਨਾਰੇ ਸੰਤਰੇ ਵੇਚਦੀਆਂ ਜਾਂ ਕੂੜੇ ਵਿੱਚੋਂ ਲੋਹਾ ਚੁੱਕਦੀਆਂ।

ਇਹਨਾਂ ਕੁੜੀਆਂ ਦੀ ਮਦਦ ਕਰਨ ਲਈ, ਮੈਂ ਕਾਫ਼ੀ ਸਮੇਂ ਤੱਕ ਸਾਰੇ ਨਿਯਮਾਂ ਦੀ ਪਾਲਣਾ ਕਰਨ ਦੀ ਕੋਸ਼ਿਸ਼ ਕੀਤੀ-ਉਹ ਕੱਪੜੇ ਪਹਿਨੇ ਜੋ ਮੇਰੀ ਮਾਂ ਚੁਣਦੀ ਸੀ ਅਤੇ ਉਹੀ ਆਗਿਆਕਾਰੀ ਧੀ ਬਣੀ ਰਹੀ ਜੋ ਪਾਕਿਸਤਾਨੀ ਮਾਪੇ ਚਾਹੁੰਦੇ ਹਨ। ਪਰ ਇਹ ਸੰਤੁਲਨ ਬਣਾਈ ਰੱਖਣਾ ਹੁਣ ਇੱਕ ਜਾਲ ਵਾਂਗ ਲੱਗਣ ਲੱਗ ਪਿਆ ਸੀ। ਮੈਂ ਭਾਵੇਂ ਸਾਰਾ ਦਿਨ ਮੰਚ 'ਤੇ ਖੜ੍ਹ ਕੇ ਮਰਦਾਂ ਦੇ ਜ਼ੁਲਮਾਂ ਦੀ ਨਿੰਦਾ ਕਰ ਸਕਦੀ ਸੀ, ਪਰ ਮੇਰੀਆਂ ਇਹਨਾਂ ਗੱਲਾਂ ਨੇ ਮੀਡੀਆ ਦਾ ਓਨਾਂ ਧਿਆਨ ਨਹੀਂ ਖਿੱਚਿਆ ਸੀ ਜਿੰਨਾ ਹੁਣ ਮੇਰੀ ਜੀਨ ਪਹਿਨਣ ਨੂੰ ਲੈ ਕੇ ਰਿੜਕਿਆ ਜਾ ਰਿਹਾ ਸੀ। ਤਾਂ ਫਿਰ ਮੈਂ ਆਪਣੇ ਆਲੋਚਕਾਂ ਨੂੰ ਖ਼ੁਸ਼ ਕਰਨ ਦੀ ਕੋਸ਼ਿਸ਼ ਕਿਉਂ ਕਰਾਂ?

ਮੈਂ ਜੋ ਪਹਿਨਦੀ ਸੀ, ਉਹ ਇੱਕ ਛੋਟੀ ਬਗਾਵਤ ਸੀ, ਪਰ ਕੱਪੜੇ ਮੇਰੇ ਲਈ ਆਜ਼ਾਦੀ ਅਤੇ ਆਪਣੀ ਪਹਿਚਾਣ ਦਾ ਪ੍ਰਤੀਕ ਸਨ। ਉਹ ਮੈਨੂੰ ਆਤਮ-ਵਿਸ਼ਵਾਸ ਦਿੰਦੇ ਸਨ, ਖ਼ਾਸ ਕਰਕੇ ਆਕਸਫੋਰਡ ਵਿੱਚ। ਜੇ ਮੈਂ ਹਮੇਸ਼ਾਂ ਡਰਦੀ ਰਹਾਂ ਕਿ ਕਿਤੇ ਕੋਈ ਵਾਦ-ਵਿਵਾਦ ਨਾ ਬਣ ਜਾਵੇ, ਤਾਂ ਮੈਂ ਆਮ ਜੀਵਨ ਨਹੀਂ ਜੀ ਸਕਦੀ।

ਮੈਨੂੰ ਪਤਾ ਸੀ ਕਿ ਮੈਨੂੰ ਦਿਨ ਦੇ ਬਾਕੀ ਸਮੇਂ ਲਈ ਆਪਣਾ ਫ਼ੋਨ ਬੰਦ ਕਰ ਦੇਣਾ ਚਾਹੀਦਾ ਹੈ, ਪਰ ਜਿਗਿਆਸਾ ਕਰਕੇ ਮੈਂ ਡੇਲੀ ਮੇਲ ਦੀ ਖ਼ਬਰ ਫਿਰ ਖੋਲ੍ਹ ਲਈ। ਕੁਝ ਲੋਕ ਅਜਿਹੇ ਵੀ ਸਨ ਜੋ ਮੇਰੇ ਸਕਾਫ਼/ਦੁਪੱਟੇ ਦੀ ਵੀ ਆਲੋਚਨਾ ਕਰ ਰਹੇ ਸਨ, ਕਹਿੰਦੇ ਸਨ ਕਿ ਇਹ ਦਬਾਅ ਦਾ ਪ੍ਰਤੀਕ ਹੈ ਅਤੇ ਇਹ ਵੀ ਕਿ ਜਦ ਤੱਕ ਮੈਂ ਆਪਣੀ ਪਹਿਚਾਣ ਅਤੇ ਧਰਮ ਦੇ ਸਾਰੇ ਨਿਸ਼ਾਨ ਮਿਟਾ ਨਹੀਂ ਦਿੰਦੀ, ਮੈਂ ਪੂਰੀ ਤਰ੍ਹਾਂ ਆਜ਼ਾਦ ਨਹੀਂ ਹੋ ਸਕਦੀ। ਇਹ ਵਿਚਾਰ ਵੀ ਮੈਨੂੰ ਹੋਰਾਂ ਵਾਂਗ ਹੀ ਅਸਵੀਕਾਰਯੋਗ ਲੱਗੇ-ਮੈਂ ਆਪਣੇ ਫੈਸਲਿਆਂ ਦੀ ਸਫਾਈ ਨਾ ਤਾਂ ਧਰਮ ਵਿਰੋਧੀ ਲੋਕਾਂ ਨੂੰ ਦੇਣੀ ਸੀ ਅਤੇ ਨਾ ਹੀ ਰਵਾਇਤੀ ਸੋਚ ਵਾਲਿਆਂ ਨੂੰ।

ਮੇਰੇ ਦੁਪੱਟੇ ਮੈਨੂੰ ਆਪਣੇ ਘਰ ਦੀ ਯਾਦ ਦਿਵਾਉਂਦੇ ਸਨ ਅਤੇ ਮੈਨੂੰ ਉਸ ਦੁਨੀਆ ਨਾਲ ਜੋੜਦੇ ਸਨ ਜਿਸਨੂੰ ਮੈਂ ਛੱਡ ਆਈ ਸੀ। ਚਾਹੇ ਨਫ਼ਰਤ ਕਰਨ ਵਾਲੇ ਜਾਂ ਇਸਲਾਮ ਵਿਰੋਧੀ ਲੋਕ ਜੋ ਮਰਜ਼ੀ ਕਹਿੰਦੇ ਰਹਿਣ, ਮੈਂ ਪਾਕਿਸਤਾਨ ਦੀਆਂ ਕੁੜੀਆਂ ਨੂੰ ਇਹ ਦੱਸਣਾ ਚਾਹੁੰਦੀ ਸੀ ਕਿ ਮੈਂ ਉਨ੍ਹਾਂ ਨੂੰ ਨਹੀਂ ਭੁੱਲੀ। ਜੇ ਕੋਈ ਮੇਰੀ ਇਜਾਜ਼ਤ ਤੋਂ ਬਿਨਾਂ ਫੋਟੋ ਖਿੱਚ ਵੀ ਲਵੇ ਤਾਂ ਘੱਟੋ ਘੱਟ ਉਹ ਕੁੜੀਆਂ ਦੇਖ ਸਕਣ ਕਿ ਸਿਰ 'ਤੇ ਸਕਾਫ ਬੰਨ ਕੇ ਵੀ ਕੋਈ ਕੁੜੀ ਆਪਣੀ ਆਜ਼ਾਦੀ ਨਾਲ ਸੜਕਾਂ 'ਤੇ ਘੁੰਮ ਸਕਦੀ ਹੈ, ਕਾਲਜ ਜਾ ਸਕਦੀ ਹੈ ਅਤੇ ਕਿਸ਼ਤੀ ਚਲਾ ਸਕਦੀ ਹੈ।

ਤੇ ਫਿਰ ਆਖਰਕਾਰ ਸਾਲਾਂ ਬਾਅਦ ਮੈਨੂੰ ਆਪਣੇ ਬਣਾਏ ਹੋਏ ਸਕੂਲ ਵਿੱਚ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਮਿਲਣ ਦਾ ਮੌਕਾ ਮਿਲਿਆ, ਖਾਸ ਕਰਕੇ ਉਹਨਾਂ ਕੁੜੀਆਂ ਨਾਲ ਜਿਨ੍ਹਾਂ ਇਸ ਸਕੂਲ ਵਿੱਚੋਂ ਦਸਵੀਂ ਕਰ ਲਈ ਸੀ ਅਤੇ ਹੁਣ ਗ੍ਰੈਜੂਏਸ਼ਨ ਕਰਨ ਵਾਲੀਆਂ ਪਹਿਲੀਆਂ ਕੁੜੀਆਂ ਹੋਣਗੀਆਂ।...ਇਹ ਦੁਰਗਮ ਅਤੇ ਅਣਵਿਕਸਤ ਇਲਾਕੇ ਵਿੱਚ ਇੱਕ ਫੈਲਿਆ ਹੋਇਆ ਤਿੰਨ ਮੰਜ਼ਿਲਾਂ ਵਾਲਾ ਕੰਪਲੈਕਸ ਸੀ। ਇਹ ਇਕ ਹੋਰ ਹੀ ਦੁਨੀਆਂ ਵਿੱਚ ਜਾਣ ਵਰਗਾ ਅਹਿਸਾਸ ਸੀ। ਇਹ ਮੇਰੀ ਕਲਪਨਾ ਨਾਲੋਂ ਵੀ ਵੱਡਾ ਅਤੇ ਜ਼ਿਆਦਾ ਸੁੰਦਰ ਸੀ। ਕੈਂਪਸ ਦੇ ਹਰ ਕੋਨੇ ਵਿੱਚ ਹਰੇ ਚੈੱਕ ਵਾਲੇ ਯੂਨੀਫਾਰਮ ਪਾਈ ਕੁੜੀਆਂ ਕਲਾਸਾਂ ਵੱਲ ਜਾ ਰਹੀਆਂ ਸਨ, ਆਪਣੀਆਂ ਸਹੇਲੀਆਂ ਨੂੰ ਆਵਾਜ਼ਾਂ ਮਾਰ ਰਹੀਆਂ ਸਨ, ਬਾਸਕਟਬਾਲ ਖੇਡ ਰਹੀਆਂ ਸਨ। ਸੱਤ ਸਾਲਾਂ ਬਾਅਦ, ਹੁਣ ਇਸ ਸਕੂਲ ਵਿੱਚ ਸੱਤ ਸੌ ਵਿਦਿਆਰਥੀ ਅਤੇ ਚਾਲੀ ਅਧਿਆਪਕ ਸਨ। ਜਦੋਂ ਮੈਂ ਇਸ ਸਕੂਲ ਨੂੰ ਬਣਾਉਣ ਦੀ ਸ਼ੁਰੂਆਤ ਕੀਤੀ ਸੀ, ਲੋਕਾਂ ਨੇ ਮੈਨੂੰ ਕਿਹਾ ਸੀ ਕਿ ਇਸ ਖੇਤਰ ਦੇ ਮਾਪੇ ਆਪਣੀਆਂ ਧੀਆਂ ਦੀ ਸਿੱਖਿਆ ਦਾ ਸਮਰਥਨ ਨਹੀਂ ਕਰਨਗੇ। ਹੁਣ ਹਾਲਾਤ ਇਹ ਸਨ ਕਿ ਓਨੇ ਡੈਸਕ ਨਹੀਂ ਸਨ ਜਿੰਨੀਆਂ ਅਰਜ਼ੀਆਂ ਆ ਰਹੀਆਂ ਸਨ। ..ਮੇਰੇ ਸਕੂਲੀ ਦੌਰੇ ਦਾ ਆਖਰੀ ਹਿੱਸਾ "ਪਾਇਨੀਅਰ ਬੈਚ" ਨਾਲ ਮੀਟਿੰਗ ਸੀ-ਉਹ ਪੱਚੀ ਕੁੜੀਆਂ ਜੋ ਇਸ ਬਸੰਤ ਰੁੱਤੇ ਗ੍ਰੈਜੂਏਟ ਹੋਣ ਵਾਲੀਆਂ ਸਨ। ਅਸੀਂ ਬਾਹਰ ਲਾਅਨ ਵਿੱਚ ਗੋਲ ਚੱਕਰ ਵਿੱਚ ਬੈਠ ਗਏ, ਅਤੇ ਮੈਂ ਉਹਨਾਂ ਦੇ ਚਿਹਰਿਆਂ ਵੱਲ ਵੇਖਿਆ, ਜੋ ਉਤਸ਼ਾਹ ਨਾਲ ਭਰੇ ਹੋਏ ਸਨ।

**ਅਨੁਵਾਦ-ਜਸਵੰਤ ਮੋਹਾਲੀ**

ਨਜਾਇਜ਼ ਸਬੰਧਾਂ ਕਾਰਨ ਹੋਏ ਕਤਲਾਂ ਦੀ ਆੜ ਵਿੱਚ

# ਔਰਤ ਵਿਰੋਧੀ ਮਾਨਸਿਕਤਾ ਸਿਰਜਣ ਦਾ ਵਿਰੋਧ ਕਰੋ

ਪਿਛਲੇ ਮਹੀਨਿਆਂ ਦੌਰਾਨ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਸੁੱਖਣ ਵਾਲਾ ਅਤੇ ਮੋਗਾ ਜ਼ਿਲ੍ਹੇ ਦੇ ਪਿੰਡ ਪੱਤੋ ਹੀਰਾ ਸਿੰਘ ਵਿਖੇ ਨਜਾਇਜ਼ ਸਬੰਧਾਂ ਕਾਰਨ ਹੋਏ ਦੋ ਕਤਲਾਂ ਦੀ ਆੜ ਵਿੱਚ ਇੱਕ ਗਾਇਕ ਅਤੇ ਕੁਝ ਸੋਸ਼ਲ ਮੀਡੀਆ ਟਿੱਪਣੀਕਾਰਾਂ ਵੱਲੋਂ ਔਰਤ ਵਿਰੋਧੀ ਭਾਵਨਾਵਾਂ ਨੂੰ ਉਕਸਾਇਆ ਜਾ ਰਿਹਾ ਹੈ। ਮਾਰਚ ਮਹੀਨੇ ਵਿੱਚ ਇੱਕ ਗਾਇਕ ਸੁਖਵਿੰਦਰ ਬੋਦਲਾਂਵਾਲਾ ਵੱਲੋਂ ਯੂਟਿਊਬ ਉੱਤੇ ਇੱਕ ਗੀਤ ਪਾਇਆ ਗਿਆ ਹੈ, ਜਿਸ ਦੇ ਬੋਲ ਹਨ:

***ਨੂੰਹ ਨੂੰ ਨੂੰਹ ਦੇ ਥਾਂ ਰੱਖੋ, ਉਹਨੂੰ ਸਿਰ 'ਤੇ ਨਾ ਚਾੜ੍ਹੋ,***
***ਘੋੜੀਆਂ ਥਾਰਾਂ ਤੋਂ ਲਾਹ ਕੇ, ਵਿੱਚ ਚੌਕਿਆਂ ਦੇ ਵਾੜੋ।***
***ਸੱਚ ਸਿਆਣਿਆਂ ਆਖੀਆਂ ਗੱਲਾਂ, ਪਰਖੀਆਂ ਹੁੰਦੀਆਂ ਨੇ,***
***ਇਹੋ ਜਿਹੀਆਂ ਯਾਰੋ ਰੰਨਾਂ, ਪੈਰ ਦੀਆਂ ਜੁੱਤੀਆਂ ਚੰਗੀਆਂ ਨੇ।***

ਫਿਰ ਸਾਰੇ ਗੀਤ ਵਿੱਚ ਇਹ ਲਾਈਨ 'ਪੈਰ ਦੀਆਂ ਜੁੱਤੀਆਂ ਚੰਗੀਆਂ ਨੇ' ਵਾਰ ਵਾਰ ਗਾਈ ਜਾਂਦੀ ਹੈ। ਹੈਰਾਨੀ ਦੀ ਗੱਲ ਹੈ ਕਿ ਔਰਤ ਨੂੰ 'ਪੈਰ ਦੀ ਜੁੱਤੀ' ਸਮਝਣ ਦੀ ਵਕਾਲਤ ਕਰਨ ਵਾਲਾ ਇਹ ਗਾਇਕ, ਦੁਨੀਆ ਦੇ ਵਿਕਸਿਤ ਦੇਸ਼, ਅਮਰੀਕਾ ਵਿੱਚ ਰਹਿ ਰਿਹਾ ਹੈ।

ਸੋਚਣ ਵਾਲੀ ਗੱਲ ਹੈ ਕਿ ਪੰਜਾਬ ਵਿੱਚ ਹਰ ਮਹੀਨੇ ਦਰਜਨਾਂ ਵਾਰਦਾਤਾਂ ਮੁੰਡਿਆਂ ਵੱਲੋਂ ਕੀਤੀਆਂ ਜਾਂਦੀਆਂ ਹਨ। ਉਨ੍ਹਾਂ ਬਾਰੇ ਕਿਸੇ ਨੇ ਇਹ ਕਿਉਂ ਨਹੀਂ ਲਿਖਿਆ ਕਿ ਇਹਨਾਂ ਨੂੰ ਘਰਾਂ ਤੱਕ ਸੀਮਤ ਕਰ ਦੇਣਾ ਚਾਹੀਦਾ ਹੈ। ਸਗੋਂ ਗਾਇਕਾਂ ਵੱਲੋਂ ਉਹਨਾਂ ਦੇ ਮਹਿੰਗੇ ਬੂਟਾਂ, ਬ੍ਰਾਂਡਿਡ ਕੱਪੜਿਆਂ, ਮਹਿੰਗੀਆਂ ਗੱਡੀਆਂ ਅਤੇ ਹਥਿਆਰ ਰੱਖਣ ਨੂੰ ਵਡਿਆਇਆ ਜਾਂਦਾ ਹੈ। ਕੁੜੀਆਂ ਤਾਂ ਚੌਕਿਆਂ ਵਿੱਚੋਂ ਨਿਕਲ ਕੇ ਸਮਾਜ ਵਿੱਚ ਵੱਡੀਆਂ ਪ੍ਰਾਪਤੀਆਂ ਕਰ ਰਹੀਆਂ ਹਨ, ਪੜ੍ਹਾਈ ਲਿਖਾਈ ਵਿੱਚ ਮੁੰਡਿਆਂ ਤੋਂ ਅੱਗੇ ਨਿਕਲ ਗਈਆਂ ਹਨ, ਮਾਪਿਆਂ ਅਤੇ ਪਰਿਵਾਰ ਪ੍ਰਤੀ ਉਹ ਵੱਧ ਸੰਵੇਦਨਸ਼ੀਲ ਹਨ।

ਕੀ ਜਦ ਔਰਤਾਂ ਨੂੰ ਚੁੱਲ੍ਹੇ ਚੌਂਕੇ ਤੱਕ ਸੀਮਤ ਅਤੇ ਪਾਬੰਦੀਆਂ ਹੇਠ ਰੱਖਿਆ ਜਾਂਦਾ ਸੀ, ਉਸ ਵਕਤ ਅਜਿਹੇ ਕਤਲ ਨਹੀਂ ਹੁੰਦੇ ਸਨ? ਸੁੱਚੇ ਸੂਰਮੇ ਵਾਲੀ ਕਥਾ ਵਿੱਚ ਔਰਤ ਪਾਤਰ, ਬਲਬੀਰੋ ਕੀ ਥਾਰਾਂ ਉੱਤੇ ਚੜ੍ਹਦੀ ਸੀ, ਉਹ ਤਾਂ ਔਰਤ ਨੂੰ ਪੈਰ ਦੀ ਜੁੱਤੀ ਸਮਝਣ ਵਾਲੇ ਦੌਰ ਵਿੱਚ ਹੀ ਜਿਉਂ ਰਹੀ ਸੀ, ਚੁੱਲ੍ਹਾ ਚੌਂਕਾ ਵੀ ਕਰਦੀ ਸੀ। ਫਿਰ ਵੀ ਉਹ ਸਾਰਾ ਕੁਝ ਹੋਇਆ, ਜੋ ਇਨ੍ਹਾਂ ਕਤਲਾਂ ਵਿੱਚ ਹੋਇਆ ਹੈ। ਇਹੋ ਜਿਹੇ ਅਨੇਕਾਂ ਕਤਲਾਂ ਦੇ ਕਿੱਸੇ ਹਨ, ਜੋ ਔਰਤ ਉੱਤੇ ਪਾਬੰਦੀਆਂ ਵਾਲੇ ਜਗੀਰੂ ਸਮਾਜ ਵਿੱਚ ਵੀ ਵਾਪਰਦੇ ਸਨ।

ਸੋ ਅਜਿਹੀਆਂ ਦੁਖਦਾਈ ਘਟਨਾਵਾਂ ਦਾ ਹੱਲ, ਔਰਤ ਨੂੰ ਪੈਰ ਦੀ ਜੁੱਤੀ ਸਮਝਣ ਅਤੇ ਚੌਂਕਿਆਂ ਵਿੱਚ ਵਾੜ ਕੇ ਰੱਖਣ ਨਾਲ ਨਹੀਂ ਹੋਣਾ: ਸਗੋਂ ਇਸਦਾ ਹੱਲ ਅਜਿਹਾ ਸਮਾਜ ਅਤੇ ਸਭਿਆਚਾਰ ਸਿਰਜਣ ਵਿੱਚ ਹੈ, ਜਿਸ ਵਿੱਚ ਔਰਤ ਮਰਦ ਦੀ ਸਹੀ ਬਰਾਬਰੀ ਹੋਵੇ, ਵਿਅਕਤੀ ਦੀ ਇੱਜਤ ਉਸ ਦੇ ਚੰਗੇ ਗੁਣਾਂ ਅਤੇ ਸਮਾਜਿਕ ਯੋਗਦਾਨ ਕਰਕੇ ਹੋਵੇ, ਨਾ ਕਿ ਮਹਿੰਗੀਆਂ ਗੱਡੀਆਂ, ਵੱਡੀਆਂ ਕੋਠੀਆਂ ਅਤੇ ਬ੍ਰਾਂਡਿਡ ਕੱਪੜਿਆਂ ਤੋਂ ਹੋਵੇ। ਅਜਿਹੇ ਸਮਾਜ ਵਿੱਚ ਹੀ ਨੌਜਵਾਨ ਮੁੰਡੇ ਕੁੜੀਆਂ ਦੀ ਸ਼ਖਸੀਅਤ ਦਾ ਚੰਗਾ ਵਿਕਾਸ ਹੋਵੇਗਾ ਅਤੇ ਉਹਨਾਂ ਵਿੱਚ ਪਿਆਰ, ਸਨੇਹ ਅਤੇ ਸਤਿਕਾਰ ਦੀਆਂ ਸਹੀ ਭਾਵਨਾਵਾਂ ਪੈਦਾ ਹੋਣਗੀਆਂ।

ਮੌਜੂਦਾ ਸਮਾਜਿਕ ਸੱਭਿਆਚਾਰਕ ਸਮੱਸਿਆਵਾਂ ਦੇ ਹੱਲ ਲਈ ਕੋਈ ਚੰਗਾ ਭਵਿੱਖ-ਨਕਸ਼ਾ ਦੇਣ ਦੀ ਬਜਾਏ, ਅਜਿਹਾ ਬਿਰਤਾਂਤ ਉਸਾਰਿਆ ਜਾ ਰਿਹਾ ਹੈ ਜਿਸ ਵਿੱਚ ਬੀਤ ਚੁੱਕੇ ਜਗੀਰੂ ਸਮਾਜ ਦੀਆਂ ਰੂੜ੍ਹੀਵਾਦੀ ਧਾਰਨਾਵਾਂ ਨੂੰ ਆਦਰਸ਼ਕ ਮੰਨ ਕੇ ਪੇਸ਼ ਕੀਤਾ ਜਾ ਰਿਹਾ ਹੈ। ਸੂਝਵਾਨ ਲੋਕਾਂ ਨੂੰ ਅਜਿਹੇ ਪ੍ਰਾਪੇਗੰਡੇ ਤੋਂ ਸੁਚੇਤ ਹੋਣ ਦੀ ਲੋੜ ਹੈ। ਅਜੋਕੀਆਂ ਸਮੱਸਿਆਵਾਂ ਦੇ ਹੱਲ ਇਤਿਹਾਸ ਵਿੱਚੋਂ ਨਹੀਂ ਲੱਭੇ ਜਾ ਸਕਦੇ। ਇਹਨਾਂ ਦੇ ਹੱਲ ਲਈ ਗਲਤ ਰੁਝਾਨਾਂ ਦੀਆਂ ਜਿੰਮੇਂਵਾਰ ਸ਼ਕਤੀਆਂ ਨੂੰ ਪਛਾਣ ਕੇ, ਅਜੋਕੇ ਦੌਰ ਦੇ ਅਨੁਸਾਰੀ ਨਵੇਂ ਹੱਲ ਲੱਭੇ ਜਾਣ ਦੀ ਲੋੜ ਹੈ।

**ਲੁਧਿਆਣਾ ਇਕਾਈ ਲਈ ਸਹਾਇਤਾ**

1. ਡਾ ਹਰਬੰਸ ਗਰੇਵਾਲ ਦੁੱਗਰੀ ਵੱਲੋਂ ਅਪਣੀ ਜੀਵਨ ਸਾਥਣ ਸਵਰਨ ਕੌਰ ਦੀ ਬਰਸੀ 'ਤੇ = 1000 ਰੁਪਏ
2. ਮਾ. ਸੁਰਜੀਤ ਸਿੰਘ ਵੱਲੋਂ ਆਪਣੇ ਭਰਾ ਨਕਸਲੀ ਸ਼ਹੀਦ ਬਖਸੀਸ਼ ਮੋਰਕਰੀਮਾ ਦੀ ਬਰਸੀ ਮੌਕੇ = 500 ਰੁਪਏ

**ਇਕਾਈ ਰੋਪੜ ਨੂੰ ਸਹਾਇਤਾ**

ਇਕਾਈ ਦੇ ਸਾਬਕਾ ਵਿੱਤ ਵਿਭਾਗ ਮੁਖੀ ਇਕਬਾਲ ਬੇਲਾ ਜੀ ਵੱਲੋਂ ਆਪਣੇ ਸਪੁੱਤਰ ਵਰਿੰਦਰ ਸਿੰਘ ਦੇ ਵਿਆਹ ਦੀ ਖੁਸ਼ੀ ਵਿੱਚ = 5100 ਰੁਪਏ

# ਏ.ਆਈ. ਦੇ ਵਾਤਾਵਰਨ ਉਤੇ ਦੁਰਪ੍ਰਭਾਵ

**ਰਾਜਪਾਲ ਸਿੰਘ**

ਏ.ਆਈ. ਦੀ ਵੱਧ ਰਹੀ ਵਰਤੋਂ ਦੇ ਖਤਰਿਆਂ ਬਾਰੇ ਜਦ ਚਰਚਾ ਹੁੰਦੀ ਹੈ ਤਾਂ ਅਕਸਰ ਇਸ ਤੋਂ ਪੈਦਾ ਹੋਣ ਵਾਲੀ ਬੇਰੁਜ਼ਗਾਰੀ ਦੀ ਗੱਲ ਹੁੰਦੀ ਹੈ, ਬੌਧਿਕ ਕਾਮਿਆਂ ਦੇ ਗੈਰ-ਪ੍ਰਸੰਗਿਕ ਹੋ ਜਾਣ ਦੀ ਗੱਲ ਛਿੜਦੀ ਹੈ ਅਤੇ ਇਸ ਸੰਭਾਵਨਾ ਉੱਤੇ ਬਹਿਸ ਹੁੰਦੀ ਹੈ ਕਿ ਕੀ ਭਵਿੱਖ ਵਿੱਚ ਏ.ਆਈ. ਮਨੁੱਖੀ ਬੁੱਧੀ ਤੋਂ ਅੱਗੇ ਲੰਘ ਜਾਵੇਗੀ ਅਤੇ ਮਨੁੱਖਾਂ ਨੂੰ ਆਪਣਾ ਗੁਲਾਮ ਬਣਾ ਲਵੇਗੀ। ਇਹਨਾਂ ਵਿਸ਼ਿਆਂ ਬਾਰੇ ਵੀ ਅਸੀਂ ਸਮੇਂ ਸਮੇਂ ਚਰਚਾ ਕਰਦੇ ਰਹਾਂਗੇ, ਪਰ ਇਸ ਦੀ ਅੰਨ੍ਹੇਵਾਹ ਵਧ ਰਹੀ ਵਰਤੋਂ ਨਾਲ ਵਾਤਾਵਰਨ ਨੂੰ ਕੀ ਨੁਕਸਾਨ ਹੋਣ ਜਾ ਰਹੇ ਹਨ? ਇਸ ਲੇਖ ਵਿੱਚ ਇਸ ਬਾਰੇ ਕੁਝ ਜਾਣਕਾਰੀ ਸਾਂਝੀ ਕਰ ਰਹੇ ਹਾਂ।

ਇਹ ਸਿਰਲੇਖ ਦੇਖ ਕੇ ਬਹੁਤੇ ਪਾਠਕਾਂ ਦੇ ਮਨ ਵਿੱਚ ਇਹ ਸਵਾਲ ਉਠੇਗਾ ਕਿ ਭਲਾ ਕੰਪਿਊਟਰ ਜਾਂ ਮੋਬਾਈਲ ਦੇ ਉੱਤੇ ਉਂਗਲਾਂ ਮਾਰ ਕੇ ਏ.ਆਈ. ਤੋਂ ਕੁਝ ਪੁੱਛਣ ਦੱਸਣ ਨਾਲ ਵਾਤਾਵਰਨ ਦਾ ਨੁਕਸਾਨ ਕਿਵੇਂ ਹੋ ਜਾਂਦਾ ਹੈ? ਅਜਿਹਾ ਕਰਨ ਨਾਲ ਨਾ ਕੋਈ ਧੂੰਆਂ ਪੈਦਾ ਹੁੰਦਾ ਹੈ ਅਤੇ ਨਾ ਕੋਈ ਧੂੜ, ਫਿਰ ਵਾਤਾਵਰਨ ਖਰਾਬ ਕਿਵੇਂ ਹੋ ਜਾਵੇਗਾ?

ਇਹ ਠੀਕ ਹੈ ਕਿ ਕੰਪਿਊਟਰ ਜਾਂ ਮੋਬਾਈਲ ਵਰਤਣ ਵਾਲੇ ਦੇ ਕਮਰੇ ਵਿੱਚ ਕੋਈ ਧੂੜ/ਧੂੰਆਂ ਪੈਦਾ ਨਹੀਂ ਹੁੰਦਾ। ਪਰ ਏ.ਆਈ. ਤੋਂ ਤੁਹਾਡੀ ਹਰ ਪੁੱਛ ਨਾਲ, ਹਰ ਲਿਖਤ ਲਿਖਵਾਉਣ ਨਾਲ, ਹਰ ਚਿਤਰ ਜਾਂ ਵੀਡੀਓ ਬਣਵਾਉਣ ਨਾਲ ਕਿਤੇ ਹੋਰ ਜਗ੍ਹਾ ਧੂੰਆਂ ਵੀ ਉੱਠਦਾ ਹੈ ਅਤੇ ਸਵਾਹ ਵੀ ਪੈਦਾ ਹੁੰਦੀ ਹੈ।

ਅਸਲ ਵਿੱਚ ਸਾਨੂੰ ਊਰਜਾ ਦੀ ਖਪਤ ਕੇਵਲ ਭੌਤਿਕ ਕੰਮਾਂ ਵਿੱਚ ਹੀ ਨਜ਼ਰ ਆਉਂਦੀ ਹੈ ਜਦਕਿ ਬੌਧਿਕ ਕੰਮਾਂ ਵਿੱਚ ਵੀ ਬਹੁਤ ਊਰਜਾ ਦੀ ਖਪਤ ਹੁੰਦੀ ਹੈ। ਇਸ ਨੂੰ ਸਮਝਣ ਲਈ ਅਸੀਂ ਆਪਣੇ ਸਰੀਰ ਦੀ ਉਦਾਹਰਨ ਲੈ ਸਕਦੇ ਹਾਂ। ਸਾਡਾ ਦਿਮਾਗ ਭਾਰ ਪੱਖੋਂ ਸਾਡੇ ਸਰੀਰ ਦਾ ਸਿਰਫ 2% ਹਿੱਸਾ ਹੁੰਦਾ ਹੈ ਪਰ ਇਹ ਸਰੀਰ ਦੀ 20 ਪ੍ਰਤੀਸ਼ਤ ਊਰਜਾ ਵਰਤਦਾ ਹੈ। ਇਸੇ ਤਰ੍ਹਾਂ ਹੀ ਏ.ਆਈ. ਵੀ ਊਰਜਾ ਦੀ ਬਹੁਤ ਖਪਤ ਕਰਦੀ ਹੈ, ਪਰ ਇਹ ਖਪਤ ਸਾਡੇ ਕੰਪਿਊਟਰਾਂ ਜਾਂ ਮੋਬਾਈਲ ਫੋਨਾਂ ਵਿੱਚ ਨਹੀਂ ਹੁੰਦੀ (ਇਥੇ ਬਹੁਤ ਥੋੜ੍ਹੀ ਖਪਤ ਹੁੰਦੀ ਹੈ) ਬਲਕਿ ਦੁਨੀਆਂ ਦੇ ਵੱਖ-ਵੱਖ ਹਿੱਸਿਆਂ ਵਿੱਚ ਬਣਾਏ ਗਏ ਡੈਟਾ ਸੈਂਟਰਾਂ ਵਿੱਚ ਹੁੰਦੀ ਹੈ। ਏ.ਆਈ. ਜੋ ਕੁਝ ਵੀ ਤੁਹਾਨੂੰ ਦੱਸਦੀ ਹੈ, ਪ੍ਰਸ਼ਨ ਹੱਲ ਕਰਦੀ ਹੈ, ਲੇਖ ਲਿਖਦੀ ਹੈ, ਫੋਟੋ/ਵੀਡੀਓ ਬਣਾਉਂਦੀ ਹੈ, ਇਸ ਸਾਰੇ ਕੁਝ ਲਈ ਉਹ ਇੰਟਰਨੈੱਟ ਉੱਤੇ ਪਈ ਜਾਣਕਾਰੀ ਦੀ ਵਰਤੋਂ ਕਰਦੀ ਹੈ। ਅਤੇ ਇੰਟਰਨੈੱਟ ਤੋਂ ਮਿਲਦੀ ਜਾਣਕਾਰੀ ਹਵਾ ਵਿੱਚੋਂ ਨਹੀਂ ਫੜੀ ਜਾਂਦੀ ਬਲਕਿ ਇਹ ਡਾਟਾ ਸੈਂਟਰਾਂ ਵਿੱਚ ਸਟੋਰ ਹੁੰਦੀ ਹੈ। ਜਦ ਏ.ਆਈ. ਦੀ ਕਿਤੇ ਵੀ ਕੋਈ ਵਰਤੋਂ ਹੁੰਦੀ ਹੈ ਤਾਂ ਡਾਟਾ ਸੈਂਟਰਾਂ ਵਿੱਚ ਡਿਜੀਟਲ ਰੂਪ ਵਿੱਚ ਪਈ ਜਾਣਕਾਰੀ ਨੂੰ ਫਰੋਲਿਆ ਜਾਂਦਾ ਹੈ, ਜਿਸ ਵਿੱਚ ਕਾਫੀ ਊਰਜਾ ਦੀ ਵਰਤੋਂ ਹੁੰਦੀ ਹੈ।

ਇੰਟਰਨੈੱਟ ਦੀਆਂ ਵੈਬਸਾਈਟਾਂ ਤੋਂ ਸਿੱਧੇ ਰੂਪ ਵਿੱਚ ਕੋਈ ਜਾਣਕਾਰੀ ਲੈਣ ਨਾਲੋਂ ਚੈਟ ਜੀਪੀਟੀ (Chat GPT) ਰਾਹੀਂ ਜਵਾਬ ਲੈਣ ਵਿੱਚ ਪੰਜ ਗੁਣਾਂ ਵੱਧ ਬਿਜਲੀ ਦੀ ਖਪਤ ਹੁੰਦੀ ਹੈ। ਪਰ ਕੰਪਨੀਆਂ ਨੂੰ ਇਸ ਬਾਰੇ ਕੋਈ ਪਰਵਾਹ ਨਹੀਂ ਹੈ। ਤੁਸੀਂ ਵੇਖ ਸਕਦੇ ਹੋ ਕਿ ਗੂਗਲ ਤੋਂ ਕੋਈ ਵੀ ਪ੍ਰਸ਼ਨ ਪੁੱਛਣ ਉੱਤੇ ਜਿੱਥੇ ਪਹਿਲਾਂ ਸੰਬੰਧਿਤ ਵੈਬਸਾਈਟਾਂ ਅੱਗੇ ਆ ਜਾਂਦੀਆਂ ਸਨ ਅਤੇ ਤੁਸੀਂ ਉਹਨਾਂ ਨੂੰ ਖੋਲ੍ਹ ਕੇ ਲੋੜੀਂਦੀ ਜਾਣਕਾਰੀ ਲੱਭ ਸਕਦੇ ਸੀ। ਪਰ ਹੁਣ ਪ੍ਰਸ਼ਨ ਦਾ ਪਹਿਲਾ ਉੱਤਰ ਆਪਣੇ ਆਪ ਹੀ ਏ.ਆਈ. ਦੁਆਰਾ ਦਿੱਤਾ ਜਾਂਦਾ ਹੈ, ਯਾਨੀ ਇਹ ਚੋਣ ਹੀ ਨਹੀਂ ਰਹੀ ਕਿ ਤੁਸੀਂ ਉੱਤਰ ਖੁਦ ਲੱਭਣਾ ਹੈ ਜਾਂ ਏ.ਆਈ. ਤੋਂ ਬਣਿਆ ਬਣਾਇਆ ਲੈਣਾ ਹੈ। ਵਰਤੋਂ ਕਰਨ ਵਾਲੇ ਨੂੰ ਵੀ ਇਹ ਸੌਖਾ ਲੱਗਦਾ ਹੈ। (ਇਸ ਨਾਲ ਉਸ ਦੀ ਖੋਜ ਕਰਨ ਦੀ ਪ੍ਰਵਿਰਤੀ ਨੂੰ ਜੋ ਨੁਕਸਾਨ ਪਹੁੰਚਦਾ ਹੈ, ਇਹ ਵੱਖਰਾ ਵਿਸ਼ਾ ਹੈ, ਜਿਸ ਬਾਰੇ ਕਿਸੇ ਹੋਰ ਲੇਖ ਵਿੱਚ ਗੱਲ ਕੀਤੀ ਜਾਵੇਗੀ)

ਇਸ ਤੋਂ ਅੱਗੇ ਜਦ ਏ.ਆਈ. ਵੱਲੋਂ ਕੋਈ ਅਜਿਹੀ ਚੀਜ ਸਿਰਜੀ ਜਾਂਦੀ ਹੈ ਜੋ ਇੰਟਰਨੈੱਟ ਉਤੇ ਪਹਿਲਾਂ ਮੌਜੂਦ ਨਹੀਂ ਹੈ ਤਾਂ ਨਵਾਂ ਮਾਡਲ ਬਣਾਉਣ ਲਈ ਬਹੁਤ ਜਿਆਦਾ ਊਰਜਾ ਵਰਤੀ ਜਾਂਦੀ ਹੈ ਕਿਉਂਕਿ ਇਹ ਸਾਰੇ ਡਾਟੇ ਨੂੰ ਫਰੋਲ ਕੇ ਉਸ ਵਿੱਚੋਂ ਪੈਟਰਨ ਬਣਾਉਂਦੀ ਹੈ ਅਤੇ ਫਿਰ ਨਵਾਂ ਸਿਰਜਦੀ ਹੈ। ਇਸ ਨੂੰ ਜੈਨਰੇਟਿਵ ਏ.ਆਈ. (Artificial Generative Intelligence) ਕਿਹਾ ਜਾਂਦਾ ਹੈ।

**ਡਾਟਾ ਸੈਂਟਰਾਂ ਵਿੱਚ ਕਿੰਨੀ ਹੁੰਦੀ ਹੈ ਬਿਜਲੀ ਦੀ ਖਪਤ?**

ਦੁਨੀਆਂ ਵਿੱਚ ਲਗਭਗ 12 ਹਜਾਰ ਡਾਟਾ ਸੈਂਟਰ ਹਨ, ਜਿਨ੍ਹਾਂ ਵਿੱਚੋਂ ਅੱਧ ਦੇ ਨੇੜੇ ਇਕੱਲੇ ਅਮਰੀਕਾ ਵਿੱਚ ਹਨ (5400) ਬਾਕੀਆਂ ਵਿੱਚੋਂ ਜ਼ਿਆਦਾਤਰ ਗਿਣਤੀ ਜਰਮਨੀ, ਯੂਕੇ, ਚੀਨ, ਕਨੇਡਾ ਆਦਿ ਦੇਸ਼ਾਂ ਵਿੱਚ ਹੈ। ਭਾਰਤ ਵਿੱਚ 138 ਡਾਟਾ ਸੈਂਟਰ ਹਨ ਜੋ ਮੁੰਬਈ, ਚੇਨਈ, ਨੋਇਡਾ, ਬੰਗਲੌਰ, ਹੈਦਰਾਬਾਦ ਆਦਿ ਸ਼ਹਿਰਾਂ ਵਿੱਚ ਹਨ।

ਇਨ੍ਹਾਂ ਸੈਂਟਰਾਂ ਵਿੱਚ ਇਸ ਵਕਤ 415 ਟੈਰਾਵਾਟ (ਇੱਕ ਟੈਰਾਵਾਟ=1000,000 ਮੈਗਾਵਾਟ) ਬਿਜਲੀ ਦੀ ਖਪਤ ਹੋ ਰਹੀ ਹੈ। ਇਹ ਖਪਤ ਇੰਨੀਂ ਜਿਆਦਾ ਹੈ ਕਿ ਬਹੁਤੇ ਦੇਸ਼ਾਂ ਦੀ ਕੁੱਲ ਬਿਜਲੀ ਲੋੜ ਇਸ ਨਾਲੋਂ ਕਿਤੇ ਘੱਟ ਹੈ। ਸਿਰਫ ਦਸ ਦੇਸ਼ਾਂ ਵਿੱਚ ਹੀ ਇਸ ਨਾਲੋਂ ਵੱਧ ਬਿਜਲੀ ਦੀ ਖਪਤ ਹੁੰਦੀ ਹੈ। ਅਸਲ ਖਤਰਾ ਮੌਜੂਦਾ ਖਪਤ ਨਾਲੋਂ ਇਸ ਦੇ ਵਾਧੇ ਦੀ ਦਰ ਦਾ ਹੈ। ਜਿੰਨੀ ਤੇਜੀ ਨਾਲ ਏ.ਆਈ. ਦਾ ਫੈਲਾਅ ਹੋ ਰਿਹਾ ਹੈ, ਉਸ ਨਾਲ ਇਹ ਖਪਤ ਬਹੁਤ ਜਿਆਦਾ ਵਧ ਜਾਣੀ ਹੈ। ਪਹਿਲੇ ਡਾਟਾ ਸੈਂਟਰ 10 ਤੋਂ 25 ਹਜਾਰ ਘਰਾਂ ਬਰਾਬਰ ਬਿਜਲੀ ਦੀ ਖਪਤ ਕਰਦੇ ਸਨ ਪਰ ਹੁਣ ਏ.ਆਈ. ਨੂੰ ਕੇਂਦਰ ਵਿੱਚ ਰੱਖ ਕੇ ਬਣਾਏ ਜਾ ਰਹੇ ਡਾਟਾ ਸੈਂਟਰਾਂ ਵਿੱਚੋਂ ਹਰੇਕ ਸੈਂਟਰ ਐਨੀ ਬਿਜਲੀ ਦੀ ਖਪਤ ਕਰਦਾ ਹੈ ਜਿਸ ਨਾਲ ਇਕ ਲੱਖ ਘਰਾਂ ਦੀ ਲੋੜ ਪੂਰੀ ਕੀਤੀ ਜਾ ਸਕਦੀ ਹੈ। 2030 ਤੱਕ, ਡਾਟਾ ਸੈਂਟਰਾਂ ਦੁਆਰਾ ਬਿਜਲੀ ਦੀ ਖਪਤ ਮੌਜੂਦਾ ਮਾਤਰਾ ਨਾਲੋਂ ਦੁਗਣੀ ਹੋ ਜਾਵੇਗੀ। ਬਿਜਲੀ ਦੀ ਇਹ ਵਧੀ ਲੋੜ ਪੂਰੀ ਕਰਨ ਲਈ ਹੋਰ ਪਾਵਰ ਪਲਾਂਟ ਲਗਾਉਣੇ ਪੈਣਗੇ। ਬਿਜਲੀ ਕਿਸੇ ਵੀ ਢੰਗ ਨਾਲ ਪੈਦਾ ਕੀਤੀ ਜਾਵੇ, ਉਸ ਨਾਲ ਪ੍ਰਦੂਸ਼ਣ ਤਾਂ ਹੁੰਦਾ ਹੀ ਹੈ। ਫਰਕ ਇੰਨਾਂ ਹੀ ਹੈ ਕਿ ਕੋਲੇ ਅਤੇ ਡੀਜਲ ਨਾਲ ਬਿਜਲੀ ਪੈਦਾ ਕਰਨ ਵਾਲਾ ਪ੍ਰਦੂਸ਼ਣ ਸਾਨੂੰ ਆਸਾਨੀ ਨਾਲ ਦਿਸਦਾ ਹੈ ਪਰ ਬਾਕੀ ਸਾਧਨਾਂ ਜਿਵੇਂ ਸੋਲਰ ਆਦਿ ਦੇ ਅਸਰ ਦੂਰਰਸੀ ਹੁੰਦੇ ਹਨ। ਇਸ ਤੋਂ ਇਲਾਵਾ ਡਾਟਾ ਸੈਂਟਰਾਂ ਨੂੰ ਚਲਾਉਣ ਲਈ ਤਾਂ ਡੀਜ਼ਲ ਜੈਨਰੇਟਰਾਂ ਦੀ ਵਰਤੋਂ ਵੱਧ ਕੀਤੀ ਜਾਂਦੀ ਹੈ ਕਿਉਂਕਿ ਦੂਰ ਤੋਂ ਤਾਰਾਂ ਰਾਹੀਂ ਆਉਂਦੀ ਬਿਜਲੀ ਦੀ ਵੋਲਟੇਜ ਵਧਣ ਘਟਣ ਨਾਲ ਇਹਨਾਂ ਦਾ ਨੁਕਸਾਨ ਹੋ ਸਕਦਾ ਹੈ।

**ਪਾਣੀ ਦੀ ਬਹੁਤ ਵੱਡੀ ਖਪਤ**

ਬਿਜਲੀ ਤੋਂ ਇਲਾਵਾ ਇਹਨਾਂ ਡਾਟਾ ਸੈਂਟਰਾਂ ਨੂੰ ਠੰਢਾ ਰੱਖਣ ਲਈ ਪਾਣੀ ਦੀ ਖਪਤ ਵੀ ਬਹੁਤ ਹੁੰਦੀ ਹੈ। ਇੱਕ ਸਟੱਡੀ ਅਨੁਸਾਰ ਕਿਸੇ ਕੰਪਿਊਟਰ ਉੱਤੇ ਏ.ਆਈ. ਨਾਲ 20 ਕੁ ਪ੍ਰਸ਼ਨਾਂ ਦਾ ਸੈਸ਼ਨ ਚਲਾਉਣ ਨਾਲ ਇਕ ਬੋਤਲ ਪਾਣੀ ਖਤਮ ਹੋ ਜਾਂਦਾ ਹੈ। ਇਕ ਦਰਮਿਆਨੇ ਆਕਾਰ ਦਾ ਡਾਟਾ ਸੈਂਟਰ 11 ਕਰੋੜ ਗੈਲਨ ਪਾਣੀ ਪ੍ਰਤੀ ਸਾਲ ਵਰਤ ਜਾਂਦਾ ਹੈ। ਸਾਰੀ ਦੁਨੀਆ ਦੇ ਕੁੱਲ ਡਾਟਾ ਸੈਂਟਰ ਬਾਰੇ ਪਾਣੀ ਦੀ ਖਪਤ ਦੇ ਜੋ ਅੰਕੜੇ ਮਿਲਦੇ ਹਨ ਉਹਨਾਂ ਅਨੁਸਾਰ ਸੰਸਾਰ ਦੇ ਸਾਰੇ ਡਾਟਾ ਸੈਂਟਰ ਕੁੱਲ ਮਿਲਾ ਕੇ ਸਾਲ ਵਿੱਚ 560 ਅਰਬ ਲਿਟਰ ਪਾਣੀ ਵਰਤ ਰਹੇ ਹਨ, ਜੋ 2030 ਤੱਕ ਵਧ ਕੇ 1200 ਅਰਬ ਲਿਟਰ ਹੋ ਜਾਵੇਗਾ। ਇਹ ਮਾਤਰਾ ਬਹੁਤ ਵੱਡੀ ਹੈ ਜੋ ਸੰਸਾਰ ਵਿੱਚ ਪਾਣੀ ਦੇ ਸੰਕਟ ਨੂੰ ਹੋਰ ਡੂੰਘਾ ਕਰੇਗੀ।

**ਈ-ਵੇਸਟ (ਕਚਰਾ)**

ਇਸ ਤੋਂ ਇਲਾਵਾ ਏ.ਆਈ. ਦੀ ਪੂਰੀ ਵਰਤੋਂ ਲਈ ਨਵੇਂ ਕੰਪਿਊਟਰ ਬਣਾਏ ਜਾ ਰਹੇ ਹਨ ਜਿਨ੍ਹਾਂ ਨੂੰ G.P.U. ਕਿਹਾ ਜਾਂਦਾ ਹੈ, ਜਦ ਕਿ ਰਵਾਇਤੀ ਕੰਪਿਊਟਰ C.P.U. ਹਨ। ਇਹ ਨਵੇਂ ਕੰਪਿਊਟਰ ਬਣਾਉਣ ਲਈ ਬਹੁਤ ਮਟੀਰੀਅਲ ਲੱਗਦਾ ਹੈ ਅਤੇ ਪੁਰਾਣਾ ਬੇਕਾਰ ਹੋ ਜਾਂਦਾ ਹੈ। ਇਹ ਨਵਾਂ ਮਟੀਰੀਅਲ ਬਣਾਉਣ ਅਤੇ ਪੁਰਾਣਾ ਸਿੱਟਣ ਨਾਲ ਵਾਤਾਵਰਨ ਦੂਸ਼ਿਤ ਹੁੰਦਾ ਹੈ ਕਿਉਂਕਿ ਇਨ੍ਹਾਂ ਨੂੰ ਬਨਾਉਣ ਵਾਲੇ ਪਦਾਰਥ ਗਲ ਕੇ ਖਤਮ ਹੋਣ ਵਾਲੇ ਨਹੀਂ ਹੁੰਦੇ

ਇਸ ਸਾਰੀ ਵਿਚਾਰ ਚਰਚਾ ਦਾ ਭਾਵ ਇਹ ਨਹੀਂ ਕਿ ਏ.ਆਈ. ਦੀ ਵਰਤੋਂ ਹੀ ਨਹੀਂ ਕਰਨੀ ਚਾਹੀਦੀ। ਇਹ ਬਹੁਤ ਮਹੱਤਵਪੂਰਨ ਖੋਜ ਹੈ ਜਿਸ ਨਾਲ ਮਨੁੱਖੀ ਗਿਆਨ ਨੇ ਹੋਰ ਵਿਸ਼ਾਲ ਹੋਣਾ ਹੈ। ਪਰ ਕਿਸੇ ਵੀ ਤਕਨੀਕ ਦੀ ਵਰਤੋਂ ਕਰਦੇ ਸਮੇਂ ਉਸ ਦੇ ਸਭ ਪੱਖਾਂ ਨੂੰ ਧਿਆਨ ਵਿੱਚ ਰੱਖਣ ਦੀ ਲੋੜ ਹੁੰਦੀ ਹੈ। ਕਿਸੇ ਵੀ ਤਕਨੀਕ ਦੀ ਅੰਨ੍ਹੇਵਾਹ ਵਰਤੋਂ ਬਹੁਤ ਨੁਕਸਾਨ ਕਰਦੀ ਹੈ। ਵਿਗਿਆਨ ਦੀਆਂ ਹੋਰ ਖੋਜਾਂ ਵਾਂਗ ਏ.ਆਈ. ਨੂੰ ਵੀ ਮਨੁੱਖ ਅਤੇ ਸਮਾਜ ਦੇ ਹਿਤਾਂ ਨੂੰ ਮੁੱਖ ਰੱਖ ਕੇ ਸੂਝਮਈ ਢੰਗ ਨਾਲ ਵਰਤਣ ਦੀ ਲੋੜ ਹੈ।

## ਜ਼ਿੰਦਗੀ ਜਿਊਣ ਦੇ ਦੋ ਢੰਗ

ਦੁਨੀਆਂ ਦੇ ਸਾਰੇ ਲੋਕ ਦੋ ਤਰ੍ਹਾਂ ਨਾਲ ਜ਼ਿੰਦਗੀ ਜਿਊਂਦੇ ਹਨ : ਇੱਕ ਤਰਕ ਦੇ ਆਧਾਰ 'ਤੇ ਅਤੇ ਦੂਜਾ ਲਾਈਲੱਗਤਾ ਦੇ ਆਧਾਰ ਉੱਤੇ।

ਤਰਕ ਨਾਲ ਜ਼ਿੰਦਗੀ ਜਿਊਣ ਵਾਸਤੇ ਹਰ ਵਰਤਾਰੇ ਨੂੰ ਕੌਣ, ਕੀ, ਕਿਉਂ, ਕਿਵੇਂ ਅਤੇ ਕਿਸਨੇ ਦੇ ਆਧਾਰ 'ਤੇ ਪਰਖਿਆ ਜਾਂਦਾ ਹੈ। ਹਰ ਮੌਜੂਦ ਵਿਅਕਤੀ ਨੂੰ ਸਵਾਲ ਕਰਨ ਦਾ ਹੱਕ ਹੁੰਦਾ ਹੈ ਅਤੇ ਜਵਾਬ ਦੇਣ ਵਾਲਾ ਵੀ ਤੱਥਾਂ ਦੇ ਆਧਾਰ 'ਤੇ ਜਵਾਬ ਦਿੰਦਾ ਹੈ।

ਜਿਹੜੇ ਲੋਕ ਲਾਈਲੱਗਤਾ ਨਾਲ ਜ਼ਿੰਦਗੀ ਜਿਊਂਦੇ ਹਨ, ਉਨ੍ਹਾਂ ਨੂੰ ਸਬੂਤ ਦੀ ਲੋੜ ਨਹੀਂ ਪੈਂਦੀ। ਉਹ ਸੁਣੀ ਸੁਣਾਈ ਗੱਲ 'ਤੇ ਯਕੀਨ ਕਰ ਲੈਂਦੇ ਹਨ, ਕਿਤੇ ਲਿਖੀ ਗੱਲ ਦਾ ਯਕੀਨ ਕਰ ਲੈਂਦੇ ਹਨ ਜਾਂ ਕਿਸੇ 'ਤੇ ਵਿਸ਼ਵਾਸ ਹੋਣ ਦੇ ਆਧਾਰ 'ਤੇ ਯਕੀਨ ਕਰ ਲੈਂਦੇ ਹਨ।

ਇਹ ਹਰ ਇੱਕ ਦਾ ਆਪਣਾ ਫੈਸਲਾ ਹੈ ਕਿ ਦੋਹਨਾਂ ਵਿਚੋਂ ਕਿਹੜਾ ਢੰਗ ਜ਼ਿੰਦਗੀ ਵਿੱਚ ਅਪਣਾਉਣਾ ਹੈ?

**ਅਵਤਾਰ ਤਰਕਸ਼ੀਲ, ਨਿਊਜ਼ੀਲੈਂਡ**

# ਹਰ ਕਿਤਾਬ ਦੀ ਆਪਣੀ ਮਹੱਤਤਾ ਹੁੰਦੀ ਹੈ

**ਗੁਰਪ੍ਰੀਤ ਸਿੰਘ ਬਿਲਿੰਗ**

ਮੇਰੇ ਕੋਲ ਅਕਸਰ ਇਹ ਸਵਾਲ ਆਉਂਦਾ ਹੈ ਕਿ ਕਿਹੜੀ ਕਿਤਾਬ ਪੜ੍ਹੀ ਜਾਵੇ? ਕਿਹੜੀਆਂ ਕਿਤਾਬਾਂ ਵਧੀਆ ਹਨ? ਅਸੀਂ ਖਰੀਦਦਾਰੀ ਦੇ ਘੱਟ ਅਤੇ ਤੇਜ਼ ਵਕਤ ਦੌਰਾਨ ਵਧੀਆ ਕਿਤਾਬ ਕਿਵੇਂ ਪਹਿਚਾਣ ਸਕਦੇ ਹਾਂ? ਇਹ ਸਵਾਲ ਸਿਰਫ਼ ਇੱਕ ਪਾਠਕ ਦਾ ਨਹੀਂ, ਸਗੋਂ ਅੱਜ ਦੇ ਪੂਰੇ ਸਮਾਜ ਦਾ ਸਵਾਲ ਬਣ ਚੁੱਕਾ ਹੈ। ਅਸੀਂ ਉਸ ਯੁੱਗ ਵਿੱਚ ਜੀ ਰਹੇ ਹਾਂ ਜਿੱਥੇ ਚੋਣਾਂ ਬਹੁਤ ਹਨ, ਪਰ ਸਮਝ ਘੱਟ ਹੋ ਰਹੀ ਹੈ। ਜਿੱਥੇ ਕਿਤਾਬਾਂ ਦੀ ਕਮੀ ਨਹੀਂ, ਪਰ ਪੜ੍ਹਨ ਦੀ ਦਿਸ਼ਾ ਧੁੰਦਲੀ ਹੋ ਗਈ ਹੈ।

ਪਰ ਕੀ ਸੱਚਮੁੱਚ 'ਵਧੀਆ ਕਿਤਾਬ' ਦੀ ਪਹਿਚਾਣ ਪਹਿਲਾਂ ਤੋਂ ਕੀਤੀ ਜਾ ਸਕਦੀ ਹੈ? ਜਾਂ ਫਿਰ ਪੜ੍ਹਨ ਦਾ ਅਸਲ ਮਕਸਦ ਹੀ ਇਹ ਨਹੀਂ ਹੈ ਕਿ ਅਸੀਂ ਹਰ ਕਿਤਾਬ ਰਾਹੀਂ ਆਪਣੀ ਸੋਚ ਨੂੰ ਵਿਸ਼ਾਲ ਕਰੀਏ? ਅਸਲ ਗੱਲ ਇਹ ਹੈ ਕਿ ਕੋਈ ਵੀ ਕਿਤਾਬ ਸਿਰਫ਼ ਉਸ ਵੇਲੇ 'ਵਧੀਆ' ਬਣਦੀ ਹੈ, ਜਦੋਂ ਉਹ ਪਾਠਕ ਦੇ ਮਨ ਵਿੱਚ ਨਵੇਂ ਸਵਾਲ ਜਗਾਏ, ਉਸਨੂੰ ਸੋਚਣ ਲਈ ਮਜਬੂਰ ਕਰੇ ਜਾਂ ਉਸਦੀ ਸਮਝ ਨੂੰ ਇੱਕ ਕਦਮ ਅੱਗੇ ਵਧਾਏ।

ਇਸ ਲਈ ਕਿਤਾਬ ਦੀ ਚੋਣ ਦਾ ਸਭ ਤੋਂ ਵੱਡਾ ਮਾਪਦੰਡ ਕੋਈ ਬਾਹਰੀ ਸੂਚੀ ਜਾਂ ਰੇਟਿੰਗ ਨਹੀਂ, ਸਗੋਂ ਪਾਠਕ ਦੀ ਆਪਣੀ ਜਿਗਿਆਸਾ ਹੁੰਦੀ ਹੈ। ਬਹੁਤ ਸਾਰੇ ਪਾਠਕਾਂ ਨੇ ਦੱਸਿਆ ਹੈ ਕਿ ਉਹਨਾਂ ਨੇ ਪਹਿਲਾਂ ਸਧਾਰਨ ਨਾਵਲਾਂ ਨਾਲ ਪੜ੍ਹਨਾ ਸ਼ੁਰੂ ਕੀਤਾ, ਪਰ ਹੌਲੀ-ਹੌਲੀ ਉਹ ਦਾਰਸ਼ਨਿਕ, ਇਤਿਹਾਸਕ ਅਤੇ ਮਨੋਵਿਗਿਆਨਕ ਲਿਖਤਾਂ ਤੱਕ ਪਹੁੰਚ ਗਏ। ਇਸਦਾ ਮਤਲਬ ਇਹ ਹੈ ਕਿ ਪੜ੍ਹਨ ਦੀ ਯਾਤਰਾ ਸਧਾਰਨ ਤੋਂ ਡੂੰਘਾਈ ਵੱਲ ਖੁਦ ਹੀ ਵਿਕਸਿਤ ਹੁੰਦੀ ਹੈ।

ਇੱਥੇ ਇਹ ਗੱਲ ਵੀ ਸਮਝਣਯੋਗ ਹੈ ਕਿ ਪੜ੍ਹਨ ਦੀ ਇਹ ਯਾਤਰਾ ਕਿਸੇ ਇੱਕ ਦਿਨ ਦਾ ਫੈਸਲਾ ਨਹੀਂ ਹੁੰਦੀ, ਸਗੋਂ ਲਗਾਤਾਰ ਬਣਨ ਵਾਲੀ ਆਦਤ ਦਾ ਨਤੀਜਾ ਹੁੰਦੀ ਹੈ। ਅੱਜ ਦੇ ਡਿਜ਼ੀਟਲ ਯੁੱਗ ਵਿੱਚ ਭਾਵੇਂ ਅਸੀਂ ਈ-ਬੁੱਕਸ ਜਾਂ ਆਡੀਓ ਬੁੱਕਸ ਰਾਹੀਂ ਜਾਣਕਾਰੀ ਹਾਸਲ ਕਰ ਰਹੇ ਹਾਂ, ਪਰ ਪੰਨਿਆਂ ਦੀ ਖੜਕਾਹਟ ਅਤੇ ਕਾਗਜ਼ੀ ਕਿਤਾਬ ਦਾ ਠਹਿਰਾਓ ਅੱਜ ਵੀ ਮਨੁੱਖੀ ਮਨ ਨੂੰ ਡੂੰਘੀ ਇਕਾਗਰਤਾ ਬਖ਼ਸ਼ਦਾ ਹੈ। ਮਾਧਿਅਮ ਕੋਈ ਵੀ ਹੋਵੇ, ਮਕਸਦ ਸ਼ਬਦਾਂ ਨਾਲ ਜੁੜਨਾ ਅਤੇ ਉਨ੍ਹਾਂ ਨੂੰ ਜੀਵਨ ਵਿੱਚ ਉਤਾਰਨਾ ਹੋਣਾ ਚਾਹੀਦਾ ਹੈ।

ਜੇ ਸਮਾਂ ਘੱਟ ਹੈ ਤਾਂ ਵੀ ਕੁਝ ਸਰਲ ਤਰੀਕੇ ਸਾਡੀ ਮਦਦ ਕਰ ਸਕਦੇ ਹਨ। ਕਿਤਾਬ ਦਾ ਸਿਰਲੇਖ, ਲੇਖਕ ਦਾ ਪਿਛੋਕੜ, ਅੰਦਰੂਨੀ ਸੂਚੀ (ਤਤਕਰਾ), ਪਹਿਲੇ ਕੁਝ ਪੰਨੇ ਜਾਂ ਕਿਸੇ ਇੱਕ ਅਧਿਆਇ ਜਾਂ ਭਾਗ ਨੂੰ ਇਕ ਝਲਕ ਦੇਖਣਾ। ਇਹ ਸਾਰੇ ਇਸ਼ਾਰੇ ਦੱਸ ਦਿੰਦੇ ਹਨ ਕਿ ਇਹ ਲਿਖਤ ਸਾਡੇ ਮਨ ਨਾਲ ਗੱਲ ਕਰਦੀ ਹੈ ਜਾਂ ਨਹੀਂ। ਪਰ ਇਸ ਤੋਂ ਵੀ ***ਵੱਡੀ ਗੱਲ ਇਹ ਹੈ ਕਿ ਪੜ੍ਹਨ ਦੀ ਆਦਤ ਨੂੰ 'ਸਿਰਫ਼ ਚੁਣੀਆਂ ਹੋਈਆਂ ਵਧੀਆ ਕਿਤਾਬਾਂ' ਤੱਕ ਸੀਮਿਤ ਨਾ ਕੀਤਾ ਜਾਵੇ। ਕਿਉਂਕਿ ਅਕਸਰ ਇੱਕ ਆਮ ਜਿਹੀ ਲੱਗਣ ਵਾਲੀ ਕਿਤਾਬ ਮਨੁੱਖ ਦੀ ਸੋਚ ਵਿੱਚ ਸਭ ਤੋਂ ਵੱਡਾ ਬਦਲਾਅ ਲਿਆ ਸਕਦੀ ਹੈ।***

ਇਨਾਂ ਗੱਲਾਂ ਨੂੰ ਸਰਲਤਾ ਅਤੇ ਤਰਕਸ਼ੀਲਤਾ ਨਾਲ ਇੱਕ ਛੋਟੇ ਤਿੰਨ-ਕਦਮੀ ਤਰੀਕੇ ਨਾਲ ਵੀ ਸਮਝਿਆ ਜਾ ਸਕਦਾ ਹੈ:

1. ਆਪਣੀ ਰੁਚੀ ਅਤੇ ਮਕਸਦ ਨੂੰ ਸਮਝੋ: (ਕੀ ਸਿੱਖਣਾ ਹੈ)
2. ਕਿਤਾਬ ਦੀ ਝਲਕ ਦੇਖੋ: (ਸਿਰਲੇਖ, ਤਤਕਰਾ, ਪਹਿਲੇ ਪੰਨੇ)
3. ਸੰਵਾਦ ਪਹਿਚਾਣੋ: 04 ਜਾਂ 05 ਪੰਨੇ ਪੜ੍ਹ ਕੇ ਫੈਸਲਾ ਕਰੋ ਕਿ ਕੀ ਇਹ ਲਿਖਤ ਤੁਹਾਡੇ ਨਾਲ ਸੰਵਾਦ ਕਰ ਰਹੀ ਹੈ ਜਾਂ ਨਹੀਂ।

ਇਸ ਪ੍ਰਸ਼ਨ ਨੂੰ ਜੇ ਹੋਰ ਡੂੰਘਾਈ ਨਾਲ ਵੇਖੀਏ ਤਾਂ ਇਹ ਸਿਰਫ਼ ਚੋਣ ਦਾ ਨਹੀਂ, ਸਗੋਂ ਮਨੁੱਖੀ ਮਨ ਦੀ ਬਣਤਰ ਦਾ ਸਵਾਲ ਹੈ। ਮਨੋਵਿਗਿਆਨ ਦੱਸਦਾ ਹੈ ਕਿ ਮਨੁੱਖ ਉਹੀ ਚੀਜ਼ ਵਧੀਆ ਮੰਨਦਾ ਹੈ ਜੋ ਉਸਦੀ ਅੰਦਰੂਨੀ ਅਵਸਥਾ ਨਾਲ ਮੇਲ ਖਾਂਦੀ ਹੋਵੇ। ਇਸ ਲਈ ਇੱਕ ਹੀ ਕਿਤਾਬ ਕਿਸੇ ਇੱਕ ਮਨੁੱਖ ਲਈ ਜੀਵਨ-ਬਦਲਣ ਵਾਲੀ ਹੋ ਸਕਦੀ ਹੈ, ਜਦਕਿ ਦੂਜੇ ਲਈ ਉਹ ਸਧਾਰਨ ਰਹਿ ਜਾਂਦੀ ਹੈ।

ਇਸ ਕਰਕੇ 'ਵਧੀਆ ਕਿਤਾਬ' ਇੱਕ ਅਸਥਿਰ ਧਾਰਨਾ ਨਹੀਂ, ਸਗੋਂ ਇੱਕ ਜੀਵੰਤ ਅਨੁਭਵ ਹੈ ਜੋ ਪਾਠਕ ਦੇ ਮਨ ਨਾਲ ਬਦਲਦਾ ਰਹਿੰਦਾ ਹੈ। ਦਰਸ਼ਨ ਦੇ ਪੱਧਰ 'ਤੇ ਵੇਖੀਏ ਤਾਂ ਪੜ੍ਹਨਾ ਇੱਕ ਅਜਿਹਾ ਸੰਵਾਦ ਹੈ ਜਿੱਥੇ ਪਾਠਕ ਅਤੇ ਲੇਖਕ ਦੋ ਵੱਖ-ਵੱਖ ਸਮਿਆਂ ਅਤੇ ਸਥਾਨਾਂ ਤੇ ਮਿਲਦੇ ਹਨ। ਜਦੋਂ ਲੇਖਕ ਦਾ ਅਨੁਭਵ ਅਤੇ ਪਾਠਕ ਦੀ ਜਿਗਿਆਸਾ ਮਿਲਦੇ ਹਨ, ਉਦੋਂ ਹੀ ਗਿਆਨ ਜਨਮ ਲੈਂਦਾ ਹੈ।

ਵਿਗਿਆਨਕ ਕੋਣ ਤੋਂ 'ਕੌਗਨਿਟਿਵ ਸਾਇੰਸ' ਦੱਸਦੀ ਹੈ ਕਿ ਪੜ੍ਹਨ ਦੀ ਪ੍ਰਕਿਰਿਆ ਸਾਡੇ ਦਿਮਾਗ ਦੇ ਕਈ ਹਿੱਸਿਆਂ

ਨੂੰ ਇਕੱਠੇ ਸਰਗਰਮ ਕਰਦੀ ਹੈ। ਭਾਸ਼ਾ, ਯਾਦਸ਼ਕਤੀ, ਕਲਪਨਾ ਅਤੇ ਭਾਵਨਾਵਾਂ। ਇਸ ਲਈ ਜਿਹੜੀ ਕਿਤਾਬ ਸਾਨੂੰ ਅੰਦਰੋਂ ਛੂੰਹਦੀ ਹੈ, ਉਹ ਅਸਲ ਵਿੱਚ ਸਾਡੇ ਨਿਊਰਲ ਪੈਟਰਨ ਨਾਲ ਜੁੜਦੀ ਹੈ।

ਜੇ ਅਸੀਂ ਇਸ ਸਵਾਲ ਨੂੰ ਹੋਰ ਵੱਡੇ ਭੂਗੋਲਿਕ ਅਤੇ ਸਮਾਜਿਕ ਪ੍ਰਸੰਗ ਵਿੱਚ ਵੇਖੀਏ, ਤਾਂ ਪਤਾ ਲੱਗਦਾ ਹੈ ਕਿ ਪੜ੍ਹਨ ਦੀ ਆਦਤ ਸਿਰਫ਼ ਵਿਅਕਤੀਗਤ ਨਹੀਂ, ਸਗੋਂ ਪੂਰੇ ਸਮਾਜ ਦੀ ਬਣਤਰ ਨਾਲ ਜੁੜੀ ਹੁੰਦੀ ਹੈ। ਭਾਰਤ ਵਿੱਚ ਲਗਭਗ 20%-30% ਲੋਕ ਹੀ ਨਿਯਮਿਤ ਪਾਠਕ ਹਨ ਅਤੇ ਪਾਕਿਸਤਾਨ ਵਿੱਚ ਇਹ ਦਰ ਹੋਰ ਘੱਟ ਕੇ ਲਗਭਗ 5%-10% ਰਹਿ ਜਾਂਦੀ ਹੈ, ਜਦਕਿ ਬੰਗਲਾਦੇਸ਼ ਵਿੱਚ ਇਹ 10%-15% ਦੇ ਆਸਪਾਸ ਹੈ। ਇਹ ਅੰਕੜੇ ਦਰਸਾਉਂਦੇ ਹਨ ਕਿ ਸਾਡੇ ਖੇਤਰ ਵਿੱਚ ਪੜ੍ਹਨ ਦੀ ਸੰਸਕ੍ਰਿਤੀ ਅਜੇ ਵੀ ਵਿਕਾਸ ਦੇ ਪੜਾਅ ਵਿੱਚ ਹੈ।

ਇਸ ਸਥਿਤੀ ਦੇ ਪਿੱਛੇ ਸਾਡੀ ਸਿੱਖਿਆ ਪ੍ਰਣਾਲੀ ਅਤੇ ਡਿਜ਼ੀਟਲ ਮੀਡੀਆ ਦਾ ਪ੍ਰਭਾਵ ਮੁੱਖ ਕਾਰਨ ਹਨ। ਇਸ ਘਾਟ ਨੂੰ ਪੂਰਾ ਕਰਨ ਲਈ ਪਿੰਡਾਂ ਅਤੇ ਸ਼ਹਿਰਾਂ ਵਿੱਚ 'ਲਾਈਬ੍ਰੇਰੀ ਸੱਭਿਆਚਾਰ' ਨੂੰ ਸੁਰਜੀਤ ਕਰਨਾ ਅਤਿ ਜ਼ਰੂਰੀ ਹੈ। ਜਨਤਕ ਲਾਈਬ੍ਰੇਰੀਆਂ ਸਿਰਫ਼ ਇਮਾਰਤਾਂ ਨਹੀਂ ਹੁੰਦੀਆਂ, ਬਲਕਿ ਉਹ ਵਿਚਾਰਾਂ ਦੀਆਂ ਟਕਸਾਲਾਂ ਹੁੰਦੀਆਂ ਹਨ, ਜੋ ਸਥਾਨਕ ਪੱਧਰ 'ਤੇ ਪੜ੍ਹਨ ਦੀ ਲਹਿਰ ਪੈਦਾ ਕਰ ਸਕਦੀਆਂ ਹਨ।

ਫਿਨਲੈਂਡ ਅਤੇ ਜਪਾਨ ਵਰਗੇ ਦੇਸ਼ਾਂ ਵਿੱਚ ਪੜ੍ਹਨ ਨੂੰ ਜੀਵਨ ਦੀ ਆਧਾਰਭੂਤ ਆਦਤ ਮੰਨਿਆ ਜਾਂਦਾ ਹੈ, ਜੋ ਉਨ੍ਹਾਂ ਦੀ ਸਿੱਖਿਆ ਅਤੇ ਨਵੀਨਤਾ ਦੀ ਉੱਚ ਦਰ ਨੂੰ ਵੀ ਦਰਸਾਉਂਦੀ ਹੈ। ਇਹ ਜਾਣਕਾਰੀ ਸਾਨੂੰ 'ਕਿਹੜੀ ਕਿਤਾਬ ਵਧੀਆ ਹੈ' ਦੇ ਸਵਾਲ ਤੋਂ ਬਾਹਰ ਕੱਢ ਕੇ 'ਅਸੀਂ ਪੜ੍ਹਨ ਵਾਲਾ ਸਮਾਜ ਕਿਵੇਂ ਬਣੀਏ' ਦੇ ਡੂੰਘੇ ਚਿੰਤਨ ਵੱਲ ਲੈ ਕੇ ਜਾਂਦੀ ਹੈ।

***ਜਦੋਂ ਪੜ੍ਹਨ ਦੀ ਆਦਤ ਬਣਦੀ ਹੈ, ਤਾਂ ਚੰਗੀਆਂ ਕਿਤਾਬਾਂ ਦੀ ਪਹਿਚਾਣ ਆਪਣੇ ਆਪ ਹੋ ਜਾਂਦੀ ਹੈ। ਇਕ ਕਿਤਾਬ ਦੂਜੀ ਕਿਤਾਬ ਵੱਲ ਲੈ ਜਾਂਦੀ ਹੈ। ਇਦਾਂ ਸਫ਼ਰ ਸ਼ੁਰੂ ਹੋ ਜਾਂਦਾ ਹੈ ਅਤੇ ਇਹੀ ਲੜੀ ਮਨੁੱਖ ਨੂੰ ਇੱਕ ਆਮ ਪਾਠਕ ਤੋਂ ਸੋਚਵਾਨ ਵਿਅਕਤੀ, ਵਿਚਾਰਕ, ਚਿੰਤਕ, ਦਾਰਸ਼ਨਿਕ ਵਿੱਚ ਬਦਲ ਦਿੰਦੀ ਹੈ।***

"ਕਿਤਾਬਾਂ ਸਾਡੇ ਲਈ ਸਿਰਫ਼ ਜਵਾਬ ਨਹੀਂ ਲਿਆਉਂਦੀਆਂ, ਸਗੋਂ ਉਹ ਸਾਡੇ ਅੰਦਰ ਉਹ ਸਵਾਲ ਜਗਾਉਂਦੀਆਂ ਹਨ ਜੋ ਸਾਨੂੰ ਆਪਣੇ ਆਪ ਨੂੰ ਸਮਝਣ ਦੇ ਰਾਹ 'ਤੇ ਲੈ ਜਾਂਦੇ ਹਨ ਅਤੇ ਸ਼ਾਇਦ ਇਹੀ ਪੜ੍ਹਨ ਦਾ ਅਸਲ ਮਕਸਦ ਹੈ।"

***ਮੋਬਾਇਲ: 75086-98066***

**ਮਨੋਰੋਗ ਮਸ਼ਵਰਾ ਕੇਂਦਰ ਬਰਗਾੜੀ ਨੂੰ ਜੂਨ 2025 ਤੋਂ 31 ਦਸੰਬਰ 2025 ਤੱਕ ਆਈ ਸਹਾਇਤਾ**

| | |
|---|---|
| 1. ਸਿਮਰਨ ਕੌਰ, ਲੱਕੜਵਾਲੀ | 500 ਰੁਪਏ |
| 2. ਨਛੱਤਰ ਸਿੰਘ, ਗਹਿਰੀ ਭਾਗੀ | 500 ਰੁਪਏ |
| 3. ਕੇਹਰ ਸਿੰਘ, ਕੋਟਕਪੂਰਾ | 500 ਰੁਪਏ |
| 4. ਸਤਨਾਮ ਸਿੰਘ, ਸਾਹੋਕੇ | 500 ਰੁਪਏ |
| 5. ਚਾਨਣ ਸਿੰਘ, ਫਰੀਦਕੋਟ | 500 ਰੁਪਏ |
| 6. ਮਾ. ਸਤੇਸ਼ ਭੂੰਦੜ | 1000 ਰੁਪਏ |
| 7. ਜਰਨੈਲ ਸਿੰਘ, ਢਿਲਵਾਂ | 500 ਰੁਪਏ |
| 8. ਜਸਵਿੰਦਰ ਸਿੰਘ, ਤਲਵੰਡੀ | 2000 ਰੁਪਏ |
| 9. ਬਲਵੀਰ ਸਿੰਘ, ਫਰੀਦਕੋਟ | 500 ਰੁਪਏ |
| 10. ਬਲਵੀਰ ਸਿੰਘ, ਵਿਰਕ ਕਲਾਂ | 500 ਰੁਪਏ |
| 11. ਨਿਰਮਲ ਸਿੰਘ, ਕੋਠੇ ਵੜਿੰਗ | 500 ਰੁਪਏ |
| 12. ਵਰੁਣ ਕੁਮਾਰ, ਅਬੋਹਰ | 1000 ਰੁਪਏ |
| 13. ਜਸਵੰਤ ਸਿੰਘ, ਮੁਕਤਸਰ | 500 ਰੁਪਏ |
| 14. ਗੁਰਤੇਜ ਸਿੰਘ, ਬਿਸ਼ਨੰਦੀ | 500 ਰੁਪਏ |
| 15. ਅਨਿਲ ਕੁਮਾਰ, ਮੁਕਤਸਰ | 1000 ਰੁਪਏ |
| 16. ਸੁਖਮਨਪ੍ਰੀਤ ਸਿੰਘ, ਤਲਵੰਡੀ ਸਾਬੋ | 500 ਰੁਪਏ |
| 17. ਗਗਨਦੀਪ ਦੋਦਾ | 500 ਰੁਪਏ |
| 18. ਸਰਜੀਵਨ ਸਿੰਘ, ਬਠਿੰਡਾ | 1000 ਰੁਪਏ |
| 19. ਪਰਮਜੀਤ ਸਿੰਘ, ਜੀਵਨਵਾਲਾ | 1000 ਰੁਪਏ |
| 20. ਜਗਦੀਸ਼, ਸਹਿਣਾ | 500 ਰੁਪਏ |
| 21. ਸਾਹਿਬਦੀਪ ਸਿੰਘ, ਜਗਰਾਉਂ | 500 ਰੁਪਏ |
| 22. ਚਤਰ ਸਿੰਘ, ਦੁਆਰੇਆਣਾ | 500 ਰੁਪਏ |
| 23. ਜਸਪਾਲ ਸਿੰਘ, ਤੰਬੂਵਾਲਾ | 500 ਰੁਪਏ |
| 24. ਸਰਬਜੀਤ ਸਿੰਘ, ਮੋਗਾ | 500 ਰੁਪਏ |
| 25. ਨਿਤਨ ਸਿੰਗਲਾ, ਮੋਹਾਲੀ | 500 ਰੁਪਏ |
| 26. ਮਨਪ੍ਰੀਤ ਸਿੰਘ, ਨਿਹਾਲ ਸਿੰਘ ਵਾਲਾ | 500 ਰੁਪਏ |
| 27. ਅਮਰਦੀਪ, ਚੱਕ ਬਖਤੂ | 500 ਰੁਪਏ |
| 28. ਤਰਮਿੰਦਰਪਾਲ ਸਿੰਘ, ਫਰੀਦਕੋਟ | 500 ਰੁਪਏ |
| 29. ਰਣਬੀਰ ਸਿੰਘ, ਵੀਰੋ ਕੇ | 500 ਰੁਪਏ |
| 30. ਅਮਰਜੀਤ ਸਿੰਘ, ਸਾਲਮ ਖੇੜਾ | 1000 ਰੁਪਏ |

**ਸਹਾਇਤਾ**

1. ਇਕਾਈ ਮੈਂਬਰ ਜਰਨੈਲ ਸਿੰਘ ਵੱਲੋਂ ਆਪਣੀ ਬੇਟੀ ਦੇ ਵਿਆਹ ਦੀ ਖੁਸ਼ੀ ਵਿੱਚ

| | |
|---|---|
| * ਇਕਾਈ ਜਲੰਧਰ ਨੂੰ | 3500 ਰੁਪਏ |
| * ਜੋਨ ਜਲੰਧਰ ਨੂੰ | 1100 ਰੁਪਏ |
| * ਸਟੇਟ ਕਮੇਟੀ ਨੂੰ | 3100 ਰੁਪਏ |

# ਗੂਗਲ ਤੋਂ ਇਲਾਜ, ਨਾ ਬਣ ਜਾਵੇ ਜੀਅ ਦਾ ਜੰਜਾਲ

**ਬ੍ਰਹਸਪਤੀ ਕੁਮਾਰ ਪਾਂਡੇ**

ਜੋਗਿੰਦਰ ਨੂੰ ਕੁਝ ਦਿਨਾਂ ਤੋਂ ਲਗਾਤਾਰ ਸਿਰ ਵਿੱਚ ਦਰਦ ਬਣਿਆ ਰਹਿੰਦਾ ਸੀ। ਉਸ ਨੇ ਕੁਝ ਦਿਨ ਦਰਦ-ਨਿਵਾਰਕ ਦਵਾਈਆਂ ਲਈਆਂ, ਪ੍ਰੰਤੂ ਉਨ੍ਹਾਂ ਦਾ ਕੋਈ ਅਸਰ ਨਹੀਂ ਹੋਇਆ। ਇਸ ਵਜ੍ਹਾ ਤੋਂ ਜੋਗਿੰਦਰ ਦੇ ਮਨ ਵਿੱਚ ਖਿਆਲ ਆਇਆ ਕਿ ਕਿਤੇ ਕਿਸੇ ਗੰਭੀਰ ਸਮੱਸਿਆ ਦੇ ਕਾਰਨ ਤਾਂ ਉਸ ਦੇ ਸਿਰ ਵਿੱਚ ਦਰਦ ਨਹੀਂ ਹੁੰਦਾ ਰਹਿੰਦਾ?

ਇੱਕ ਦਿਨ ਜੋਗਿੰਦਰ ਨੇ ਲਗਾਤਾਰ ਸਿਰ ਵਿੱਚ ਦਰਦ ਰਹਿਣ ਦੇ ਕਾਰਨਾਂ ਨੂੰ ਗੂਗਲ ਉੱਤੇ ਸਰਚ ਕੀਤਾ ਤਾਂ ਉਸਨੂੰ ਵੱਖ-ਵੱਖ ਲੇਖ ਅਤੇ ਵੀਡੀਓ ਦੇਖਣ ਨੂੰ ਮਿਲ ਗਏ। ਉਸ ਨੇ ਕੁਝ ਲੇਖ ਪੜ੍ਹੇ ਅਤੇ ਵੀਡੀਓ ਦੇਖੇ ਤਾਂ ਉਨ੍ਹਾਂ ਵਿੱਚ ਸਿਰ ਵਿੱਚ ਲਗਾਤਾਰ ਦਰਦ ਬਣੇ ਰਹਿਣ ਦੇ ਕਈ ਕਾਰਨ ਦੱਸੇ ਗਏ ਸਨ। ਉਹਨਾਂ ਲੇਖਾਂ ਅਤੇ ਵੀਡੀਓਜ਼ ਵਿੱਚ ਸਿਰ ਵਿੱਚ ਬਰੇਨ ਟਿਊਮਰ ਜਾਂ ਕੈਂਸਰ ਹੋਣ ਦੀ ਵਜ੍ਹਾ ਤੋਂ ਵੀ ਸਿਰਦਰਦ ਦੱਸਿਆ ਗਿਆ ਸੀ ਅਤੇ ਉਸਦੇ ਇਲਾਜ ਬਾਰੇ ਵੀ ਦੱਸਿਆ ਗਿਆ ਸੀ।

ਅਗਲੇ ਦਿਨ ਜੋਗਿੰਦਰ ਨੇ ਆਪਣੇ ਦਫਤਰ ਵਿੱਚ ਪੰਜ ਦਿਨਾਂ ਦੀ ਛੁੱਟੀ ਦੇ ਲਈ ਅਰਜੀ ਦਿੱਤੀ ਅਤੇ ਇੱਕ ਵੀਡੀਓ ਵਿੱਚ ਦੱਸੇ ਅਨੁਸਾਰ ਆਪਣੇ ਸਿਰ ਦਾ ਸੀਟੀ ਸਕੈਨ ਕਰਵਾਇਆ। ਉਸ ਨੂੰ ਸੀਟੀ ਸਕੈਨ ਰਾਹੀਂ ਬਿਮਾਰੀਆਂ ਦੀ ਪਛਾਣ ਦੀ ਜਾਣਕਾਰੀ ਤਾਂ ਸੀ ਨਹੀਂ, ਸੋ ਉਸ ਨੂੰ ਮਜਬੂਰ ਹੋ ਕੇ ਡਾਕਟਰ ਨੂੰ ਦਿਖਾਉਣਾ ਪਿਆ।

ਡਾਕਟਰ ਨੇ ਰਿਪੋਰਟ ਦੇਖ ਕੇ ਜੋਗਿੰਦਰ ਨੂੰ ਕਿਹਾ ਕਿ ਉਸ ਨੂੰ ਕੋਈ ਬਿਮਾਰੀ ਨਹੀਂ ਹੈ, ਉਸਨੇ ਸਿਰਫ ਵਹਿਮ ਪਾਲਿਆ ਹੋਇਆ ਹੈ। ਡਾਕਟਰ ਨੇ ਜੋਗਿੰਦਰ ਦੀ ਨੌਕਰੀ ਦੇ ਬਾਰੇ ਵਿੱਚ ਪੁੱਛਿਆ ਤਾਂ ਉਸਨੇ ਦੱਸਿਆ ਕਿ ਉਹ ਇੱਕ ਕੰਪਨੀ ਵਿੱਚ ਅਕਾਊਂਟ ਦਾ ਕੰਮ ਦੇਖਦਾ ਹੈ ਜਿਸ ਦੇ ਕਾਰਨ ਉਸ ਨੂੰ ਸਾਰਾ ਦਿਨ ਕੰਪਿਊਟਰ ਉੱਤੇ ਕੰਮ ਕਰਨਾ ਪੈਂਦਾ ਹੈ। ਡਾਕਟਰ ਨੇ ਜੋਗਿੰਦਰ ਨੂੰ ਦੱਸਿਆ ਕਿ ਜਿਆਦਾ ਸਮੇਂ ਤੱਕ ਕੰਪਿਊਟਰ ਉੱਤੇ ਕੰਮ ਕਰਨ ਨਾਲ ਸਿਰ ਦਰਦ ਦੀ ਸਮੱਸਿਆ ਹੋਣੀ ਤਾਂ ਆਮ ਗੱਲ ਹੈ, ਫਿਰ ਉਸਦੇ ਮਨ ਵਿੱਚ ਇਹ ਗੱਲ ਕਿੱਥੋਂ ਆਈ ਕਿ ਉਸ ਨੂੰ ਕੈਂਸਰ ਹੈ?

ਜੋਗਿੰਦਰ ਕਹਿਣ ਲੱਗਾ, "ਮੈਂ ਗੂਗਲ ਉੱਤੇ ਸਰਚ ਕੀਤਾ ਸੀ ਜਿਸ ਵਿੱਚ ਸਿਰ ਦਰਦ ਰਹਿਣ ਦਾ ਇੱਕ ਕਾਰਨ ਕੈਂਸਰ ਹੋਣਾ ਦੱਸਿਆ ਗਿਆ ਸੀ, ਜਿਸ ਤੋਂ ਮੈਨੂੰ ਇਹ ਲੱਗਾ ਕਿ ਹੋ ਸਕਦਾ ਹੈ ਮੈਨੂੰ ਵੀ ਕੈਂਸਰ ਹੀ ਹੋਵੇ।"

ਡਾਕਟਰ ਨੇ ਜੋਗਿੰਦਰ ਨੂੰ ਕੁਝ ਸਾਵਧਾਨੀਆਂ ਦੱਸੀਆਂ ਅਤੇ ਕੁਝ ਦਵਾਈਆਂ ਲਿਖ ਕੇ ਦਿੱਤੀਆਂ ਜਿਨ੍ਹਾਂ ਦੀ ਵਰਤੋਂ ਨਾਲ ਜੋਗਿੰਦਰ ਦਾ ਸਿਰ ਦਰਦ ਕੁਝ ਹੀ ਦਿਨਾਂ ਵਿੱਚ ਠੀਕ ਹੋ ਗਿਆ।

**ਗੂਗਲ ਨਹੀਂ ਡਾਕਟਰ ਦੀ ਮੰਨੋ -**

ਜੇਕਰ ਤੁਸੀਂ ਵੀ ਛਿੱਕਾਂ ਆਉਣ, ਕੰਨ ਵਿੱਚ ਦਰਦ ਹੋਣ ਤੋਂ ਲੈ ਕੇ ਗੰਭੀਰ ਬਿਮਾਰੀਆਂ ਜਿਵੇਂ ਹਾਰਟ ਅਟੈਕ, ਬਰੇਨ ਸਟਰੋਕ ਦਾ ਇਲਾਜ ਗੂਗਲ ਉੱਤੇ ਲੱਭਦੇ ਹੋ ਤਾਂ ਇਸ ਨੂੰ ਕੰਟਰੋਲ ਕਰ ਲਵੋ। ਕਿਉਂਕਿ ਜੇਕਰ ਤੁਸੀਂ ਆਪਣੀਆਂ ਬਿਮਾਰੀਆਂ ਦੇ ਇਲਾਜ ਲਈ ਗੂਗਲ ਦੀ ਮਦਦ ਲੈ ਕੇ ਸੈਲਫ-ਮੈਡੀਕੇਸ਼ਨ ਕਰਦੇ ਹੋ ਤਾਂ ਇਹ ਤੁਹਾਡੇ ਲਈ ਖ਼ਤਰਨਾਕ ਹੋ ਸਕਦਾ ਹੈ। ਜੇਕਰ ਤੁਸੀਂ ਵੀ ਜੋਗਿੰਦਰ ਵਰਗੇ ਲੋਕਾਂ ਵਿੱਚ ਸ਼ਾਮਿਲ ਹੋ, ਜੋ ਡਾਕਟਰ ਦੀ ਬਜਾਏ ਗੂਗਲ ਉੱਤੇ ਅੱਖਾਂ ਬੰਦ ਕਰਕੇ ਵਿਸ਼ਵਾਸ ਕਰਦੇ ਹਨ, ਤਾਂ ਇਹ ਸਮਝ ਲਓ ਕਿ ਤੁਹਾਨੂੰ ਗੂਗਲ ਸਿੰਡਰੋਮ ਹੈ ਜਿਸ ਦੇ ਕਾਰਨ ਮਰੀਜ਼ ਆਪਣੀ ਬਿਮਾਰੀ ਨਾਲ ਸੰਬੰਧਿਤ ਹਰੇਕ ਛੋਟੀ ਤੋਂ ਛੋਟੀ ਜਾਣਕਾਰੀ ਗੂਗਲ ਤੋਂ ਜਾਨਣ ਦੀ ਕੋਸ਼ਿਸ਼ ਵਿੱਚ ਲੱਗੇ ਰਹਿੰਦੇ ਹਨ। ਇਸ ਵਜ੍ਹਾ ਨਾਲ ਕਈ ਵਾਰ ਅਜਿਹੇ ਲੋਕ ਮਾਹਿਰ ਡਾਕਟਰ ਦੀ ਸਲਾਹ ਅਤੇ ਉਸਦੇ ਇਲਾਜ ਨੂੰ ਗਲਤ ਕਰਾਰ ਦੇ ਦਿੰਦੇ ਹਨ, ਜਿਸ ਕਰਕੇ ਉਹਨਾਂ ਨੂੰ ਠੀਕ ਇਲਾਜ ਨਹੀਂ ਮਿਲਦਾ ਅਤੇ ਕਈ ਵਾਰ ਉਹ ਡਿਪਰੈਸ਼ਨ ਦਾ ਸ਼ਿਕਾਰ ਹੋ ਜਾਂਦੇ ਹਨ।

**ਗੂਗਲ ਸਿਰਫ ਸਰਚ ਇੰਜਨ ਹੈ**

ਇੰਟਰਨੈੱਟ ਅਤੇ ਸੋਸ਼ਲ ਮੀਡੀਆ ਦੇ ਮਾਹਰ ਬ੍ਰਿਜੇਸ਼ ਸ਼ੁਕਲ ਦਾ ਕਹਿਣਾ ਹੈ ਕਿ ਇੰਟਰਨੈੱਟ, ਗੂਗਲ ਜਾਂ ਸੋਸ਼ਲ ਮੀਡੀਆ ਉੱਤੇ ਜਿਹੜੇ ਵੀ ਕੰਟੈਂਟ ਪੜ੍ਹਨ ਜਾਂ ਦੇਖਣ ਨੂੰ ਮਿਲਦੇ ਹਨ, ਉਹ ਸਾਡੇ ਤੁਹਾਡੇ ਵਰਗੇ ਲੋਕ ਹੀ ਮੁਹੱਈਆ ਕਰਾਉਂਦੇ ਹਨ। ਗੂਗਲ ਅਤੇ ਯੂਟਿਊਬ ਉਤੇ ਬਿਮਾਰੀਆਂ ਅਤੇ ਇਲਾਜ ਨਾਲ ਜੁੜੀਆਂ ਸੂਚਨਾਵਾਂ ਜਾਂ ਵੀਡੀਓ ਪਾਉਣ ਵਾਲੇ ਦੋ ਤਰ੍ਹਾਂ ਦੇ ਲੋਕ ਹੁੰਦੇ ਹਨ- ਇੱਕ ਤਾਂ ਉਹ ਜੋ ਗੂਗਲ ਜਾਂ ਯੂਟਿਊਬ ਦੇ ਜਰੀਏ ਪੈਸਾ ਕਮਾਉਂਦੇ ਹਨ। ਅਜਿਹੇ ਲੋਕ ਬਿਨਾਂ ਜਾਂਚ ਪੜਤਾਲ ਕੀਤੇ ਭਰਮ ਪਾਊ ਅਤੇ ਸਿਹਤ ਲਈ ਨੁਕਸਾਨਦੇਹ ਸੁਝਾਅ ਵੀ ਪਾਉਂਦੇ ਰਹਿੰਦੇ ਹਨ; ਜਦ ਕਿ ਦੂਜੇ ਲੋਕ ਉਹ ਹਨ ਜਿਹੜੇ ਕਿਸੇ ਵੱਡੇ ਸੰਸਥਾਨ, ਖੋਜ ਅਦਾਰੇ ਜਾਂ ਹਸਪਤਾਲ ਨਾਲ ਜੁੜੇ ਮਾਹਰ ਲੋਕ ਹੁੰਦੇ ਹਨ। ਇਹ ਸਹੀ ਜਾਣਕਾਰੀਆਂ ਦਿੰਦੇ ਹਨ ਪ੍ਰੰਤੂ ਇਹਨਾਂ ਦੇ ਵੀਡੀਓ ਅਤੇ ਲੇਖਾਂ ਵਿੱਚ ਵੀ ਇਹ ਗੱਲ ਨਹੀਂ ਕਹੀ ਜਾਂਦੀ ਕਿ ਜਾਂਚ ਜਾਂ

ਇਲਾਜ ਆਪਣੇ ਆਪ ਸ਼ੁਰੂ ਕਰਨਾ ਹੈ।

ਉੱਤਰ ਪ੍ਰਦੇਸ਼ ਦੇ ਮਨੋਰੋਗਾਂ ਦੇ ਮਾਹਰ ਡਾਕਟਰ ਮਲਿਕ ਮੁਹੰਮਦ ਨੇ ਗੱਲਬਾਤ ਦੌਰਾਨ ਦੱਸਿਆ ਕਿ ਉਹਨਾਂ ਕੋਲ ਇਕ ਅਜਿਹਾ ਮਰੀਜ਼ ਆਇਆ ਜੋ ਮਾਨਸਿਕ ਬਿਮਾਰੀ ਨੂੰ ਦਿਲ ਦੀ ਬਿਮਾਰੀ ਸਮਝ ਕੇ ਲੱਖਾਂ ਰੁਪਏ ਆਪਣੇ ਇਲਾਜ ਅਤੇ ਜਾਂਚ ਉੱਤੇ ਖਰਚ ਕਰ ਚੁੱਕਾ ਸੀ।

ਉਸ ਨੂੰ ਸਮੱਸਿਆ ਇਹ ਸੀ ਕਿ ਕਦੇ ਕਦਾਈਂ ਉਸ ਦਾ ਦਿਲ ਤੇਜੀ ਨਾਲ ਧੜਕਣ ਲੱਗ ਜਾਂਦਾ ਸੀ। ਇਸ ਨਾਲ ਉਸ ਨੂੰ ਸਾਹ ਲੈਣ ਵਿੱਚ ਵੀ ਮੁਸ਼ਕਲ ਆਉਂਦੀ ਜਾਂ ਘੁਟਨ ਮਹਿਸੂਸ ਹੁੰਦੀ ਸੀ। ਇਸ ਦੌਰਾਨ ਉਸਨੂੰ ਚੱਕਰ ਆਉਂਦਾ ਸੀ, ਭਾਰਾਪਣ ਮਹਿਸੂਸ ਹੁੰਦਾ ਅਤੇ ਬੇਹੋਸ਼ੀ ਦੀ ਹਾਲਤ ਹੋ ਜਾਂਦੀ ਸੀ, ਜਿਆਦਾ ਪਸੀਨਾ ਆਉਂਦਾ ਸੀ, ਡਰ ਲੱਗਦਾ ਸੀ ਜਿਵੇਂ ਕਿ ਕੁਝ ਬੁਰਾ ਹੋਣ ਵਾਲਾ ਹੈ।

ਉਸ ਮਰੀਜ਼ ਨੇ ਆਪਣੇ ਲੱਛਣਾਂ ਨੂੰ ਗੂਗਲ ਉੱਤੇ ਪਾ ਕੇ ਸਰਚ ਕੀਤਾ ਤਾਂ ਸਾਰੇ ਲੱਛਣ ਹਾਰਟ-ਅਟੈਕ ਵਰਗੇ ਦੱਸੇ ਗਏ ਸਨ। ਇਸ ਦੇ ਬਾਅਦ ਉਹ ਏਨਾ ਡਰ ਗਿਆ ਕਿ ਉਸਨੇ ਇਕ ਸਾਲ ਦੇ ਅੰਦਰ ਹਰਟ ਨਾਲ ਜੁੜੀਆਂ ਸੈਂਕੜੇ ਜਾਂਚਾਂ ਕਰਵਾਈਆਂ ਅਤੇ ਕਈ ਡਾਕਟਰਾਂ ਕੋਲ ਗਿਆ, ਪ੍ਰੰਤੂ ਉਸ ਦੀ ਰਿਪੋਰਟ ਨਾਰਮਲ ਹੀ ਆਉਂਦੀ ਸੀ। ਉਸ ਮਰੀਜ਼ ਨੇ ਦੱਸਿਆ ਕਿ ਉਸਨੇ ਆਖਰੀ ਵਾਰ ਜਿਹੜੇ ਹਾਰਟ ਸਪੈਸ਼ਲਿਸਟ ਨੂੰ ਦਿਖਾਇਆ, ਉਸ ਡਾਕਟਰ ਨੇ ਕਿਹਾ ਕਿ ਇਹ ਦਿਲ ਨਾਲ ਜੁੜਿਆ ਮਾਮਲਾ ਨਹੀਂ ਸਗੋਂ ਦਿਮਾਗ ਨਾਲ ਜੁੜਿਆ ਮਾਮਲਾ ਹੈ। ਤਦ ਉਸ ਮਰੀਜ਼ ਨੂੰ ਲੱਗਾ ਕਿ ਉਸਨੇ ਗੂਗਲ ਦੇ ਚੱਕਰ ਵਿੱਚ ਲਗਭਗ ਪੰਜ ਲੱਖ ਰੁਪਏ ਜਾਂਚ ਅਤੇ ਇਲਾਜ ਦੇ ਨਾਂ ਉੱਤੇ ਬਰਬਾਦ ਕਰ ਦਿੱਤੇ ਹਨ ।

ਇਸ ਦੇ ਬਾਅਦ ਉਹ ਡਾਕਟਰ ਮਲਿਕ ਮੁਹੰਮਦ ਦੇ ਕੋਲ ਗਿਆ ਤਾਂ ਡਾਕਟਰ ਨੇ ਉਸ ਦੇ ਰਹਿਣ-ਸਹਿਣ, ਨੌਕਰੀ, ਪਰਿਵਾਰਕ ਹਾਲਾਤ ਦੀ ਹਿਸਟਰੀ ਲਈ, ਜਿਸਦੇ ਆਧਾਰ ਉੱਤੇ ਉਹਨਾਂ ਨੇ ਸਮੱਸਿਆ ਨੂੰ ਪੈਨਿਕ ਅਟੈਕ ਜਾਂ ਐਨਜ਼ਾਇਟੀ (Anxiety) ਨਾਂ ਦੀ ਇੱਕ ਦਿਮਾਗ ਨਾਲ ਜੁੜੀ ਬਿਮਾਰੀ ਦੱਸਿਆ, ਜਿਸ ਦੇ ਲੱਛਣ ਹਾਰਟ-ਅਟੈਕ ਵਰਗੇ ਹੀ ਹੁੰਦੇ ਹਨ।

ਡਾਕਟਰ ਮਲਿਕ ਮੁਹੰਮਦ ਦਾ ਕਹਿਣਾ ਹੈ ਕਿ ਅਜਿਹੇ ਲੱਛਣ ਵਾਲੇ ਮਰੀਜ਼ਾਂ ਨੂੰ ਹਾਰਟ ਅਟੈਕ ਤੋਂ ਜਿਆਦਾ ਡਰ ਲੱਗਦਾ ਹੈ। ਉਸ ਨੂੰ ਜਾਪਦਾ ਹੈ ਕਿ ਉਹ ਹੁਣੇ ਮਰਨ ਵਾਲਾ ਹੈ। ਉਹਨਾਂ ਨੇ ਉਸ ਮਰੀਜ਼ ਦਾ ਇਲਾਜ ਸ਼ੁਰੂ ਕੀਤਾ ਅਤੇ ਉਸ ਮਰੀਜ਼ ਦੀ ਹਾਲਤ ਵਿੱਚ ਕਾਫੀ ਸੁਧਾਰ ਆ ਗਿਆ। ਉਂਝ ਇਸ ਮਾਨਸਿਕ ਬਿਮਾਰੀ ਦਾ ਇਲਾਜ ਲੰਬਾ ਚਲਦਾ ਹੈ ਜਿਸ ਵਿੱਚ ਤਿੰਨ ਚਾਰ ਸਾਲ ਵੀ ਲੱਗ ਜਾਂਦੇ ਹਨ। ਇਸ ਦੀਆਂ ਦਵਾਈਆਂ ਬਹੁਤ ਸਸਤੀਆਂ ਹੁੰਦੀਆਂ ਹਨ। ਜੇਕਰ ਮਰੀਜ਼ ਪੂਰਾ ਇਲਾਜ ਕਰ ਲਵੇ ਤਾਂ ਫਿਰ ਇਸ ਬਿਮਾਰੀ ਦੇ ਦੁਬਾਰਾ ਹੋਣ ਦੀ ਸੰਭਾਵਨਾ ਘੱਟ ਹੀ ਹੁੰਦੀ ਹੈ।

**ਜਾਣਕਾਰੀ ਲਵੋ, ਪਰ ਅਜਮਾਓ ਨਾ**

ਡਾਕਟਰ ਵੀ. ਕੇ. ਵਰਮਾ ਦਾ ਕਹਿਣਾ ਹੈ ਕਿ ਗੂਗਲ ਤੋਂ ਜਾਣਕਾਰੀ ਜਰੂਰ ਲਵੋ ਪਰ ਪ੍ਰਮੁੱਖਤਾ ਡਾਕਟਰ ਦੀ ਸਲਾਹ ਨੂੰ ਹੀ ਦਿਓ। ਡਾਕਟਰ ਨੂੰ ਗੂਗਲ ਤੋਂ ਲਈ ਜਾਣਕਾਰੀ ਦੇ ਆਧਾਰ ਉੱਤੇ ਆਪਣਾ ਨਜ਼ਰੀਆ ਦੱਸੋ ਪਰ ਇੰਟਰਨੈੱਟ ਦੇ ਆਧਾਰ ਉੱਤੇ ਆਪਣੇ ਇਲਾਜ ਦਾ ਫੈਸਲਾ ਨਾ ਲਵੋ। ਡਾਕਟਰ ਸਾਹਿਬ ਨੇ ਦੱਸਿਆ ਕਿ ਉਹਨਾਂ ਦੇ ਕੋਲ ਕਈ ਅਜਿਹੇ ਮਾਮਲੇ ਆਉਂਦੇ ਰਹਿੰਦੇ ਹਨ, ਜਿਨ੍ਹਾਂ ਵਿੱਚ ਪਰਿਵਾਰ ਵਾਲੇ ਪਹਿਲਾਂ ਗੂਗਲ ਦਾ ਆਸਰਾ ਲੈ ਕੇ ਬੱਚੇ ਦਾ ਇਲਾਜ ਕਰਨ ਦੀ ਕੋਸ਼ਿਸ਼ ਕਰ ਰਹੇ ਸਨ ਅਤੇ ਬਾਅਦ ਵਿੱਚ ਹਾਲਤ ਗੰਭੀਰ ਹੋਣ ’ਤੇ ਬੱਚੇ ਨੂੰ ਉਹਨਾਂ ਪਾਸ ਲਿਆਉਣਾ ਪਿਆ।

ਡਾਕਟਰ ਨਵੀਨ ਸਿੰਘ ਦਾ ਕਹਿਣਾ ਸੀ ਕਿ ਕਈ ਲੋਕ ਅਜਿਹੇ ਹਨ ਜਿਹੜੇ ਹਰੇਕ ਗੱਲ ਦੀ ਜਾਣਕਾਰੀ ਜਾਂ ਹਰ ਸਮੱਸਿਆ ਦਾ ਹੱਲ ਗੂਗਲ ਜਾਂ ਯੂਟਿਊਬ ਦੁਆਰਾ ਕੱਢਣਾ ਚਾਹੁੰਦੇ ਹਨ ਭਾਵੇਂ ਉਹ ਕਿਸੇ ਖਾਣੇ ਦੀ ਰੈਸਪੀ ਹੋਵੇ, ਖੇਤੀਬਾੜੀ ਨਾਲ ਜੁੜੀ ਜਾਣਕਾਰੀ ਹੋਵੇ ਜਾਂ ਕੋਈ ਵੀ ਮੁੱਦਾ ਹੋਵੇ, ਜਦ ਕਿ ਸਿਹਤ ਦਾ ਮੁੱਦਾ ਇਹਨਾਂ ਸਾਰੀਆਂ ਗੱਲਾਂ ਤੋਂ ਵੱਖਰਾ ਹੁੰਦਾ ਹੈ। ਜੇਕਰ ਕੋਈ ਗੂਗਲ ਅਤੇ ਯੂਟਿਊਬ ਤੋਂ ਹੀ ਨੁਕਤੇ ਲੈ ਕੇ ਆਪਣਾ ਇਲਾਜ ਕਰਦਾ ਹੈ ਤਾਂ ਇਹ ਉਸ ਲਈ ਜਾਨਲੇਵਾ ਵੀ ਸਾਬਤ ਹੋ ਸਕਦਾ ਹੈ।

**ਇੰਟਰਨੈੱਟ ’ਤੇ ਭਰਮ ਪਾਊ ਜਾਣਕਾਰੀ ਸਾਂਝਾ ਕਰਨ ਦੀ ਆਗਿਆ ਨਹੀਂ ਹੈ** -ਇੰਟਰਨੈੱਟ ਮਾਹਿਰ ਅਨੰਦ ਕੁਮਾਰ ਦਾ ਕਹਿਣਾ ਹੈ ਕਿ ਯੂਟਿਊਬ ਉੱਤੇ ਕਿਸੇ ਬਿਮਾਰੀ ਦੇ ਇਲਾਜ ਜਾਂ ਦਵਾਈ ਦੇ ਬਾਰੇ ਗਲਤ ਜਾਣਕਾਰੀ ਦੇਣ ਵਾਲਾ ਕੋਈ ਕੰਟੈਂਟ ਪਾਉਣ ਦੀ ਆਗਿਆ ਨਹੀਂ ਹੈ। ਇਸ ਦਾ ਮਤਲਬ ਹੈ ਕਿ ਉਸ ਵਿੱਚ ਕੋਈ ਅਜਿਹੀ ਜਾਣਕਾਰੀ ਨਾ ਹੋਵੇ ਜਿਸ ਨਾਲ ਲੋਕਾਂ ਦੀ ਸਿਹਤ ਨੂੰ ਨੁਕਸਾਨ ਹੋਣ ਦਾ ਖਤਰਾ ਹੋਵੇ। ਅਜਿਹਾ ਨਿਯਮ ਹੋਣ ਦੇ ਬਾਵਜੂਦ ਬਹੁਤ ਸਾਰੇ ਲੋਕ ਸੁਣੀਆਂ ਸੁਣਾਈਆਂ ਗੱਲਾਂ ਜਾਂ ਨੀਮ ਹਕੀਮ ਆਪਣੇ ਹਾਨੀਕਾਰਕ ਟੋਟਕੇ ਸੋਸ਼ਲ ਮੀਡੀਆ ਉੱਤੇ ਪਾਉਂਦੇ ਰਹਿੰਦੇ ਹਨ। ਸੋ ਗੂਗਲ ਜਾਂ ਸੋਸ਼ਲ ਮੀਡੀਆ ਪੋਸਟਾਂ ਉੱਤੇ ਅੰਨ੍ਹਾ ਵਿਸ਼ਵਾਸ ਕਰਕੇ ਆਪਣਾ ਇਲਾਜ ਕਰਨ ਵਾਲੇ ਲੋਕ ਆਪਣਾ ਬਹੁਤ ਨੁਕਸਾਨ ਕਰਵਾ ਲੈਂਦੇ ਹਨ, ਜਿਸ ਤੋਂ ਬਚਣ ਦੀ ਲੋੜ ਹੈ।

**ਅਨੁਵਾਦ : ਪਵਨ ਕੁਮਾਰ ਰੱਤੋਂ** 94173-71455

**(ਹਿੰਦੀ ਮੈਗਜ਼ੀਨ 'ਸਰਸ ਸਲਿਲ' 'ਚੋਂ ਧੰਨਵਾਦ ਸਹਿਤ)**

14 ਜੂਨ ਨੂੰ ਵਿਸ਼ਵ ਖ਼ੂਨਦਾਨ ਦਿਵਸ 'ਤੇ

# ਕਾਰਲ ਲੈਂਡਸਟਾਈਨਰ - ਖ਼ੂਨ ਦੇ ਗਰੁੱਪਾਂ ਦਾ ਖੋਜੀ

ਵਿਗਿਆਨ ਦੀ ਦੁਨੀਆ ਵਿੱਚ ਕੁਝ ਨਾਮ ਅਜਿਹੇ ਹਨ ਜੋ ਸਦੀਆਂ ਤੱਕ ਚਮਕਦੇ ਰਹਿੰਦੇ ਹਨ। ਕਾਰਲ ਲੈਂਡਸਟਾਈਨਰ ਉਨ੍ਹਾਂ ਵਿੱਚੋਂ ਇੱਕ ਅਜਿਹਾ ਮਹਾਨ ਵਿਅਕਤੀ ਸੀ ਜਿਸਨੇ ਆਪਣੀ ਖੋਜ ਨਾਲ ਲੱਖਾਂ-ਕਰੋੜਾਂ ਜ਼ਿੰਦਗੀਆਂ ਬਚਾਈਆਂ। ਉਸਨੇ ਖ਼ੂਨ ਦੇ ਗਰੁੱਪਾਂ ਦੀ ਖੋਜ ਕਰਕੇ ਆਧੁਨਿਕ ਦਵਾਈ ਵਿਗਿਆਨ ਦੀ ਨੀਂਹ ਰੱਖੀ।

**ਜਨਮ ਅਤੇ ਮੁੱਢਲਾ ਜੀਵਨ**

ਕਾਰਲ ਲੈਂਡਸਟਾਈਨਰ ਦਾ ਜਨਮ 14 ਜੂਨ 1868 ਨੂੰ ਆਸਟਰੀਆ ਦੇ ਸ਼ਹਿਰ ਵਿਏਨਾ ਵਿੱਚ ਹੋਇਆ। ਉਸਦੇ ਪਿਤਾ ਇੱਕ ਪ੍ਰਸਿੱਧ ਪੱਤਰਕਾਰ ਸਨ, ਪਰ ਜਦੋਂ ਕਾਰਲ ਕੇਵਲ ਛੇ ਸਾਲ ਦਾ ਸੀ, ਉਸਦੇ ਪਿਤਾ ਦਾ ਦੇਹਾਂਤ ਹੋ ਗਿਆ। ਮਾਂ ਨੇ ਬੜੇ ਪਿਆਰ ਅਤੇ ਦ੍ਰਿੜ੍ਹਤਾ ਨਾਲ ਉਸਨੂੰ ਪਾਲਿਆ। ਮਾਂ ਅਤੇ ਪੁੱਤਰ ਦਾ ਰਿਸ਼ਤਾ ਇੰਨਾ ਡੂੰਘਾ ਸੀ ਕਿ ਕਾਰਲ ਨੇ ਆਪਣੇ ਦਫ਼ਤਰ ਵਿੱਚ ਹਮੇਸ਼ਾ ਮਾਂ ਦੀ ਤਸਵੀਰ ਰੱਖੀ।

ਕਾਰਲ ਬਚਪਨ ਤੋਂ ਹੀ ਬਹੁਤ ਤੀਖਣ ਬੁੱਧੀ ਦਾ ਮਾਲਕ ਸੀ। ਉਸਨੇ 1891 ਵਿੱਚ ਵਿਏਨਾ ਯੂਨੀਵਰਸਿਟੀ ਤੋਂ ਡਾਕਟਰੀ ਦੀ ਡਿਗਰੀ ਪ੍ਰਾਪਤ ਕੀਤੀ। ਉਸ ਤੋਂ ਬਾਅਦ ਉਸਨੇ ਜਰਮਨੀ ਅਤੇ ਸਵਿਟਜ਼ਰਲੈਂਡ ਵਿੱਚ ਰਸਾਇਣ ਵਿਗਿਆਨ ਦੀ ਡੂੰਘੀ ਸਿੱਖਿਆ ਲਈ। ਉਹ ਸਿਰਫ਼ ਡਾਕਟਰ ਹੀ ਨਹੀਂ, ਸਗੋਂ ਇੱਕ ਸੱਚਾ ਵਿਗਿਆਨੀ ਬਣਨਾ ਚਾਹੁੰਦਾ ਸੀ।

**ਮਹਾਨ ਖੋਜ - ਖ਼ੂਨ ਦੇ ਗਰੁੱਪ**

19ਵੀਂ ਸਦੀ ਤੱਕ ਖ਼ੂਨ ਚੜ੍ਹਾਉਣਾ ਇੱਕ ਬਹੁਤ ਖ਼ਤਰਨਾਕ ਕੰਮ ਮੰਨਿਆ ਜਾਂਦਾ ਸੀ। ਅਕਸਰ ਮਰੀਜ਼ਾਂ ਦੀ ਖ਼ੂਨ ਚੜ੍ਹਾਉਣ ਤੋਂ ਬਾਅਦ ਮੌਤ ਹੋ ਜਾਂਦੀ ਸੀ, ਪਰ ਕੋਈ ਨਹੀਂ ਜਾਣਦਾ ਸੀ ਕਿ ਅਜਿਹਾ ਕਿਉਂ ਹੁੰਦਾ ਹੈ। ਡਾਕਟਰ ਹਨੇਰੇ ਵਿੱਚ ਟੱਕਰਾਂ ਮਾਰਦੇ ਰਹਿੰਦੇ ਸਨ।

1901 ਵਿੱਚ ਕਾਰਲ ਲੈਂਡਸਟਾਈਨਰ ਨੇ ਇਸ ਰਹੱਸ ਤੋਂ ਪਰਦਾ ਚੁੱਕਿਆ। ਉਸਨੇ ਆਪਣੇ ਸਾਥੀਆਂ ਦਾ ਖ਼ੂਨ ਲੈ ਕੇ ਪ੍ਰਯੋਗਸ਼ਾਲਾ ਵਿੱਚ ਪ੍ਰਯੋਗ ਕੀਤੇ ਅਤੇ ਖੋਜ ਕੀਤੀ ਕਿ ਸਾਰੇ ਮਨੁੱਖਾਂ ਦਾ ਖ਼ੂਨ ਇੱਕੋ ਜਿਹਾ ਨਹੀਂ ਹੁੰਦਾ। ਉਸਨੇ ਖ਼ੂਨ ਨੂੰ ਤਿੰਨ ਸਮੂਹਾਂ- A, B ਅਤੇ O ਵਿੱਚ ਵੰਡਿਆ। ਬਾਅਦ ਵਿੱਚ ਉਸਦੇ ਸ਼ਾਗਿਰਦਾਂ ਨੇ ਚੌਥਾ ਗਰੁੱਪ AB ਵੀ ਖੋਜਿਆ। ਇਸ ਖੋਜ ਨੇ ਸਾਬਤ ਕੀਤਾ ਕਿ ਜੇ ਗ਼ਲਤ ਗਰੁੱਪ ਦਾ ਖ਼ੂਨ ਚੜ੍ਹਾਇਆ ਜਾਵੇ ਤਾਂ ਸਰੀਰ ਉਸਨੂੰ ਦੁਸ਼ਮਣ ਸਮਝ ਕੇ ਨਸ਼ਟ ਕਰਨਾ ਸ਼ੁਰੂ ਕਰ ਦਿੰਦਾ ਹੈ, ਜਿਸ ਕਾਰਨ ਮੌਤ ਹੋ ਜਾਂਦੀ ਸੀ।



ਇਹ ਇੱਕ ਇਨਕਲਾਬੀ ਖੋਜ ਸੀ। ਹਸਪਤਾਲਾਂ ਵਿੱਚ ਖ਼ੂਨ ਚੜ੍ਹਾਉਣਾ ਹੁਣ ਸੁਰੱਖਿਅਤ ਹੋ ਗਿਆ। ਯੁੱਧ ਦੇ ਮੈਦਾਨਾਂ ਵਿੱਚ ਜ਼ਖ਼ਮੀ ਸੈਨਿਕਾਂ ਨੂੰ ਬਚਾਇਆ ਜਾ ਸਕਿਆ। ਅੱਜ ਦੁਨੀਆ ਭਰ ਵਿੱਚ ਹਰ ਰੋਜ਼ ਲੱਖਾਂ ਲੋਕਾਂ ਨੂੰ ਖ਼ੂਨ ਚੜ੍ਹਾਇਆ ਜਾਂਦਾ ਹੈ - ਇਹ ਸਭ ਕਾਰਲ ਦੀ ਖੋਜ ਦੀ ਬਦੌਲਤ ਸੰਭਵ ਹੈ।

**Rh ਫ਼ੈਕਟਰ ਦੀ ਖੋਜ**

ਕਾਰਲ ਇੱਥੇ ਨਹੀਂ ਰੁਕਿਆ। 1940 ਵਿੱਚ, ਆਪਣੀ ਉਮਰ ਦੇ 72ਵੇਂ ਸਾਲ ਵਿੱਚ, ਉਸਨੇ ਆਪਣੇ ਸਾਥੀਆਂ ਅਲੈਗਜ਼ੈਂਡਰ ਵਾਈਨਰ ਅਤੇ ਫਿਲਿਪ ਲੈਵਾਈਨ ਨਾਲ ਮਿਲ ਕੇ Rh ਫ਼ੈਕਟਰ ਦੀ ਖੋਜ ਕੀਤੀ। ਇਸ ਖੋਜ ਨੇ ਦੱਸਿਆ ਕਿ ਕੁਝ ਮਾਵਾਂ ਅਤੇ ਉਨ੍ਹਾਂ ਦੇ ਹੋਣ ਵਾਲੇ ਬੱਚਿਆਂ ਵਿਚਕਾਰ Rh ਦਾ ਟਕਰਾਅ ਕਿਉਂ ਹੁੰਦਾ ਹੈ, ਜਿਸ ਨਾਲ ਬੱਚੇ ਦੀ ਜਾਨ ਖ਼ਤਰੇ ਵਿੱਚ ਪੈ ਜਾਂਦੀ ਸੀ। ਇਸ ਖੋਜ ਨੇ ਅਣਗਿਣਤ ਨਵਜੰਮੇ ਬੱਚਿਆਂ ਦੀਆਂ ਜ਼ਿੰਦਗੀਆਂ ਬਚਾਈਆਂ।

**ਸ਼ਖ਼ਸੀਅਤ ਅਤੇ ਸੁਭਾਅ**

ਕਾਰਲ ਲੈਂਡਸਟਾਈਨਰ ਸੁਭਾਅ ਤੋਂ ਬਹੁਤ ਸ਼ਾਂਤ, ਸਾਦਾ ਅਤੇ ਮਿਹਨਤੀ ਇਨਸਾਨ ਸੀ। ਉਹ ਸ਼ੋਹਰਤ ਤੋਂ ਦੂਰ ਰਹਿੰਦਾ ਸੀ ਅਤੇ ਆਪਣੀ ਖੋਜ ਵਿੱਚ ਮਗਨ ਰਹਿੰਦਾ ਸੀ। ਉਹ ਕਹਿੰਦਾ ਸੀ ਕਿ ਵਿਗਿਆਨੀ ਦਾ ਕੰਮ ਸੱਚ ਲੱਭਣਾ ਹੈ, ਨਾਮ ਕਮਾਉਣਾ ਨਹੀਂ। ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਉਹ ਅਮਰੀਕਾ ਚਲਾ ਗਿਆ ਅਤੇ ਨਿਊਯਾਰਕ ਵਿੱਚ ਰੌਕਫੈਲਰ ਇੰਸਟੀਚਿਊਟ ਵਿੱਚ ਖੋਜ ਕਾਰਜ ਜਾਰੀ ਰੱਖਿਆ।

**ਨੋਬਲ ਪੁਰਸਕਾਰ ਅਤੇ ਸਨਮਾਨ**

1930 ਵਿੱਚ ਕਾਰਲ ਲੈਂਡਸਟਾਈਨਰ ਨੂੰ ਨੋਬਲ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਹ ਪੁਰਸਕਾਰ ਉਸਨੂੰ ਬਲੱਡ ਗਰੁੱਪਾਂ ਦੀ ਖੋਜ ਲਈ ਮਿਲਿਆ, ਜੋ ਉਸਨੇ

ਲਗਭਗ ਤੀਹ ਸਾਲ ਪਹਿਲਾਂ ਕੀਤੀ ਸੀ। ਦੁਨੀਆ ਭਰ ਦੇ ਡਾਕਟਰਾਂ ਅਤੇ ਵਿਗਿਆਨੀਆਂ ਨੇ ਉਸਨੂੰ ਸਿਜਦਾ ਕੀਤਾ। ਉਸਦੇ ਜਨਮ ਦਿਨ 14 ਜੂਨ ਨੂੰ ਅੱਜ ਵਿਸ਼ਵ ਖ਼ੂਨਦਾਨ ਦਿਵਸ ਵਜੋਂ ਮਨਾਇਆ ਜਾਂਦਾ ਹੈ – ਇਸ ਤੋਂ ਵੱਡਾ ਸਨਮਾਨ ਕੀ ਹੋ ਸਕਦਾ ਹੈ?

**ਅੰਤਮ ਸਾਹ ਤੱਕ ਵਿਗਿਆਨ ਦੀ ਸੇਵਾ**

ਕਾਰਲ ਲੈਂਡਸਟਾਈਨਰ ਨੇ 26 ਜੂਨ 1943 ਨੂੰ ਆਪਣੀ ਪ੍ਰਯੋਗਸ਼ਾਲਾ ਵਿੱਚ ਕੰਮ ਕਰਦੇ ਹੋਏ ਹੀ ਆਖ਼ਰੀ ਸਾਹ ਲਿਆ। ਉਹ 75 ਸਾਲ ਦੀ ਉਮਰ ਵਿੱਚ ਵੀ ਵਿਗਿਆਨ ਦੇ ਪਿਆਰ ਵਿੱਚ ਡੁੱਬਿਆ ਹੋਇਆ ਸੀ। ਉਸਦੀ ਮੌਤ ਇੱਕ ਅਜਿਹੇ ਯੋਧੇ ਦੀ ਮੌਤ ਸੀ ਜੋ ਆਖ਼ਰੀ ਦਮ ਤੱਕ ਮੈਦਾਨ ਵਿੱਚ ਡਟਿਆ ਰਿਹਾ।

ਕਾਰਲ ਲੈਂਡਸਟਾਈਨਰ ਦੀ ਕਹਾਣੀ ਸਾਨੂੰ ਦੱਸਦੀ ਹੈ ਕਿ ਇੱਕ ਇਨਸਾਨ ਦੀ ਲਗਨ ਅਤੇ ਜਗਿਆਸਾ ਕਿਵੇਂ ਦੁਨੀਆ ਬਦਲ ਸਕਦੀ ਹੈ। ਮਨੁੱਖਤਾ ਨੂੰ ਇੱਕ ਅਨਮੋਲ ਤੋਹਫ਼ਾ ਦਿੱਤਾ। ਜਦੋਂ ਵੀ ਕੋਈ ਖ਼ੂਨਦਾਨ ਕਰਦਾ ਹੈ ਜਾਂ ਕਿਸੇ ਮਰੀਜ਼ ਨੂੰ ਖ਼ੂਨ ਚੜ੍ਹਾਇਆ ਜਾਂਦਾ ਹੈ, ਤਾਂ ਉਸ ਪਿੱਛੇ ਕਾਰਲ ਦੀ ਮਿਹਨਤ ਅਤੇ ਦੇਣ ਦੀ ਭਾਵਨਾ ਝਲਕਦੀ ਹੈ।

---

## ਤਲਵੰਡੀ ਸਾਬੋ ਵਿਖੇ ਵਿਸਾਖੀ ਮੇਲੇ 'ਤੇ ਦੋ ਦਿਨਾਂ ਤਰਕਸ਼ੀਲ ਕਾਨਫਰੰਸ

ਹਰ ਸਾਲ ਵਾਂਗ ਇਸ ਵਾਰ ਵੀ ਵਿਸਾਖੀ ਮੇਲੇ ਮੌਕੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਬਠਿੰਡਾ ਜੋਨ ਵੱਲੋਂ 13 ਅਤੇ 14 ਅਪ੍ਰੈਲ ਨੂੰ ਤਰਕਸ਼ੀਲ ਕਾਨਫਰੰਸ ਕੀਤੀ ਗਈ, ਜਿਸ ਵਿੱਚ ਬਠਿੰਡਾ, ਤਲਵੰਡੀ ਸਾਬੋ, ਮੌੜ ਮੰਡੀ ਇਕਾਈਆਂ ਵੱਲੋਂ ਪ੍ਰਬੰਧਕੀ ਜਿੰਮੇਂਵਾਰੀ ਉਠਾਈ ਗਈ। ਇਕਾਈ ਡੱਬਵਾਲੀ ਵਲੋਂ ਸਾਥੀ ਜਗਤਾਰ ਸਿੰਘੇਵਾਲਾ ਅਤੇ ਤਰਸੇਮ ਮਿਠੜੀ ਦੀ ਮੈਜਿਕ ਟੀਮ ਨੇ ਹੱਥ ਦੀ ਸਫਾਈ ਦੇ ਟਰਿੱਕ ਵਿਖਾ ਕੇ ਲੋਕਾਂ ਨੂੰ ਪ੍ਰੋਗਰਾਮ ਨਾਲ ਜੋੜ ਕੇ ਰੱਖਿਆ। ਇਸੇ ਤਰ੍ਹਾਂ ਇਕਾਈ ਬਠਿੰਡਾ ਦੇ ਸਾਥੀ ਕੁਲਵੰਤ ਸਿੰਘ ਨੇ ਮੈਜਿਕ ਸ਼ੋਅ ਪੇਸ਼ ਕਰਕੇ ਦੱਸਿਆ ਕਿ "ਜਾਦੂ ਨਾ ਕਾਲਾ ਨਾ ਚਿੱਟਾ, ਜਾਦੂ ਹੱਥ ਸਫਾਈ ਦਾ ਸਿੱਟਾ" ਹੈ।

ਦੋ ਦਿਨ ਅਤੇ ਇੱਕ ਰਾਤ ਚੱਲੇ ਇਸ ਤਰਕਸ਼ੀਲ ਪ੍ਰੋਗਰਾਮ ਦੌਰਾਨ ਜੋਨ ਬਠਿੰਡਾ ਦੇ ਆਗੂਆਂ-ਬਲਰਾਜ ਮੌੜ ਅਤੇ ਰਾਮ ਨਿਰਮਾਣ ਚੁੱਘੇ ਕਲਾਂ ਨੇ ਹਾਜਰ ਲੋਕਾਂ ਨਾਲ ਆਪਣੇ ਤਰਕਸ਼ੀਲ ਅਤੇ ਵਿਗਿਆਨਕ ਵਿਚਾਰ ਲਗਾਤਾਰ ਸਾਂਝੇ ਕੀਤੇ। ਇਕਾਈ ਮੌੜ ਦੇ ਆਗੂ ਮਾਸਟਰ ਰਮਨਦੀਪ ਜੋਧਪੁਰ ਪਾਖਰ ਨੇ ਵੀ ਇਸ ਕਾਨਫਰੰਸ ਨੂੰ ਸੰਬੋਧਨ ਕੀਤਾ।

ਇਕਾਈ ਬਠਿੰਡਾ ਵੱਲੋਂ ਲਗਾਤਾਰ ਪੂਰਾ ਸਮਾਂ ਤਰਕਸ਼ੀਲ, ਵਿਗਿਆਨਕ ਅਤੇ ਹੋਰ ਲੋਕਪੱਖੀ ਸਾਹਿਤ ਦੀਆਂ ਕਿਤਾਬਾਂ ਅਤੇ ਪੋਸਟਰ/ਬੈਨਰ ਪ੍ਰਦਰਸ਼ਨੀ ਲਾਕੇ ਤਰਕਸ਼ੀਲ ਵਿਚਾਰਾਂ ਦੀ ਸਾਂਝ ਪਾਈ ਜਿਸਦੀ ਅਗਵਾਈ ਜੋਨ ਦੇ ਵਿੱਤ ਵਿਭਾਗ ਮੁਖੀ ਮਾਸਟਰ ਗਿਆਨ ਸਿੰਘ, ਇਕਾਈ ਆਗੂ ਕੁਲਵੰਤ ਸਿੰਘ, ਹਾਕਮ ਸਿੰਘ ਅਤੇ ਚਰਨਜੀਤ ਸਿੰਘ ਨੇ ਕੀਤੀ। ਤਰਕਸ਼ੀਲ ਸਾਹਿਤ ਸਟਾਲ ਉਤੇ ਬਠਿੰਡਾ ਇਕਾਈ ਦੇ ਹੋਰ ਸਰਗਰਮ ਮੈਂਬਰਾਂ ਮਾਸਟਰ ਜੋਗਿੰਦਰ ਸਿੰਘ ਸਰਦਾਰਗੜ੍ਹ, ਜੋਗਿੰਦਰ ਸਿੰਘ ਬਠਿੰਡਾ, ਹਰਿੰਦਰ ਕੁਮਾਰ ਅਤੇ ਬਿਕਰਮਜੀਤ ਹੁਰਾਂ ਨੇ ਡਿਊਟੀ ਨਿਭਾਈ। ਸਟਾਲ ਤੋਂ ਵੱਡੀ ਮਾਤਰਾ ਵਿੱਚ ਤਰਕਸ਼ੀਲ ਸਾਹਿਤ ਲੋਕਾਂ ਵਿੱਚ ਗਿਆ ਅਤੇ ਤਰਕਸ਼ੀਲ ਮੈਗਜ਼ੀਨ ਦੇ ਨਵੇਂ ਚੰਦੇ ਭਰੇ ਗਏ।

ਇਕਾਈ ਤਲਵੰਡੀ ਸਾਬੋ ਦੇ ਮੁਖੀ ਮਹਿਮਾ ਸਿੰਘ ਧਿੰਗੜ, ਅਵਤਾਰ ਸਿੰਘ ਬੁਰਜ ਸੇਮਾ ਐਡਵੋਕੇਟ, ਜਗਦੀਪ ਗਿੱਲ, ਹਰਜਿੰਦਰ ਸਿੰਘ ਪੱਪੀ, ਯੋਗਰਾਜ ਭਾਗੀਵਾਂਦਰ, ਬਲਦੇਵ ਸਿੰਘ ਗਿੱਲ ਅਤੇ ਮੇਵਾ ਸਿੰਘ ਰੰਧਾਵਾ ਸੰਗਤ ਨੇ ਮੁਢਲੇ ਪ੍ਰਬੰਧ ਕੀਤੇ।

ਇਕਾਈ ਮੌੜ ਦੇ ਮੈਂਬਰ ਹਰਨੇਕ ਸਿੰਘ, ਹਰਬੰਸ ਕੁੱਬੇ, ਗੁਰਜੰਟ ਸਿੰਘ ਮੌੜ ਅਤੇ ਹੋਰ ਸਾਥੀਆਂ ਨੇ ਪ੍ਰੋਗਰਾਮ ਵਿੱਚ ਸਹਿਯੋਗ ਕੀਤਾ।

ਸੈਂਕੜੇ ਲੋਕਾਂ ਨੇ ਲਗਾਤਾਰ ਇਸ ਪੰਡਾਲ ਵਿੱਚ ਸ਼ਿਰਕਤ ਕੀਤੀ, ਤਰਕਸ਼ੀਲ ਅਤੇ ਵਿਗਿਆਨਕ ਵਿਚਾਰ ਸੁਣੇ, ਤਰਕਸ਼ੀਲ ਮੈਜਿਕ ਸ਼ੋਅ ਦਾ ਆਨੰਦ ਮਾਣਿਆ ਅਤੇ ਨਵੀਂ ਸੋਚ ਤੋਂ ਜਾਣੂ ਹੋਏ।

ਤਰਕਸ਼ੀਲ ਆਗੂਆਂ ਨੇ ਇਸ ਤਰਕਸ਼ੀਲ ਪ੍ਰੋਗਰਾਮ ਲਈ ਮੌਕੇ ਦੀ ਜਗ੍ਹਾ ਮੁਹੱਈਆ ਕਰਵਾਉਣ ਵਾਲੇ ਸ਼ੈਂਕੀ ਇੰਟਰਪ੍ਰਾਈਜਿਜ਼ ਦੇ ਮਾਲਿਕ ਸ਼੍ਰੀ ਵਿਜੈ ਕੁਮਾਰ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਸਦਕਾ ਤਰਕਸ਼ੀਲ ਸੁਸਾਇਟੀ ਦੀ ਇਹ ਕਾਨਫਰੰਸ ਵਧੀਆ ਤੇ ਢੁੱਕਵੀ ਥਾਂ 'ਤੇ ਹੋ ਸਕੀ।

ਇਸ ਤਰਕਸ਼ੀਲ ਕਾਨਫਰੰਸ ਨਾਲ ਬਹੁਤ ਵੱਡੀ ਗਿਣਤੀ ਵਿੱਚ ਨਵੇਂ ਲੋਕਾਂ ਵਿੱਚ ਤਰਕਸ਼ੀਲ ਸੁਸਾਇਟੀ ਦਾ ਪ੍ਰਚਾਰ ਹੋਇਆ।

**ਰਾਮ ਸਿੰਘ ਨਿਰਮਾਣ**

### ਤਰਕਸ਼ੀਲ ਨਾਟਕਾਂ ਉੱਤੇ ਮਹੱਤਵਪੂਰਨ ਖੋਜ-ਕਾਰਜ

# ਨਾਟਕ, ਤਰਕਸ਼ੀਲਤਾ ਅਤੇ ਤਰਕਸ਼ੀਲ ਸੁਸਾਇਟੀ

ਇਤਿਹਾਸ ਦੱਸਦਾ ਹੈ ਕਿ ਲਿਖਤਾਂ ਦਾ ਲਹਿਰਾਂ ਪੈਦਾ ਕਰਨ ਵਿੱਚ ਮਹੱਤਵਪੂਰਨ ਰੋਲ ਹੁੰਦਾ ਹੈ ਅਤੇ ਮੋੜਵੇਂ ਰੂਪ ਵਿੱਚ ਲਹਿਰਾਂ ਲਿਖਤਾਂ ਪੈਦਾ ਕਰਦੀਆਂ ਹਨ। ਪੰਜਾਬ ਵਿੱਚ ਤਰਕਸ਼ੀਲ ਸੋਚ, ਵਧੇਰੇ ਠੀਕ ਸ਼ਬਦਾਂ ਵਿੱਚ ਵਿਗਿਆਨਕ ਸੋਚ, ਤਾਂ ਸਦਾ ਤੋਂ ਹੀ ਮੌਜੂਦ ਰਹੀ ਹੈ ਪਰ ਤਰਕਸ਼ੀਲ ਲਹਿਰ ਦਾ ਜਨਮ ਅਬਰਾਹਿਮ ਟੀ ਕਾਵੂਰ ਦੀ ਚਮਤਕਾਰਾਂ ਅਤੇ ਅਖੌਤੀ ਬਾਬਿਆਂ ਦਾ ਪਰਦਾ ਚਾਕ ਕਰਦੀ ਅੰਗਰੇਜ਼ੀ ਪੁਸਤਕ (Begone godmen) ਦੇ ਪੰਜਾਬੀ ਅਨੁਵਾਦ '..ਤੇ ਦੇਵ ਪੁਰਸ਼ ਹਾਰ ਗਏ' ਤੋਂ ਬੱਝਿਆ। ਇਸ ਪੁਸਤਕ ਨਾਲ ਕਾਫੀ ਹੱਦ ਤੱਕ ਇੰਨ੍ਹਾਂ ਘਟਨਾਵਾਂ ਪਿੱਛੇ ਮੌਜੂਦ ਵਿਗਿਆਨਕ ਜਾਂ ਮਨੋਵਿਗਿਆਨਕ ਕਾਰਨਾਂ ਨੂੰ ਸਮਝਣ ਵਿੱਚ ਮੱਦਦ ਮਿਲੀ ਅਤੇ ਵਿਚਾਰਾਂ ਦੀ ਧੁੰਦ ਛਟ ਗਈ ਜਿਸ ਨਾਲ ਪੰਜਾਬ ਵਿੱਚ ਅਜਿਹੇ ਕੇਸ ਧੜਾ-ਧੜ ਹੱਲ ਹੋਣ ਲੱਗੇ, ਗੈਬੀ ਸ਼ਕਤੀ ਦੇ ਦਾਅਵੇਦਾਰਾਂ ਨੂੰ ਚੁਣੌਤੀ ਦਾ ਸਾਹਮਣਾ ਕਰਨਾ ਪਿਆ, ਜਥੇਬੰਦਕ ਪੱਧਰ 'ਤੇ ਤਰਕਸ਼ੀਲ ਸੋਸਾਇਟੀ ਦਾ ਗਠਨ ਹੋਇਆ, ਅਨੁਵਾਦਿਤ ਪੁਸਤਕਾਂ ਦੇ ਨਾਲੋਂ ਨਾਲ ਮੌਲਿਕ ਪੁਸਤਕਾਂ ਰਚੀਆਂ ਜਾਣੀਆਂ ਸ਼ੁਰੂ ਹੋਈਆਂ ਅਤੇ ਤਰਕਸ਼ੀਲ ਵਿਚਾਰਾਂ ਵਾਲੇ ਰਸਾਲੇ ਛੱਪਣ ਲੱਗੇ।




ਇਸੇ ਲਹਿਰ ਦੇ ਪ੍ਰਭਾਵ ਅਧੀਨ ਜਿੱਥੇ ਹੋਰ ਸਾਹਿਤਕ ਵਿਧਾਵਾਂ ਵਿੱਚ ਰਚਨਾ ਹੋਈ, ਉੱਥੇ ਸਭ ਤੋਂ ਵੱਧ ਆਮ ਲੋਕਾਂ 'ਤੇ ਪ੍ਰਭਾਵ ਤਰਕਸ਼ੀਲ ਨਾਟਕਾਂ ਦਾ ਪਿਆ। ਖਾਸ ਕਰਕੇ ਗੁਰਸ਼ਰਨ ਸਿੰਘ ਹੋਰਾਂ ਦਾ ਲਿਖਿਆ ਨਾਟਕ "...ਤੇ ਦੇਵ ਪੁਰਸ਼ ਹਾਰ ਗਏ" ਬਹੁਤ ਖੇਡਿਆ ਗਿਆ। ਇਸਦੇ ਨਾਲ ਹੀ ਤਰਕਸ਼ੀਲ ਵਿਚਾਰਾਂ ਨਾਲ ਸਬੰਧਿਤ ਲਗਭਗ ਹਰ ਸਾਹਿਤ ਰੂਪ ਵਿੱਚ ਰਚਨਾ ਹੋਈ। ਇਸਦਾ ਸਾਹਿਤਕ ਪੱਖ ਤੋਂ ਆਲੋਚਨਾਤਮਕ ਮੁਲੰਕਣ ਵੀ ਸ਼ੁਰੂ ਹੋ ਗਿਆ। ਗੁਰਜੀਤ ਸਿੰਘ ਨੇ 2003 ਵਿੱਚ 'ਪੰਜਾਬੀ ਸਾਹਿਤ ਉੱਪਰ ਤਰਕਸ਼ੀਲ ਲਹਿਰ ਦਾ ਪ੍ਰਭਾਵ' ਐੱਮ.ਫਿੱਲ ਪੱਧਰ ਦਾ ਖੋਜ ਨਿਬੰਧ ਮੇਰੀ ਨਿਗਰਾਨੀ ਹੇਠ ਲਿਖਿਆ। ਉਸ ਤੋਂ ਬਾਅਦ ਅਕਸਰ ਸਾਹਿਤ ਆਲੋਚਨਾ ਵਿੱਚ ਤਰਕਸ਼ੀਲ ਸਾਹਿਤ ਦਾ ਜ਼ਿਕਰ ਹੋਣ ਲੱਗਿਆ।

ਹੱਥਲੀ ਪੁਸਤਕ 'ਨਾਟਕ, ਤਰਕਸ਼ੀਲਤਾ ਤੇ ਤਰਕਸ਼ੀਲ ਸੁਸਾਇਟੀ : ਇਤਿਹਾਸਕ ਪਰਿਪੇਖ' ਡਾ. ਕੰਵਲ ਢਿੱਲੋਂ ਨੇ ਲਿਖੀ ਹੈ, ਜੋ ਕਿ ਅਕਾਦਮਿਕ ਪੱਖੋਂ ਉੱਚ-ਪੱਧਰ ਦਾ ਖੋਜ-ਕਾਰਜ਼ ਹੈ। ਪੁਸਤਕ ਨੂੰ ਉਨ੍ਹਾਂ ਨੇ ਤਿੰਨ ਭਾਗਾਂ ਵਿੱਚ ਵੰਡਿਆ ਹੈ, ਪਹਿਲੇ ਭਾਗ ਵਿੱਚ 'ਨਾਟਕ ਤੇ ਤਰਕਸ਼ੀਲਤਾ: ਸਿਧਾਂਤ ਇਤਿਹਾਸ ਤੇ ਵਿਕਾਸ' ਦੇ ਸਿਰਲੇਖ ਅਧੀਨ ਕ੍ਰਮਵਾਰ ਪੱਛਮੀ ਨਾਟਕ, ਸੰਸਕ੍ਰਿਤ ਨਾਟਕ, ਆਧੁਨਿਕ ਭਾਰਤੀ ਨਾਟਕ ਅਤੇ ਪੰਜਾਬੀ ਨਾਟਕ ਵਿੱਚ ਤਰਕਸ਼ੀਲ ਵਿਚਾਰਾਂ ਦੀ ਨਿਸ਼ਾਨਦੇਹੀ ਕੀਤੀ ਹੈ। ਡਾਕਟਰ ਕੰਵਲ ਢਿੱਲੋਂ ਨੇ ਪੰਜਾਬੀ ਨਾਟ-ਪਰੰਪਰਾ ਨੂੰ ਚਾਰ ਪੀੜ੍ਹੀਆਂ ਵਿੱਚ ਵੰਡ ਕੇ, ਹਰ ਪੀੜ੍ਹੀ ਵਿੱਚ ਮੌਜੂਦ ਤਰਕਸ਼ੀਲ ਵਿਚਾਰਾਂ ਵਾਲੇ ਨਾਟਕਕਾਰਾਂ ਅਤੇ ਨਾਟਕਾਂ ਦੀ ਨਿਸ਼ਾਨਦੇਹੀ ਕੀਤੀ ਹੈ। ਉਨ੍ਹਾਂ ਦਰਸਾਇਆ ਹੈ ਕਿ ਆਈ. ਸੀ. ਨੰਦਾ ਦੇ ਨਾਟਕ 'ਜਿੰਨ','ਮੌਨਧਾਰੀ' ਅਤੇ 'ਬੇਬੇ ਰਾਮ ਭਜਨੀ' ਆਦਿ ਵਿੱਚ ਵਹਿਮਾਂ-ਭਰਮਾਂ, ਟੂਣੇ-ਟਾਮਣਾਂ, ਭੂਤਾਂ-ਚੜੇਲਾਂ, ਦਾਨ-ਪੁੰਨ ਅਤੇ ਹੋਰ ਪਖੰਡਾਂ ਦਾ ਖੰਡਨ ਕੀਤਾ ਹੋਇਆ ਹੈ। ਹਰਚਰਨ ਸਿੰਘ ਦੇ ਨਾਟਕ 'ਕੱਲ੍ਹ, ਅੱਜ ਤੇ ਭਲਕ' ਵਿੱਚ ਵੀ ਪਖੰਡੀ ਡੇਰੇਦਾਰਾਂ ਅਤੇ ਰਾਜਸੀ ਲੋਕਾਂ ਦੀ ਸਾਂਝਦਾਰੀ ਪੇਸ਼ ਹੁੰਦੀ ਹੈ। ਇਸੇ ਪ੍ਰਕਾਰ ਗੁਰਚਰਨ ਸਿੰਘ ਜਸੂਜਾ ਨੇ 'ਗਊ ਮੁੱਖਾ ਸ਼ੇਰ ਮੁੱਖਾ' ਵਿੱਚ ਤਰਕਸ਼ੀਲ ਵਿਚਾਰ ਹੀ ਫੈਲਾਏ ਸਨ। ਪ੍ਰੰਤੂ ਤਰਕਸ਼ੀਲ ਲਹਿਰ ਦੇ ਪੈਦਾ ਹੋ ਜਾਣ ਨਾਲ ਗੁਰਸ਼ਰਨ ਸਿੰਘ, ਅਜਮੇਰ ਔਲਖ, ਚਰਨ ਦਾਸ ਸਿੱਧੂ ਨੇ ਹੋਰ ਨਾਟਕਾਂ ਦੇ ਨਾਲੋਂ ਨਾਲ ਤਰਕਸ਼ੀਲ ਸੋਚ ਵਾਲੇ ਨਾਟਕ ਲਿਖੇ ਅਤੇ ਖੇਡੇ। ਅਜਮੇਰ ਔਲਖ ਦੇ 'ਚਾਨਣ ਦੇ ਵਣਜਾਰੇ', 'ਜਲ ਦੇਵ' 'ਸੁੱਕੀ ਕੁੱਖ' ਬਲਦੇਵ ਸਿੰਘ ਦੇ 'ਪੰਡਿਤ ਬਲਾਕੀ ਰਾਮ', 'ਝਿੜੀ ਵਾਲਾ ਬਾਬਾ', ਬਲਰਾਮ ਦਾ 'ਬਾਲ ਭਗਵਾਨ', ਦਰਸ਼ਨ ਮਿੱਤਵਾ ਦਾ 'ਪ੍ਰੇਤ', ਸਤੀਸ਼ ਕੁਮਾਰ ਵਰਮਾ ਦਾ 'ਠੱਗ ਠੱਗੇ ਗਏ' ਮਾਸਟਰ ਤਰਲੋਚਨ ਸਿੰਘ ਦਾ 'ਸਾੜ੍ਹਸਤੀ' ਤੇ 'ਆਦਮਖੋਰ', ਸੰਜੀਵਨ ਦਾ 'ਡੈਣ', ਸੋਮਪਾਲ ਹੀਰਾ ਦਾ 'ਸੱਚ ਦਾ ਕਤਲ' ਤੇ 'ਵਿਆਹ ਦਾ ਭੂਤ', ਖੁਦ ਕੰਵਲ ਢਿੱਲੋਂ ਦਾ 'ਪਾਰੋ ਜੋ ਇੱਕ ਕਹਾਣੀ ਨਹੀਂ', ਕੁਲਦੀਪ ਦੀਪ ਦਾ 'ਰਿਸ਼ਮਾਂ ਦੇ ਕਾਤਲ' ਰਾਜਵਿੰਦਰ ਸਮਰਾਲੇ ਦਾ 'ਤਰਕ ਦੀ ਸਾਣ 'ਤੇ ਅਤੇ ਨਿਰਮਲ ਜੌੜਾ ਨੇ 'ਸਵਾਮੀ' ਨਾਟਕ ਦੀ ਸਿਰਜਣਾ ਕਰਕੇ ਨਿਰੋਲ ਤਰਕਸ਼ੀਲ

ਵਿਚਾਰਾਂ ਵਾਲੇ ਨਾਟਕ ਵਿੱਚ ਵਾਧਾ ਕੀਤਾ। ਇਹ ਨਾਟਕ ਨਾ ਕੇਵਲ ਤਰਕਸ਼ੀਲ਼ ਲਹਿਰ ਤੋਂ ਪ੍ਰਭਾਵਿਤ ਹੀ ਸਨ ਸਗੋਂ ਇਨ੍ਹਾਂ ਨੇ ਤਰਕਸ਼ੀਲ ਲਹਿਰ ਨੂੰ ਪਸਾਰਨ ਵਿੱਚ ਵੀ ਵੱਡਾ ਯੋਗਦਾਨ ਪਾਇਆ। ਇਹ ਖੋਜ ਕਾਰਜ ਇੱਕ ਨਵਾਂ ਵਿਚਾਰ ਸਾਹਮਣੇ ਲਿਆਉਂਦਾ ਹੈ ਕਿ '1913 ਵਿੱਚ ਗਿਆਨੀ ਕੇਸਰ ਸਿੰਘ ਦੇ ਇੱਕ ਕਲਾਕਾਰੀ ਨਾਟਕ 'ਜਾਦੂਗਰ' ਦੀ ਕਨਸੋਅ ਵੀ ਮਿਲਦੀ ਹੈ, ਜਿਸ ਨੂੰ ਤਰਕਸ਼ੀਲ ਵਿਚਾਰਾਂ ਦਾ ਹੋਣ ਕਰਕੇ ਉਸ ਸਮੇਂ ਦੇ ਅਖੌਤੀ ਧਾਰਮਿਕ ਲੀਡਰਾਂ ਨੇ ਇਸ ਨਾਟਕ ਦਾ ਮੰਚਨ ਨਹੀਂ ਹੋਣ ਦਿੱਤਾ ਅਤੇ ਜੋ ਸਮੇਂ ਦੀ ਧੂੜ ਵਿੱਚ ਗਵਾਚ ਗਿਆ।" ਮੈਂ ਸਮਝਦਾ ਹਾਂ ਇਸ ਸਬੰਧੀ ਹੋਰ ਖੋਜ ਕਰਨ ਦੀ ਜਰੂਰਤ ਹੈ, ਜੇ ਇਸ ਦੀ ਕਾਪੀ ਮਿਲ ਸਕੇ ਜਾਂ ਠੋਸ ਪ੍ਰਮਾਣਕ ਗਵਾਹੀ ਮਿਲ ਸਕੇ ਤਾਂ ਇਹ ਇੱਕ ਵੱਡੀ ਲੱਭਤ ਹੋਵੇਗੀ।

ਖੋਜਾਰਥੀ ਦੇ ਇਸ ਸਿੱਟੇ ਨਾਲ ਸਹਿਮਤ ਹੋਇਆ ਜਾ ਸਕਦਾ ਹੈ ਕਿ ਪਹਿਲੀ ਪੀੜ੍ਹੀ ਤੋਂ ਚੌਥੀ ਪੀੜ੍ਹੀ ਤੱਕ ਪਹੁੰਚਦਿਆਂ ਪੰਜਾਬੀ ਨਾਟਕ ਨੇ ਤਰਕਸ਼ੀਲ ਲਹਿਰ ਦੇ ਨਿਕਾਸ ਤੇ ਵਿਕਾਸ ਵਿੱਚ ਬਾਕੀ ਸਾਹਿਤ ਰੂਪਾਂ ਨਾਲੋਂ ਜਿਆਦਾ ਵਾਧਾ ਕੀਤਾ ਹੈ। ਦੂਜੇ ਭਾਗ ਵਿੱਚ ਲੇਖਕ ਨੇ ਅਕਾਦਮਿਕ ਲੋੜ ਵਾਲਾ ਕੰਮ ਭਾਵ ਪਹਿਲਾਂ ਹੋਏ ਖੋਜ ਕਾਰਜ ਦਾ ਸਰਵੇਖਣ ਤੇ ਮੁਲੰਕਣ ਕੀਤਾ ਹੈ। ਇਸ ਭਾਗ ਵਿੱਚ ਖੋਜਾਰਥੀ ਦੀਆਂ ਦੋ ਟਿੱਪਣੀਆਂ ਧਿਆਨ ਮੰਗਦੀਆਂ ਹਨ ਉਸ ਨੇ ਸਿੱਟਾ ਕੱਢਿਆ ਹੈ ਕਿ "ਵਾਰਤਕ ਰੂਪ ਵਿੱਚ ਤਰਕਸ਼ੀਲ ਸਿਰਜਣਾ ਕਹਾਣੀ, ਨਾਵਲ, ਕਵਿਤਾ ਤੇ ਨਾਟਕ ਨਾਲੋਂ ਵੱਧ ਮਾਤਰਾ ਵਿੱਚ ਹੋਈ ਹੈ "ਦੂਸਰੀ ਟਿੱਪਣੀ ਵੀ ਮਹੱਤਵਪੂਰਨ ਹੈ ਕਿ "ਪੰਜਾਬ ਵਿੱਚ ਅਨੇਕ ਲਹਿਰਾਂ ਦਾ ਵਹਾਅ ਰਿਹਾ ਹੈ, ਪਰ ਤਰਕਸ਼ੀਲ ਲਹਿਰ ਇੱਕ ਲਹਿਰ ਤੋਂ ਸੰਸਥਾ ਬਣਨ ਵਿੱਚ ਕਾਮਯਾਬ ਰਹੀ ਹੈ"। ਮੈਂ ਸਮਝਦਾ ਹਾਂ ਕਿ ਕਿਸੇ ਖੋਜਾਰਥੀ ਵੱਲੋਂ ਤੱਥਾਂ ਨੂੰ ਇਕੱਠੇ ਕਰ ਲੈਣਾ ਜਾਂ ਉਸ ਦਾ ਵਿਸ਼ਲੇਸ਼ਣ ਕਰਨਾ ਹੀ ਕਾਫੀ ਨਹੀਂ ਹੁੰਦਾ ਸਗੋਂ ਉਸ ਤੋਂ ਸਿੱਟੇ ਕੱਢਣੇ ਹੀ ਮਹੱਤਵਪੂਰਨ ਹੁੰਦੇ ਹਨ, ਖੋਜਾਰਥੀ ਇਸ ਪੱਖੋਂ ਸਫਲ ਰਿਹਾ ਹੈ।

ਇਸ ਪੁਸਤਕ ਦਾ ਤੀਸਰਾ ਭਾਗ ਅਸਲ ਵਿੱਚ ਤਰਕਸ਼ੀਲ ਲਹਿਰ ਦਾ ਸੰਖੇਪ ਇਤਿਹਾਸ ਹੈ। ਇਸ ਭਾਗ ਦੇ ਆਰੰਭ ਵਿੱਚ ਤਾਂ ਉਸ ਨੇ ਤਰਕਸ਼ੀਲ ਸ਼ਬਦ ਨੂੰ ਵਿਆਖਿਆ ਦਿੱਤੀ ਹੈ ਬਾਅਦ ਵਿੱਚ ਉਨ੍ਹਾਂ ਨੇ ਵੱਖ-ਵੱਖ ਚਿੰਤਕਾਂ ਦੇ ਹਵਾਲੇ ਨਾਲ ਤਰਕਸ਼ੀਲਤਾ, ਧਰਮ ਅਤੇ ਰੱਬ ਦੇ ਸੰਕਲਪ ਨੂੰ ਪਰਿਭਾਸ਼ਿਤ ਕਰਨ ਦਾ ਯਤਨ ਕੀਤਾ ਹੈ। ਇਸ ਭਾਗ ਵਿੱਚ ਉਨ੍ਹਾਂ ਨੇ ਤਰਕਸ਼ੀਲ ਸੁਸਾਇਟੀਆਂ ਦੇ ਕੰਮਾਂ ਕਾਰਾਂ ਨੂੰ ਸੋਹਣੇ ਢੰਗ ਨਾਲ ਦਰਸਾਇਆ ਹੈ। ਚੁਣੌਤੀ ਦੀਆਂ ਸ਼ਰਤਾਂ ਤੋਂ ਲੈ ਕੇ ਸੁਸਾਇਟੀ ਵੱਲੋਂ ਪ੍ਰਕਾਸ਼ਿਤ ਪੁਸਤਕਾਂ ਦੀ ਸੂਚੀ ਤਕ ਦਰਜ ਕੀਤੀ ਹੈ। ਉਨ੍ਹਾਂ ਦਰਸਾਇਆ ਹੈ ਕਿ ਸੁਸਾਇਟੀ ਨੇ ਵਹਿਮਾਂ ਭਰਮਾਂ ਤੋਂ ਮੁਕਤੀ ਲਈ ਕਾਨਫਰੰਸਾਂ, ਸੈਮੀਨਾਰ, ਵਰਕਸ਼ਾਪਾਂ, ਰੈਲੀਆਂ ਮੁਜਾਹਰੇ ਅਤੇ ਜਾਦੂ ਸ਼ੋਅ ਕੀਤੇ ਹਨ। ਇਸੇ ਪ੍ਰਕਾਰ ਮਾਨਸਿਕ ਸਿਹਤ ਮਸ਼ਵਰਾ ਵਿਭਾਗ ਰਾਹੀਂ ਲਗਾਤਾਰ ਮਾਨਸਿਕ ਰੋਗੀਆਂ ਦਾ ਇਲਾਜ ਕੀਤਾ ਜਾਂਦਾ ਹੈ। ਨਵੀਂ ਪੀੜ੍ਹੀ ਖਾਸ ਕਰਕੇ ਵਿਦਿਆਰਥੀਆਂ ਨੂੰ ਨਾਲ ਜੋੜਨ ਲਈ ਚੇਤਨਾ ਪਰਖ ਪ੍ਰੀਖਿਆ ਕਰਵਾਈ ਜਾਂਦੀ ਹੈ। ਇਸੇ ਪ੍ਰਕਾਰ ਬਰਨਾਲੇ ਵਿੱਚ ਬਣਿਆ ਤਰਕਸ਼ੀਲ ਭਵਨ ਨਾ ਕੇਵਲ ਤਰਕਸ਼ੀਲ ਵਿਚਾਰਾਂ ਦਾ ਹੀ ਕੇਂਦਰ ਬਣਿਆ ਹੈ, ਸਗੋਂ ਸਾਰੀਆਂ ਹੀ ਅਗਾਂਹ ਵਧੂ ਸਰਗਰਮੀਆਂ ਦਾ ਕੇਂਦਰ ਹੈ।

ਉਸ ਦੀ ਤਰਕਸ਼ੀਲ ਲਹਿਰ ਦੇ ਜਨਮ ਤੇ ਵਿਕਾਸ ਬਾਰੇ ਕੀਤੀ ਟਿੱਪਣੀ ਬਹੁਤ ਮਹੱਤਵਪੂਰਨ ਹੈ। **"ਕੋਈ ਵੀ ਲਹਿਰ ਇੱਕ ਸਾਲ ਵਿੱਚ ਆਪਣਾ ਵਹਾਅ ਨਹੀਂ ਬਣਾ ਸਕਦੀ ਜਦੋਂ ਚਾਰੇ-ਪਾਸੇ ਵਿਰੋਧੀ ਪ੍ਰਸਥਿਤੀਆਂ ਹੋਣ, ਫ਼ਿਰਕੂ ਹਨੇਰੀ ਝੁੱਲ ਰਹੀ ਹੋਵੇ, ਅੰਤਾਂ ਦਾ ਧਾਰਮਿਕ ਕੱਟੜਤਾ ਵਾਲ਼ਾ ਮਾਹੌਲ ਹੋਵੇ ਤੇ ਉਸੇ ਮਾਹੌਲ ਨੂੰ 'ਲਹਿਰ' ਸਵਾਲ-ਦਰ-ਸਵਾਲ ਕਰੇ, ਉਨ੍ਹਾਂ ਦੇ ਧਾਰਮਿਕ ਅਕੀਦੇ ਉੱਤੇ ਕਿੰਤੂ-ਪ੍ਰੰਤੂ ਕਰੇ, ਘੱਟ-ਗਿਣਤੀ ਹੋ ਕੇ ਬਹੁ-ਗਿਣਤੀ ਦੇ ਅਸਾਵੇਂ ਮਾਹੌਲ ਵਿੱਚ ਖੁੱਲ੍ਹ ਕੇ ਵਿਚਰੇ, ਜਿੱਥੇ ਆਮ ਲੋਕਾਈ ਲਈ ਸਾਹ ਲੈਣਾ ਵੀ ਔਖਾ ਹੋਵੇ ਉੱਥੇ ਤਰਕਸ਼ੀਲ ਲਹਿਰ ਦਾ ਪੈਦਾ ਹੋਣਾ ਅਤੇ ਲਹਿਰ ਤੋਂ ਜੱਥੇਬੰਦੀ ਬਣਨਾ ਅਤੇ ਸਧਾਰਨ ਤੋਂ ਸਧਾਰਨ ਲੋਕਾਂ ਨੂੰ ਜੱਥੇਬੰਦ ਕਰਕੇ ਜੱਥੇਬੰਦੀ ਨੂੰ ਬਕਾਇਦਾ ਸੰਵਿਧਾਨਕ ਰੂਪ ਦੇ ਕੇ ਸੁਸਾਇਟੀ ਬਣਾ ਦੇਣਾ ਆਪਣੇ-ਆਪ ਵਿੱਚ ਬਹੁਤ ਵੱਡੀ ਪ੍ਰਾਪਤੀ ਹੈ। ਕੋਈ ਵੀ ਲਹਿਰ, ਜੱਥੇਬੰਦੀ, ਸੁਸਾਇਟੀ ਖਲਾਅ ਵਿੱਚੋਂ ਪੈਦਾ ਨਹੀਂ ਹੋ ਸਕਦੀ। ਉਸ ਪਿੱਛੇ ਸਦੀਆਂ ਦੀ ਘਾਲਣਾ ਹੁੰਦੀ ਹੈ ਪਰ ਇਹ ਵੀ ਇੱਕ ਸੱਚਾਈ ਹੈ ਕਿ ਪੰਜਾਬ ਵਿੱਚ ਤਰਕਸ਼ੀਲ ਸੁਸਾਇਟੀ ਦਾ ਜਨਮ ਇੱਕ ਸਬੱਬ ਹੈ ਜੋ ਡਾਕਟਰ ਇਬਰਾਹਿਮ ਥਾਮਸ ਕਾਵੂਰ ਦੀ ਕਿਤਾਬ 'Begone Godmen' ਰਾਹੀਂ ਬਣਦਾ ਹੈ।"**

ਮੈਂ ਸਮਝਦਾ ਹਾਂ ਕਿ ਇਹ ਖੋਜ-ਕਾਰਜ ਤਰਕਸ਼ੀਲ ਲਹਿਰ ਲਈ ਮਾਣ ਵਾਲੀ ਗੱਲ ਹੈ। ਇਹ ਪੁਸਤਕ ਕੇਵਲ ਨਾਟਕ ਜਾਂ ਤਰਕਸ਼ੀਲਤਾ ਜਾਂ ਤਰਕਸ਼ੀਲ ਸੁਸਾਇਟੀ ਵਿੱਚ ਰੁਚੀ ਰੱਖਣ ਵਾਲਿਆਂ ਲਈ ਹੀ ਨਹੀਂ, ਸਗੋਂ ਪੰਜਾਬੀ ਚੇਤਨਾ ਦੇ ਵਿਕਾਸ ਨੂੰ ਸਮਝਣ ਵਾਲੇ ਸਾਰੇ ਜਗਿਆਸੂਆਂ ਲਈ ਲਾਭਦਾਇਕ ਹੈ।

**ਪ੍ਰੋ. ਰਜਿੰਦਰ ਪਾਲ ਬਰਾੜ**
**98150 50617**

### ਆਪਣੇ ਗੁਰੂ ਵਾਸਤੇ ਜਾਨ ਕੁਰਬਾਨ ਕਰ ਦੇਣ ਵਾਲੀ

# ਬਹਾਦਰ ਭੀਲ ਬਾਲਿਕਾ ਕਾਲੀ ਬਾਈ

- ਭੁਪਿੰਦਰ ਉਪਰਾਮ

ਭੀਲ ਕਬੀਲੇ ਨਾਲ ਸੰਬੰਧਿਤ ਬੱਚੀ ਕਾਲੀ ਬਾਈ ਦਾ ਆਪਣੇ ਗੁਰੂ ਜੀ ਵਾਸਤੇ ਦਿੱਤਾ ਹੋਇਆ ਬਲੀਦਾਨ ਰਾਜਸਥਾਨ ਦੇ ਸਿੱਖਿਆ ਦੇ ਇਤਿਹਾਸ ਵਿੱਚ ਸੁਨਹਿਰੇ ਅੱਖਰਾਂ ਵਿੱਚ ਲਿਖਿਆ ਗਿਆ ਹੈ। ਸਿਰਫ 12 ਸਾਲ ਦੀ ਉਮਰ ਵਿੱਚ ਇੱਕ ਛੋਟੇ ਅਤੇ ਪਛੜੇ ਹੋਏ ਪਿੰਡ ਦੀ ਇੱਕ ਆਦਿਵਾਸੀ ਭੀਲ ਲੜਕੀ ਨੇ ਜੋ ਕੁਰਬਾਨੀ ਕੀਤੀ ਉਸਦੀ ਮਿਸਾਲ ਮਿਲਣੀ ਮੁਸ਼ਕਿਲ ਹੈ।

ਰਾਜਸਥਾਨ ਦੇ ਦੱਖਣੀ ਹਿੱਸੇ ਵਿੱਚ ਆਦਿਵਾਸੀਆਂ ਦੀ ਕਾਫੀ ਆਬਾਦੀ ਹੈ। ਇਸ ਖੇਤਰ ਵਿੱਚ ਇੱਕ ਜਿਲ੍ਹਾ ਹੈ ਡੂੰਗਰਪੁਰ, ਜੋ ਕਿ ਉਦੋਂ ਇੱਕ ਰਿਆਸਤ ਸੀ। ਇਹ ਰਿਆਸਤ ਬਹੁਤ ਛੋਟੀ, ਬੇਹੱਦ ਪਛੜੀ ਹੋਈ ਅਤੇ ਬੇਹੱਦ ਗਰੀਬ ਸੀ। ਇਸ ਰਿਆਸਤ ਦੇ ਸ਼ਾਸਕ ਸਨ ਮਹਾਂਰਾਵਲ - ਲਛਮਣ ਸਿੰਘ ਜਿਹੜੇ ਕਿ ਪੁਰਾਣੀਆਂ ਪਰੰਪਰਾਵਾਂ ਦੇ ਧਾਰਨੀ ਅਤੇ ਪਿਛਾਂਹ-ਖਿੱਚੂ ਸੋਚ ਦੇ ਮਾਲਕ ਸਨ। ਉਹ ਸਿੱਖਿਆ ਦੇ ਪ੍ਰਚਾਰ ਪ੍ਰਸਾਰ ਦੇ ਖਿਲਾਫ ਸਨ। ਉਨ੍ਹਾਂ ਦੀ ਸੋਚ ਸੀ ਕਿ ਜੇਕਰ ਰਿਆਸਤ ਦੀ ਜਨਤਾ ਅਤੇ ਕਿਸਾਨ ਪੜ੍ਹ ਲਿਖ ਜਾਣਗੇ ਤਾਂ ਉਨ੍ਹਾਂ ਵਿੱਚ ਜਾਗਰੂਕਤਾ ਆ ਜਾਵੇਗੀ ਅਤੇ ਦੇਰ ਸਵੇਰ ਰਾਜ ਦੇ ਵਿਰੁੱਧ ਆਵਾਜ਼ ਬੁਲੰਦ ਕਰਨਗੇ ਜਿਸ ਨਾਲ ਮੇਰਾ ਰਾਜ ਖਤਰੇ ਵਿੱਚ ਪੈ ਸਕਦਾ ਹੈ। ਮਹਾਂਰਾਵਲ ਲਛਮਣ ਸਿੰਘ ਅੰਗਰੇਜੀ ਰਾਜ ਦੇ ਅਧੀਨ ਆਪਣੀ ਰਿਆਸਤ ਦਾ ਕੰਮ ਕਾਜ ਚਲਾਉਂਦੇ ਸਨ।

1940 ਦੇ ਦਹਾਕੇ ਵਿੱਚ, ਜਿੱਥੇ ਇੱਕ ਪਾਸੇ ਅੰਗਰੇਜ਼ਾਂ ਦੇ ਖਿਲਾਫ ਆਜ਼ਾਦੀ ਦਾ ਅੰਦੋਲਨ ਚੱਲ ਰਿਹਾ ਸੀ ਤਾਂ ਦੂਸਰੀ ਤਰਫ ਸਮਾਜ-ਸੇਵਕਾਂ ਦੁਆਰਾ ਸਿੱਖਿਆ ਦੇ ਪਸਾਰ ਦੀ ਮੁਹਿੰਮ ਵੀ ਚੱਲ ਰਹੀ ਸੀ। ਭੋਗੀ ਲਾਲ ਪਾਂਡਿਆ ਦੀ ਅਗਵਾਈ ਹੇਠ ਸਮਾਜ ਵਿੱਚ ਫੈਲੀਆਂ ਕੁਰੀਤੀਆਂ ਨੂੰ ਮਿਟਾਉਣ ਲਈ ਇੱਕ ਅੰਦੋਲਨ ਚੱਲ ਰਿਹਾ ਸੀ। ਇਸ ਅੰਦੋਲਨ ਤਹਿਤ ਪਿੰਡਾਂ ਵਿੱਚ ਪੜ੍ਹਾਈ ਲਿਖਾਈ ਵਾਸਤੇ ਜਗ੍ਹਾ ਜਗ੍ਹਾ ਸਕੂਲ ਖੋਲ੍ਹੇ ਜਾ ਰਹੇ ਸਨ ਜਿਨ੍ਹਾਂ ਵਿੱਚ ਆਦਿਵਾਸੀ ਅਤੇ ਦਲਿਤ ਕਬੀਲਿਆਂ ਜਿਵੇਂ ਭੀਲ, ਮੀਣਾ, ਡਾਮੋਰ ਅਤੇ ਗਰੀਬ ਕਿਸਾਨਾਂ ਦੇ ਬੱਚਿਆਂ ਨੂੰ ਪੜ੍ਹਾਇਆ ਜਾਂਦਾ ਸੀ ਅਤੇ ਲੋਕਾਂ ਨੂੰ ਪੜ੍ਹਾਈ ਦੇ ਮਹੱਤਵ ਪ੍ਰਤੀ ਜਾਗਰੂਕ ਕੀਤਾ ਜਾਂਦਾ ਸੀ। ਇਸ ਮੁਹਿੰਮ ਤਹਿਤ ਡੂੰਗਰਪੁਰ ਰਿਆਸਤ ਅੰਦਰ ਵੀ ਅਨੇਕਾਂ ਪਿੰਡਾਂ ਕਸਬਿਆਂ ਵਿੱਚ ਸਕੂਲ ਖੁੱਲ੍ਹ ਚੁੱਕੇ ਸਨ। ਜਦੋਂ ਮਹਾਰਾਜਾ ਲਛਮਣ ਸਿੰਘ ਨੂੰ ਇਨ੍ਹਾਂ ਗਤੀਵਿਧੀਆਂ ਦਾ ਪਤਾ ਲੱਗਿਆ ਤਾਂ ਉਨ੍ਹਾਂ ਨੇ ਅਤੇ ਉਨ੍ਹਾਂ ਦੇ ਸਲਾਹਕਾਰਾਂ ਨੇ ਸੋਚਿਆ ਕਿ ਜੇਕਰ ਭੀਲਾਂ ਅਤੇ ਮੀਣਾਂ ਦੇ ਬੱਚੇ ਪੜ੍ਹ ਗਏ ਤਾਂ ਸਾਡੇ ਵਾਸਤੇ ਸੰਕਟ ਖੜ੍ਹਾ ਹੋ ਸਕਦਾ ਹੈ। ਉਹ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋ ਜਾਣਗੇ ਅਤੇ ਆਪਣੇ ਅਧਿਕਾਰਾਂ ਦੀ ਮੰਗ ਕਰਨ ਲੱਗ ਜਾਣਗੇ। ਇਸ ਸੋਚ ਦੇ ਚਲਦਿਆਂ ਲਛਮਣ ਸਿੰਘ ਨੇ ਅਜਿਹੇ ਸਕੂਲਾਂ ਨੂੰ ਕੰਮ ਕਰਨ ਤੋਂ ਰੋਕਣ ਵਾਸਤੇ ਸੰਨ 1942 ਵਿੱਚ ਇਨ੍ਹਾਂ ਸਕੂਲਾਂ ਨੂੰ ਬੰਦ ਕਰਨ ਦਾ ਕਾਨੂੰਨ ਬਣਾ ਦਿੱਤਾ। ਇਸ ਲਈ ਬਕਾਇਦਾ ਮੈਜਿਸਟਰੇਟ ਨਿਯੁਕਤ ਕੀਤੇ ਗਏ, ਜਿਹੜੇ ਪੁਲਿਸ ਬਲ ਨਾਲ ਲੈ ਕੇ ਸਕੂਲ ਬੰਦ ਕਰਾਉਣ ਲੱਗੇ।

ਭੀਲਾਂ ਦੀ ਬਹੁਗਿਣਤੀ ਵਾਲੇ ਇੱਕ ਪਿੰਡ ਰਾਸਤਾਪਾਲ ਵਿਖੇ ਵੀ ਇੱਕ ਸਕੂਲ ਖੁੱਲ੍ਹਿਆ ਹੋਇਆ ਸੀ ਜਿਸ ਦੀ ਸਥਾਪਨਾ ਇੱਕ ਦੇਸ਼ ਪ੍ਰੇਮੀ, ਨਾਨਾ ਭਾਈ ਖਾਂਟ ਨੇ ਕੀਤੀ ਸੀ। ਸੇਂਗਾ ਭਾਈ ਇਸ ਦੇ ਮੁੱਖ-ਅਧਿਆਪਕ ਦੇ ਤੌਰ 'ਤੇ ਕੰਮ ਕਰਦੇ ਸਨ ਜਦ ਕਿ ਸਾਰੇ ਖਰਚੇ ਨਾਨਾ ਭਾਈ ਕਰਦੇ ਸਨ। ਇਸ ਸਕੂਲ ਨੂੰ ਬੰਦ ਕਰਵਾਉਣ ਲਈ ਮੈਜਿਸਟਰੇਟ ਉਥੇ ਆਪਣੇ ਦਲ-ਬਲ ਸਹਿਤ 19 ਜੂਨ 1947 ਵਾਲੇ ਦਿਨ ਪਹੁੰਚ ਗਿਆ। ਜਿਸ ਸਮੇਂ ਪੁਲਿਸ ਸਕੂਲ ਵਿੱਚ ਪਹੁੰਚੀ ਨਾਨਾ ਭਾਈ ਅਤੇ ਸੇਂਗਾ ਭਾਈ ਦੋਵੇਂ ਉੱਥੇ ਮੌਜੂਦ ਸਨ। ਸਵੇਰ ਦਾ ਟਾਈਮ ਸੀ, ਬੱਚੇ ਅਜੇ ਆਏ ਨਹੀਂ ਸਨ। ਪੁਲਿਸ ਨੇ ਇਨ੍ਹਾਂ ਨੂੰ ਸਕੂਲ ਬੰਦ ਕਰਕੇ ਤਾਲਾ ਲਗਾਉਣ ਅਤੇ ਚਾਬੀਆਂ ਸਰਕਾਰ ਨੂੰ ਸੌਂਪਣ ਵਾਸਤੇ ਕਿਹਾ। ਇਨ੍ਹਾਂ ਦੇ ਇਨਕਾਰ ਕਰਨ ਉੱਤੇ ਕਮਰੇ ਦੇ ਵਿੱਚ ਹੀ ਦੋਨ੍ਹਾਂ ਨੂੰ ਲਾਠੀਆਂ ਨਾਲ ਕੁੱਟਿਆ ਗਿਆ ਅਤੇ ਬੰਦੂਕਾਂ ਦੇ ਕੁੰਦੇ ਮਾਰੇ ਗਏ। ਇਨ੍ਹਾਂ ਨੂੰ ਬਾਹਰ ਕੱਢ ਕੇ ਪੁਲਿਸ ਨੇ ਤਾਲਾ ਮਾਰਿਆ ਅਤੇ ਚਾਬੀ ਸੌਂਪਣ ਵਾਸਤੇ ਲਿਖਤੀ ਆਦੇਸ਼ ਉੱਤੇ ਦਸਤਖਤ ਕਰਨ ਵਾਸਤੇ ਕਿਹਾ। ਤਦ ਪਰਜਾ ਮੰਡਲ ਲਹਿਰ ਵਿੱਚ ਕੰਮ ਕਰਦੇ ਨਾਨਾ ਭਾਈ ਖਾਂਟ ਨੇ ਦਸਤਖਤ ਕਰਨ ਤੋਂ ਨਾਂਹ ਕਰ ਦਿੱਤੀ, ਜਿਸ 'ਤੇ ਪੁਲਿਸ ਨੇ ਫਿਰ ਦੋਵਾਂ ਦੀ ਡਾਂਗਾਂ ਨਾਲ ਪਿਟਾਈ ਕੀਤੀ ਅਤੇ ਉਨ੍ਹਾਂ ਨੂੰ ਘਸੀਟਦੇ ਹੋਏ ਲਿਜਾਣ ਲੱਗੇ। ਕੁਝ ਕਦਮਾਂ ਬਾਅਦ ਨਾਨਾ ਭਾਈ ਦੀ ਤਾਂ ਬਜ਼ੁਰਗ ਹੋਣ ਕਾਰਨ ਮੌਤ ਹੋ ਗਈ, ਸੇਂਗਾ ਭਾਈ ਵੀ ਬੇਹੋਸ਼ ਹੋ ਗਏ। ਪਰ ਪੁਲਿਸ ਦਾ ਮਕਸਦ ਤਾਂ ਦਹਿਸ਼ਤ ਪੈਦਾ ਕਰਨਾ ਸੀ ਤਾਂ ਕਿ ਕੋਈ ਹੋਰ ਮੁੜ ਕੇ ਰਾਜੇ ਦਾ ਹੁਕਮ ਨਾ ਮੰਨਣ ਦੀ ਹਿੰਮਤ ਨਾ ਕਰੇ। ਸੋ ਸਿਪਾਹੀਆਂ ਨੇ ਸੇਂਗਾ ਭਾਈ ਦੀ ਕਮਰ ਦੁਆਲੇ ਰੱਸੀ ਬੰਨ੍ਹੀ ਅਤੇ ਜੀਪ ਪਿੱਛੇ ਬੰਨ੍ਹ ਕੇ ਘਸੀਟਣ ਲੱਗੇ।

ਸਕੂਲ ਦੇ ਬਾਹਰ ਪਿੰਡ ਦੇ ਮਰਦਾਂ ਔਰਤਾਂ ਦੀ ਭੀੜ ਇਕੱਠੀ ਹੋ ਗਈ ਸੀ। ਦੁਖੀ ਸਾਰੇ ਸਨ। ਸਭ ਨੂੰ ਅਜਿਹੇ ਸਮਾਜ ਸੇਵੀਆਂ ਨੂੰ ਮਾਰ ਪੈਂਦੀ ਵੇਖ ਕੇ ਬਹੁਤ ਤਕਲੀਫ ਹੋ ਰਹੀ ਸੀ ਪਰ ਇਹ ਸਭ ਕੁਝ ਵੇਖਦੇ ਹੋਏ ਵੀ ਲੋਕ ਬੇਬਸ ਸਨ। ਕਿਸੇ ਵਿੱਚ ਵੀ ਐਨਾ ਹੌਂਸਲਾ ਨਹੀਂ ਸੀ ਕਿ ਅੱਗੇ ਵਧੇ ਅਤੇ ਇਨ੍ਹਾਂ ਨੂੰ ਬਚਾ ਸਕੇ। ਸਾਰੀ ਜਨਤਾ ਪੁਲਿਸ ਦੀ ਦਹਿਸ਼ਤ ਤੋਂ ਡਰੀ ਹੋਈ ਸੀ।

ਕਾਲੀ ਬਾਈ ਉਸ ਵਕਤ ਖੇਤਾਂ ਵੱਲੋਂ ਆ ਰਹੀ ਸੀ। ਉਸ ਦੇ ਸਿਰ ਉੱਤੇ ਘਾਹ ਦੀ ਪੰਡ ਸੀ ਅਤੇ ਹੱਥ ਵਿੱਚ ਦਾਤਰੀ ਸੀ। ਕਾਲੀ ਬਾਈ ਭੀੜ ਨੂੰ ਚੀਰਦੀ ਹੋਈ ਅੱਗੇ ਗਈ ਤਾਂ ਵੇਖਦੀ ਹੈ ਕਿ ਪੁਲਿਸ ਉਸ ਦੇ ਗੁਰੂ ਜੀ, ਜਿਨ੍ਹਾਂ ਦਾ ਬੱਚੇ ਬਹੁਤ ਸਤਿਕਾਰ ਕਰਦੇ ਸਨ, ਉਨ੍ਹਾਂ ਨੂੰ ਮਾਰ ਰਹੀ ਸੀ। ਨਾਨਾ ਭਾਈ ਇੱਕ ਪਾਸੇ ਬੇਸੁੱਧ ਪਏ ਸਨ ਅਤੇ ਉਸਦੇ ਗੁਰੂ ਜੀ ਨੂੰ ਜੀਪ ਪਿੱਛੇ ਬੰਨ੍ਹ ਕੇ ਘਸੀਟਿਆ ਜਾ ਰਿਹਾ ਸੀ। ਉਸਦਾ ਬਾਲ ਹਿਰਦਾ ਨੂੰ ਵਲੂੰਧਰਿਆ ਗਿਆ। ਉਹ ਜੋਰ ਜੋਰ ਨਾਲ ਚੀਕਣ ਲੱਗੀ, “ਮੇਰੇ ਗੁਰੂ ਜੀ ਨੂੰ ਛੱਡ ਦਿਓ, ਮੇਰੇ ਮਾਸਟਰ ਜੀ ਨੂੰ ਛੱਡ ਦਿਓ ਜਾਲਮੋ।” ਸਿਪਾਹੀਆਂ ਉੱਤੇ ਇੱਕ ਛੋਟੀ ਬਾਲੜੀ ਦੇ ਤਰਲਿਆਂ ਦਾ ਕੀ ਅਸਰ ਹੋਣਾ ਸੀ। ਉਨ੍ਹਾਂ ਨੇ ਤਾਂ ਰਾਜੇ ਦਾ ਹੁਕਮ ਮੰਨਵਾਉਣਾ ਸੀ। ਸੋ ਉਨ੍ਹਾਂ ਨੇ ਇਸ ਬਾਲੜੀ ਵੱਲ ਕੋਈ ਧਿਆਨ ਨਾ ਦਿੱਤਾ ਤੇ ਆਪਣੀ ਕਾਰਵਾਈ ਜਾਰੀ ਰੱਖੀ। **ਕਾਲੀ ਬਾਈ ਜਜ਼ਬਾਤਾਂ ਦੇ ਵੇਗ ਵਿੱਚ ਦੌੜਦੀ ਹੋਈ ਆਪਣੇ ਉਸਤਾਦ ਸੇਂਗਾ ਭਾਈ ਦੇ ਨੇੜੇ ਪਹੁੰਚੀ ਅਤੇ ਜਿਸ ਦਾਤਰੀ ਨਾਲ ਉਹ ਘਾਹ ਕੱਟ ਕੇ ਲਿਆਈ ਸੀ ਉਸ ਨਾਲ ਜੀਪ ਦੇ ਪਿੱਛੇ ਬੰਨੀ ਰੱਸੀ ਨੂੰ ਇਕੋ ਝਟਕੇ ਨਾਲ ਕੱਟ ਦਿੱਤਾ।** ਪੁਲਿਸ ਦੀ ਜੀਪ ਰੁਕ ਗਈ ਅਤੇ ਸਿਪਾਹੀ ਰੱਸੀ ਦੁਬਾਰਾ ਬੰਨਣ ਲੱਗੇ। ਕਾਲੀ ਬਾਈ ਉਨ੍ਹਾਂ ਨੂੰ ਰੋਕਣ ਲੱਗੀ। ਉਹ ਪੂਰਾ ਜ਼ੋਰ ਲਗਾ ਰਹੀ ਸੀ ਕਿ ਮੇਰੇ ਅਧਿਆਪਕ ਨੂੰ ਇਹ ਹੋਰ ਤਕਲੀਫ ਨਾ ਦੇ ਸਕਣ। ਉਸ ਛੋਟੀ ਜਿਹੀ ਬੱਚੀ ਦੀ ਦਲੇਰੀ ਨੇ ਸਭ ਨੂੰ ਹਲੂਣ ਦਿੱਤਾ ਉਥੇ ਹਾਜ਼ਰ ਭੀੜ ਵਿੱਚੋਂ ਕਈ ਆਦਮੀ ਅਤੇ ਔਰਤਾਂ ਅੱਗੇ ਵਧੇ ਅਤੇ ਸੇਂਗਾ ਭਾਈ ਅਤੇ ਕਾਲੀ ਬਾਈ ਦੇ ਆਲੇ ਦੁਆਲੇ ਜਮਾਂ ਹੋ ਗਏ। ਕਾਲੀ ਬਾਈ ਨੇ ਕਿਸੇ ਤੋਂ ਪਾਣੀ ਮੰਗਵਾਇਆ ਤੇ ਬੇਹੋਸ਼ ਸੇਂਗਾ ਭਾਈ ਦੇ ਮੂੰਹ ‘ਤੇ ਛਿੱਟੇ ਮਾਰ ਕੇ ਉਸਨੂੰ ਹੋਸ਼ ਵਿੱਚ ਲਿਆਉਣ ਦੀ ਕੋਸ਼ਿਸ਼ ਕਰਨ ਲੱਗੀ।

ਇਸ ਸਭ ਦੇ ਚਲਦੇ ਪੁਲਿਸ ਵਾਲੇ ਲਗਾਤਾਰ ਕਾਲੀ ਬਾਈ ਅਤੇ ਉੱਥੇ ਜਮਾਂ ਲੋਕਾਂ ਨੂੰ ਧਮਕਾਉਂਦੇ ਰਹੇ ਪਰ ਉਨ੍ਹਾਂ ਲੋਕਾਂ ਨੇ ਅਤੇ ਕਾਲੀ ਬਾਈ ਨੇ ਕੋਈ ਪ੍ਰਵਾਹ ਨਾ ਕਰਦੇ ਹੋਏ ਗੁਰੂ ਜੀ ਦੀ ਸੇਵਾ ਜਾਰੀ ਰੱਖੀ। ਹੁਣ ਤੱਕ ਹੋਰ ਵੀ ਸੈਂਕੜੇ ਲੋਕ ਉੱਥੇ ਇਕੱਠੇ ਹੋ ਚੁੱਕੇ ਸਨ। ਪਰ ਪੁਲਿਸ ਤਾਂ ਉਥੇ ਪੂਰਾ ਡਰ ਫੈਲਾਉਣਾ ਚਾਹੁੰਦੀ ਸੀ, ਸੋ ਪੁਲਿਸ ਵਾਲਿਆਂ ਨੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਕਾਲੀ ਬਾਈ ਦੇ ਨਾਲ ਹੀ ਕਈ ਔਰਤਾਂ ਅਤੇ ਆਦਮੀ ਵੀ ਜ਼ਖਮੀ ਹੋ ਗਏ। ਇਹ ਸਾਰਾ ਕਾਰਾ ਵੇਖ ਕੇ ਉਥੇ ਮੌਜੂਦ ਸਾਰੀ ਜਨਤਾ ਵਿੱਚ ਬਹੁਤ ਰੋਹ ਫੈਲ ਗਿਆ ਅਤੇ ਉਨ੍ਹਾਂ ਨੇ ਮਾਰੂ ਢੋਲ ਵਜਾਉਣਾ ਸ਼ੁਰੂ ਕਰ ਦਿੱਤਾ। ਮਾਰੂ ਢੋਲ ਆਦਿਵਾਸੀਆਂ ਵਿੱਚ ਲੜਾਈ ਦਾ ਐਲਾਨ ਮੰਨਿਆ ਜਾਂਦਾ ਸੀ। ਸੋ ਪੁਲੀਸ ਵਾਲੇ ਸਾਰੀ ਸਥਿਤੀ ਨੂੰ ਸਮਝਦੇ ਹੋਏ ਫੌਰਨ ਹੀ ਜੀਪ ਵਿੱਚ ਬੈਠ ਕੇ ਆਪਣੇ ਥਾਣੇ ਵੱਲ ਨੱਸ ਗਏ, ਮਾਰੂ ਢੋਲ ਦੀ ਆਵਾਜ਼ ਦੂਰ ਦੂਰ ਤੱਕ ਸੁਣਾਈ ਦੇਣ ਲੱਗੀ। ਜਿਸ ਜਿਸ ਨੇ ਵੀ ਇਹ ਆਵਾਜ਼ ਸੁਣੀ ਉਹ ਸਾਰੇ ਆਪਣੇ ਆਪਣੇ ਹਥਿਆਰ ਲੈ ਕੇ ਘਟਨਾ ਵਾਲੇ ਸਥਾਨ ਵੱਲ ਆਉਣ ਲੱਗੇ, ਪਰ ਉਹ ਮੈਜਿਸਟਰੇਟ ਅਤੇ ਪੁਲਿਸ ਤਾਂ ਪਹਿਲਾਂ ਹੀ ਭੱਜ ਚੁੱਕੀ ਸੀ। ਸਭ ਲੋਕ ਮ੍ਰਿਤਕ ਨਾਨਾ ਭਾਈ ਦੀ ਮ੍ਰਿਤਕ ਦੇਹ ਅਤੇ ਜਖਮੀ ਸੇਂਗਾ ਭਾਈ, ਕਾਲੀ ਬਾਈ ਅਤੇ ਹੋਰ ਜਖਮੀ ਆਦਮੀ ਔਰਤਾਂ ਨੂੰ ਮੰਜਿਆਂ ‘ਤੇ ਪਾ ਕੇ ਰਾਜਧਾਨੀ ਡੂੰਗਰਪੁਰ ਲੈ ਗਏ। ਉੱਥੇ ਸਰਕਾਰੀ ਹਸਪਤਾਲ ਵਿੱਚ ਸਭ ਨੂੰ ਭਰਤੀ ਕਰਾਇਆ ਗਿਆ। 40 ਘੰਟੇ ਜੀਵਨ ਅਤੇ ਮੌਤ ਦੀ ਲੜਾਈ ਲੜਨ ਤੋਂ ਬਾਅਦ 12 ਸਾਲ ਦੀ ਉਹ ਬਹਾਦਰ ਲੜਕੀ ਕਾਲੀ ਬਾਈ ਸਦਾ ਦੀ ਨੀਂਦ ਸੌਂ ਗਈ।

ਆਪਣੇ ਗੁਰੂ ਨੂੰ ਬਚਾਉਣ ਵਾਸਤੇ ਆਪਣੀ ਜਾਨ ਵਾਰ ਦੇਣ ਵਾਲੀ ਕਾਲੀ ਬਾਈ ਦੀ ਯਾਦ ਵਿੱਚ ਲੋਕਾਂ ਨੇ ਇੱਕ ਵੱਡੇ ਪਾਰਕ ਦੀ ਸਥਾਪਨਾ ਕੀਤੀ। ਇਸ ਪਾਰਕ ਵਿੱਚ ਨਾਨਾ ਭਾਈ ਖਾਂਟ ਅਤੇ ਕਾਲੀ ਬਾਈ ਦੇ ਬੁੱਤ ਸਥਾਪਿਤ ਹਨ ਅਤੇ ਹਰ ਸਾਲ 19 ਜੂਨ ਨੂੰ ਇੱਥੇ ਇੱਕ ਵੱਡਾ ਭਾਰੀ ਮੇਲਾ ਲੱਗਦਾ ਹੈ, ਜਿੱਥੇ ਦੂਰ ਦੂਰ ਤੋਂ ਰਾਜਸਥਾਨ ਦੇ ਹਜ਼ਾਰਾਂ ਆਦਮੀ, ਔਰਤਾਂ, ਬੱਚੇ ਹਾਜਰੀ ਭਰਦੇ ਹਨ ਅਤੇ ਨਾਨਾ ਭਾਈ ਤੇ ਕਾਲੀ ਬਾਈ ਦੀਆਂ ਮੂਰਤੀਆਂ ਅੱਗੇ ਆਪਣੀਆਂ ਸ਼ਰਧਾਂਜਲੀਆਂ ਭੇਟ ਕਰਦੇ ਹਨ। ਲੋਕ ਗਾਇਕ ਕਾਲੀ ਬਾਈ ਦੇ ਤਿਆਗ ਅਤੇ ਬਲੀਦਾਨ ਦੀਆਂ ਵਾਰਾਂ ਅਤੇ ਲੋਕ ਗੀਤ ਗਾਉਂਦੇ ਹਨ ਅਤੇ ਉਸਦੀ ਕੁਰਬਾਨੀ ਨੂੰ ਦਰਸਾਉਣ ਵਾਲੇ ਨਾਟਕ ਖੇਡੇ ਜਾਂਦੇ ਹਨ।

**ਸਹਾਇਤਾ**

**ਇਕਾਈ ਜੰਡਿਆਲਾ ਗੁਰੂ**

1. ਸਤਬੀਰ ਸਿੰਘ ਵਡਾਲਾ ਜੌਹਲ ਵੱਲੋਂ ਕੈਨੇਡਾ ਤੋਂ ਸਹਾਇਤਾ ਭੇਜੀ 10,000 ਰੁਪਏ

# ਪੰਜਾਬ ਦਾ ਭੂਗੋਲਿਕ ਸਫ਼ਰ

ਪੁਰਾਤਨ ਪੰਜਾਬ, ਪੱਛਮ ਵਿੱਚ ਸਿੰਧ ਦਰਿਆ ਤੋਂ ਲੈ ਕੇ ਪੂਰਬ ਵਿੱਚ ਜਮਨਾ ਨਦੀ ਤੱਕ ਫੈਲਿਆ ਹੋਇਆ ਸੀ। ਇਨ੍ਹਾਂ ਦਰਿਆਵਾਂ ਦੇ ਵਿਚਕਾਰ ਦੇ ਇਲਾਕੇ ਵਿੱਚ ਪੰਜ ਦਰਿਆ- ਜਿਹਲਮ, ਚਨਾਬ, ਰਾਵੀ, ਬਿਆਸ ਅਤੇ ਸਤਲੁਜ ਵਗਦੇ ਸਨ। ਪੰਜ ਦਰਿਆਵਾਂ ਦੀ ਧਰਤੀ ਕਰਕੇ ਹੀ ਇਸ ਇਲਾਕੇ ਦਾ ਨਾਮ ਪੰਜਾਬ ਪਿਆ ਸੀ। ਉਂਝ ਇਸਦੇ ਸਰਹੱਦੀ ਦਰਿਆਵਾਂ- ਸਿੰਧ ਅਤੇ ਜਮਨਾ ਸਮੇਤ ਦਰਿਆਵਾਂ ਦੀ ਗਿਣਤੀ ਸੱਤ ਬਣਦੀ ਸੀ, ਜਿਸ ਕਾਰਨ ਕਿਸੇ ਸਮੇਂ, ਇਸ ਨੂੰ 'ਸਪਤ ਸਿੰਧੂ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਸੀ।

ਪੁਰਾਤਨ ਪੰਜਾਬ ਦੇ ਪੱਛਮ ਵੱਲ ਜਿਆਦਾਤਰ ਪਠਾਣਾਂ ਦੀ ਵਸੋਂ ਸੀ। ਇਹ ਬਾਗੀ ਤਬੀਅਤ ਦਾ ਭਾਈਚਾਰਾ ਸੀ। ਪਠਾਣਾਂ ਨੂੰ ਖੁਸ਼ ਕਰਨ ਲਈ ਭਾਰਤ ਵਿਚਲੀ ਬਰਤਾਨਵੀ ਹਕੂਮਤ ਨੇ ਨੌਂ ਨਵੰਬਰ 1901 ਨੂੰ ਪੰਜਾਬ ਵਿੱਚੋਂ ਪੱਛਮੀ ਖੇਤਰ ਕੱਟ ਕੇ ਸਰਹੱਦੀ ਸੂਬਾ ਬਣਾ ਦਿੱਤਾ ਅਤੇ ਪਿਸ਼ਾਵਰ ਨਵੇਂ ਸੂਬੇ ਦੀ ਰਾਜਧਾਨੀ ਬਣਾਈ ਗਈ। ਇਹ ਪੰਜਾਬ ਦੀ ਪਹਿਲੀ ਵੰਡ ਸੀ।

15 ਅਗਸਤ 1947 ਨੂੰ ਹੋਏ ਦੇਸ਼ ਦਾ ਬਟਵਾਰੇ ਦਾ ਸਭ ਤੋਂ ਵੱਧ ਖਮਿਆਜ਼ਾ ਪੰਜਾਬੀਆਂ ਨੂੰ ਝੱਲਣਾ ਪਿਆ। ਫਿਰਕੂ ਫਸਾਦਾਂ ਵਿੱਚ ਲਗਭਗ 10 ਲੱਖ ਪੰਜਾਬੀਆਂ ਨੇ ਜਾਨ ਗਵਾਈ। ਇਕ ਰਿਪੋਰਟ ਅਨੁਸਾਰ ਪੂਰਬੀ ਪੰਜਾਬ (ਭਾਰਤ) ਵਿੱਚੋਂ 42 ਲੱਖ 93 ਹਜ਼ਾਰ 896 ਲੋਕਾਂ ਨੂੰ ਉਜੜ ਕੇ ਪੱਛਮੀ ਪੰਜਾਬ (ਪਾਕਿਸਤਾਨ) ਜਾਣਾ ਪਿਆ ਅਤੇ ਉਧਰੋਂ 37 ਲੱਖ 95 ਹਜਾਰ 796 ਲੋਕਾਂ ਨੂੰ ਘਰ ਬਾਰ ਛੱਡ ਕੇ ਇਧਰ ਆਉਣਾ ਪਿਆ। ਉਧਾਲੀਆਂ ਗਈਆਂ ਅਤੇ ਬੇਪਤ ਹੋਈਆਂ ਔਰਤਾਂ ਦੀ ਗਿਣਤੀ 30335 ਦੱਸੀ ਜਾਂਦੀ ਹੈ।

ਅਗਸਤ 1947 ਦੀ ਵੰਡ ਸਮੇਂ ਸਮੁੱਚੇ ਪੰਜਾਬ ਦੇ 29 ਜ਼ਿਲ੍ਹੇ ਸਨ। ਇਹਨਾਂ ਵਿੱਚੋਂ 16 ਜ਼ਿਲ੍ਹੇ - ਲਾਹੌਰ, ਸ਼ੇਖੂਪੁਰਾ, ਗੁਜਰਾਤ, ਸਿਆਲਕੋਟ, ਸਰਗੋਧਾ, ਗੁਜਰਾਂਵਾਲਾ, ਜੇਹਲਮ, ਮਿੰਟਗੁਮਰੀ, ਲਾਇਲਪੁਰ, ਮੁਜੱਫਰਗੜ੍ਹ, ਮੁਲਤਾਨ, ਅਟਕ, ਸ਼ਾਹਪੁਰ, ਡੇਰਾ ਗਾਜ਼ੀ ਖਾਂ, ਮੀਆਂਵਾਲੀ ਤੇ ਰਾਵਲਪਿੰਡੀ ਪਾਕਿਸਤਾਨੀ ਪੰਜਾਬ ਨੂੰ ਮਿਲੇ। ਬਾਕੀ 13 ਜ਼ਿਲ੍ਹੇ - ਅੰਮ੍ਰਿਤਸਰ, ਗੁਰਦਾਸਪੁਰ, ਫਿਰੋਜ਼ਪੁਰ, ਹੁਸ਼ਿਆਰਪੁਰ, ਜਲੰਧਰ, ਲੁਧਿਆਣਾ, ਹਿਸਾਰ, ਗੁੜਗਾਉਂ, ਕਰਨਾਲ, ਰੋਹਤਕ, ਅੰਬਾਲਾ, ਸ਼ਿਮਲਾ ਅਤੇ ਕਾਂਗੜਾ ਭਾਰਤੀ ਪੰਜਾਬ ਵਿੱਚ ਸ਼ਾਮਿਲ ਕੀਤੇ ਗਏ। ਸਾਂਝੇ ਪੰਜਾਬ ਦੀ ਰਾਜਧਾਨੀ ਲਾਹੌਰ ਪਾਕਿਸਤਾਨੀ ਪੰਜਾਬ ਵਿੱਚ ਰਹਿ ਗਈ ਅਤੇ ਭਾਰਤੀ ਪੰਜਾਬ ਦੀ ਰਾਜਧਾਨੀ ਸ਼ਿਮਲਾ ਬਣਾਈ ਗਈ। 1948 ਵਿੱਚ ਭਾਰਤ ਸਰਕਾਰ ਨੇ ਸ਼ਿਮਲਾ ਸਮੇਤ ਜਿਲਾ ਕਾਂਗੜਾ ਦਾ ਕੁਝ ਹਿੱਸਾ ਕੱਟ ਕੇ ਕੇਂਦਰ ਸ਼ਾਸਤ ਪ੍ਰਦੇਸ਼ ਐਲਾਨ ਦਿੱਤਾ। ਇਸ ਤਰ੍ਹਾਂ ਇੱਕ ਵਾਰ ਫਿਰ ਪੰਜਾਬ ਦੀ ਰਾਜਧਾਨੀ ਖੁੱਸ ਗਈ। 20 ਅਗਸਤ 1948 ਨੂੰ ਸਰਕਾਰ ਨੇ ਇਸ ਖੇਤਰ ਦੀਆਂ ਅੱਠ ਰਿਆਸਤਾਂ - ਪਟਿਆਲਾ, ਨਾਭਾ, ਫਰੀਦਕੋਟ, ਕਪੂਰਥਲਾ, ਮਲੇਰਕੋਟਲਾ, ਸੰਗਰੂਰ, ਕਲਸੀਆ ਅਤੇ ਨਾਲਾਗੜ੍ਹ ਨੂੰ ਮਿਲਾ ਕੇ ਪੈਪਸੂ (ਪਟਿਆਲਾ ਐਂਡ ਈਸਟ ਪੰਜਾਬ ਸਟੇਟਸ ਯੂਨੀਅਨ) ਦਾ ਗਠਨ ਕਰ ਦਿੱਤਾ। ਬਾਅਦ ਵਿੱਚ ਇਕ ਨਵੰਬਰ 1956 ਨੂੰ ਪੈਪਸੂ ਨੂੰ ਪੰਜਾਬ ਸੂਬੇ ਵਿੱਚ ਮਿਲਾ ਦਿੱਤਾ ਗਿਆ।

1966 ਵਿੱਚ ਭਾਸ਼ਾ ਦੇ ਆਧਾਰ ਉੱਤੇ ਪੰਜਾਬ ਦੀ ਇਕ ਵਾਰ ਫਿਰ ਵੰਡ ਕੀਤੀ ਗਈ। ਪਹਿਲੀ ਨਵੰਬਰ 1966 ਨੂੰ ਪੰਜਾਬ ਵਿੱਚੋਂ ਦੱਖਣੀ ਪੂਰਬੀ ਭਾਗ ਨੂੰ ਕੱਟ ਕੇ ਨਵਾਂ ਸੂਬਾ ਹਰਿਆਣਾ ਬਣਾਇਆ ਗਿਆ। ਪੰਜਾਬ ਦੇ ਇੱਕੋ ਇੱਕ ਪਹਾੜੀ ਸਥਲ ਡਲਹੌਜੀ ਨੂੰ ਪਹਾੜੀ ਖੇਤਰ ਦੇ ਨਵੇਂ ਸਿਰਜੇ ਸੂਬੇ ਹਿਮਾਚਲ ਪ੍ਰਦੇਸ਼ ਵਿੱਚ ਸ਼ਾਮਲ ਕਰ ਦਿੱਤਾ ਗਿਆ। ਇਸ ਵੰਡ ਦੌਰਾਨ ਪੰਜਾਬ ਕੋਲੋਂ ਨਾ ਸਿਰਫ ਭਾਖੜਾ ਡੈਮ ਪ੍ਰੋਜੈਕਟ ਹੀ ਖੁੱਸ ਗਿਆ, ਸਗੋਂ ਪੰਜਾਬ ਦੇ ਪਿੰਡਾਂ ਨੂੰ ਉਜਾੜ ਕੇ ਬਣੀ ਨਵੀਂ ਰਾਜਧਾਨੀ ਚੰਡੀਗੜ੍ਹ ਨੂੰ ਪੰਜਾਬ ਅਤੇ ਹਰਿਆਣਾ ਦੀ ਸਾਂਝੀ ਰਾਜਧਾਨੀ ਐਲਾਨ ਕੇ ਝਗੜੇ ਵਾਲਾ ਖਿੱਤਾ ਬਣਾ ਦਿੱਤਾ ਗਿਆ। ਬਾਅਦ ਵਿੱਚ ਚੰਡੀਗੜ੍ਹ ਨੂੰ ਕੇਂਦਰੀ ਸ਼ਾਸ਼ਤ ਪ੍ਰਦੇਸ਼ ਐਲਾਨ ਕੇ ਕੇਂਦਰ ਦੇ ਹਵਾਲੇ ਕਰ ਦਿੱਤਾ ਗਿਆ।

ਵਰਤਮਾਨ ਸਮੇਂ, ਪਾਕਿਸਤਾਨ ਦੇ ਹਿੱਸੇ ਆਏ 16 ਜ਼ਿਲ੍ਹੇ ਹੁਣ 41 ਜ਼ਿਲ੍ਹਿਆਂ ਦਾ ਰੂਪ ਧਾਰਨ ਕਰ ਗਏ ਤੇ ਭਾਰਤ ਵਾਲੇ ਪਾਸੇ ਦੇ 13 ਜ਼ਿਲ੍ਹੇ ਪੰਜਾਬ ਅਤੇ ਹਰਿਆਣਾ ਦੇ 23-23 ਅਤੇ ਹਿਮਾਚਲ ਦੇ 12 ਜ਼ਿਲ੍ਹਿਆਂ ਵਿੱਚ ਤਕਸੀਮ ਹੋ ਕੇ ਕੁੱਲ 58 ਜ਼ਿਲ੍ਹੇ ਬਣ ਗਏ ਹਨ। ਇਸ ਤਰ੍ਹਾਂ 1947 ਤੋਂ ਪਹਿਲਾਂ ਵਾਲੇ ਪੰਜਾਬ ਦੇ 29 ਜਿਲ੍ਹੇ ਹੁਣ 99 ਜ਼ਿਲ੍ਹਿਆਂ ਵਿੱਚ ਵੰਡੇ ਗਏ।

ਪੁਰਾਤਨ ਪੰਜਾਬ ਦਾ ਖੇਤਰਫਲ 3,57,000 ਵਰਗ ਕਿਲੋਮੀਟਰ ਸੀ ਜਦ ਕਿ ਮੌਜੂਦਾ ਭਾਰਤੀ ਪੰਜਾਬ ਸਿਰਫ 50362 ਵਰਗ ਕਿਲੋਮੀਟਰ ਰਕਬੇ ਤੱਕ ਸਿਮਟ ਗਿਆ ਹੈ। ਇਸ ਦੀ ਭੂਗੋਲਿਕ ਢਲਾਣ ਉੱਤਰ-ਪੂਰਬ ਤੋਂ ਦੱਖਣ-ਪੱਛਮ ਵੱਲ ਹੈ। ਸਮੁੰਦਰ ਤਲ ਤੋਂ ਹੁਸ਼ਿਆਰਪੁਰ-ਪਠਾਨਕੋਟ ਦੀ ਉਚਾਈ 300 ਤੋਂ 400 ਮੀਟਰ ਦੇ ਵਿਚਕਾਰ ਹੈ, ਜੋ ਮੁਹਾਲੀ ਵਿੱਚ 316 ਮੀਟਰ, ਰੋਪੜ ਵਿੱਚ 262 ਮੀਟਰ, ਬਠਿੰਡਾ ਚ 201 ਮੀਟਰ ਅਤੇ ਫਿਰੋਜਪੁਰ-ਫਾਜਿਲਕਾ ਵਿੱਚ 182 ਮੀਟਰ ਰਹਿ ਜਾਂਦੀ ਹੈ। ਪੰਜਾਬ ਦੇ ਦਰਿਆਵਾਂ ਦਾ ਵਹਿਣ ਵੀ ਇਸ ਢਲਾਣ ਦੇ ਅਨੁਸਾਰ ਹੀ ਹੈ।

ਰਣਧੀਰ ਗਿੱਲਪੱਤੀ

# ਸਾਡਾ ਸੂਰਜ

ਹੁਣ ਤੱਕ 46 ਅਰਬ ਪ੍ਰਕਾਸ਼ ਵਰ੍ਹਿਆਂ ਦੇ ਅਰਧ ਵਿਆਸ ਤੱਕ ਜਾਣੇ ਗਏ ਅਸੀਮ ਬ੍ਰਹਿਮੰਡ ਵਿੱਚ 100 ਬਿਲੀਅਨ, ਯਾਨੀ ਇੱਕ ਖਰਬ ਗਲੈਕਸੀਆਂ ਹਨ। ਇਨ੍ਹਾਂ ਸਭ ਗਲੈਕਸੀਆਂ ਵਿੱਚ ਅੰਦਾਜਨ $3X10^{23}$ (3 ਨਾਲ 23 ਸਿਫਰਾਂ) ਛੋਟੇ ਵੱਡੇ ਤਾਰੇ ਹਨ। ਸਾਡੀ ਗਲੈਕਸੀ 'ਮਿਲਕੀ ਵੇਅ' ਵਿੱਚ ਅਨੁਮਾਨਤ 300 ਬਿਲੀਅਨ (ਤਿੰਨ ਖਰਬ) ਤਾਰੇ ਹਨ, ਜਿਨ੍ਹਾਂ ਵਿੱਚੋਂ ਸਾਡਾ ਸੂਰਜ ਇਕ ਔਸਤ ਆਕਾਰ ਦਾ ਤਾਰਾ ਹੈ। ਇਹ ਗਲੈਕਸੀ ਦੀ ਇੱਕ ਬਾਂਹ ਵਿੱਚ ਸਥਿਤ ਹੈ, ਜੋ ਗਲੈਕਸੀ ਦੇ ਕੇਂਦਰ ਤੋਂ ਲਗਭਗ 26 ਹਜਾਰ ਪ੍ਰਕਾਸ਼ ਵਰ੍ਹੇ ਦੂਰੀ ਤੋਂ 7,20,000 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਇਸ ਦੀ ਪਰਿਕਰਮਾ ਕਰ ਰਿਹਾ ਹੈ। ਕਰੀਬ 460 ਕਰੋੜ ਸਾਲ ਪਹਿਲਾਂ ਹੋਂਦ ਵਿੱਚ ਆਇਆ ਸਾਡਾ ਸੂਰਜ ਹੁਣ ਤੱਕ ਗਲੈਕਸੀ ਦੇ ਕੇਂਦਰ ਦੇ 23 ਕੁ ਚੱਕਰ ਹੀ ਲਗਾ ਸਕਿਆ ਹੈ। ਦਿਲਚਸਪ ਗੱਲ ਇਹ ਹੈ ਕਿ ਸੂਰਜ ਪਰਿਵਾਰ ਵਿੱਚ ਸ਼ਾਮਲ ਸਾਡੀ ਪ੍ਰਿਥਵੀ ਵੀ ਇਸੇ ਰਫਤਾਰ ਨਾਲ ਗਲੈਕਸੀ ਦੇ ਕੇਂਦਰ ਦੀ ਪਰਿਕਰਮਾ ਕਰ ਰਹੀ ਹੈ।

ਇਸ ਗਲੈਕਸੀ ਵਿੱਚ ਮੌਜੂਦ ਤਿੰਨ ਖਰਬ ਸੂਰਜਾਂ ਅਤੇ ਹੋਰ ਮਾਦੇ ਦੇ ਮੁਕਾਬਲੇ ਸਾਡਾ ਸੂਰਜ ਇੱਕ ਕਿਣਕਾ ਮਾਤਰ ਹੀ ਹੈ। ਕਈ ਤਾਰੇ ਇਸ ਤੋਂ 10 ਗੁਣਾਂ ਤੱਕ ਛੋਟੇ ਵੀ ਹਨ ਅਤੇ ਅਨੇਕਾਂ 800 ਗੁਣਾਂ ਤੱਕ ਵੱਡੇ। ਸਾਡੇ ਸੂਰਜ ਦਾ ਅਰਧ ਵਿਆਸ 6,95,700 ਕਿਲੋਮੀਟਰ ਹੈ, ਜੋ ਸਾਡੀ ਪ੍ਰਿਥਵੀ ਦੇ ਅਰਧ-ਵਿਆਸ ਨਾਲੋਂ ਕਰੀਬ 109 ਗੁਣਾਂ ਜਿਆਦਾ ਹੈ। ਸੂਰਜ ਦੇ ਆਕਾਰ ਵਿੱਚ ਸਾਡੀਆਂ 13 ਲੱਖ ਧਰਤੀਆਂ ਸਮਾ ਸਕਦੀਆਂ ਹਨ ਤੇ ਇਸ ਦਾ ਪਦਾਰਥ 3,33,421 ਧਰਤੀਆਂ ਦੇ ਬਰਾਬਰ ਹੈ। ਸਮੁੱਚੇ ਸੂਰਜ ਮੰਡਲ ਦੇ ਕੁਲ ਮਾਦੇ ਦਾ 99.86 ਪ੍ਰਤੀਸ਼ਤ ਮਾਦਾ ਸੂਰਜ ਵਿੱਚ ਮੌਜੂਦ ਹੈ ਬਾਕੀ 0.14 ਪ੍ਰਤੀਸ਼ਤ ਮਾਦੇ ਦੇ ਸਾਰੇ ਗ੍ਰਹਿ, ਉਪਗ੍ਰਹਿ, ਉਲਕਾ ਪਿੰਡ ਆਦਿ ਬਣੇ ਹੋਏ ਹਨ।

ਭੂ-ਮੱਧ ਰੇਖੀ ਖੇਤਰ ਵਿੱਚ ਸੂਰਜ ਦਾ ਘੇਰਾ 43 ਲੱਖ 79 ਹਜਾਰ ਕਿਲੋਮੀਟਰ ਹੈ। ਇਸ ਵਿਸ਼ਾਲ ਅੱਗ ਦੇ ਗੋਲੇ ਦੇ ਬਾਹਰੀ ਫੋਟੋਸਫੀਅਰ ਖੇਤਰ ਵਿੱਚ ਤਾਪਮਾਨ 5500 ਤੋਂ 5974 ਦਰਜੇ ਸੈਲਸੀਅਸ ਹੈ। ਸੂਰਜ ਦੀ ਅੰਦਰੂਨੀ ਕੋਰ ਦਾ ਤਾਪਮਾਨ ਡੇਢ ਕਰੋੜ ਦਰਜੇ ਸੈਲਸੀਅਸ ਹੈ। ਇਸ ਤਾਪ ਦੇ ਉੱਪਰ ਪਦਾਰਥ ਦੇ ਐਟਮ ਪਰਮਾਣੂ ਊਰਜਾ ਵਿੱਚ ਤਬਦੀਲ ਹੋ ਜਾਂਦੇ ਹਨ। ਸੂਰਜ ਵਿੱਚ ਹਰ ਸੈਕਿੰਡ ਵਿੱਚ 650 ਮਿਲੀਅਨ ਟਨ ਹਾਈਡ੍ਰੋਜਨ ਹੀਲੀਅਮ ਵਿੱਚ ਬਦਲ ਰਹੀ ਹੈ।

ਸੂਰਜ ਸਾਡੀ ਪ੍ਰਿਥਵੀ ਵਾਂਗ ਠੋਸ ਨਹੀਂ ਹੈ ਸਗੋਂ ਇਹ ਬਲਦੀਆਂ ਗੈਸਾਂ ਦਾ ਬਹੁਤ ਉੱਚਾ ਤਾਪਮਾਨ ਪੈਦਾ ਕਰਨ ਵਾਲਾ ਅੱਗ ਦਾ ਗੋਲਾ ਹੈ। ਇਸ ਲਈ ਇਸ ਦੇ ਆਪਣੇ ਧੁਰੀ ਦੁਆਲੇ ਘੁੰਮਣ ਦਾ ਵਰਤਾਰਾ ਬੜਾ ਦਿਲਚਸਪ ਹੈ। ਇਹ ਆਪਣੀ ਧੁਰੀ ਦੁਆਲੇ ਔਸਤ ਪ੍ਰਿਥਵੀ ਦੇ 27.9 ਦਿਨਾਂ ਜਿੰਨੇ ਸਮੇਂ ਵਿੱਚ ਇੱਕ ਚੱਕਰ ਪੂਰਾ ਕਰਦਾ ਹੈ। ਪਰ ਇਸ ਦੀ ਇਹ ਚਾਲ ਇਸ ਦੇ ਸਾਰੇ ਵਜੂਦ ਵਿੱਚ ਇੱਕਸਾਰ ਨਹੀਂ ਹੈ। ਇਹ ਆਪਣੇ ਭੂਮੱਧ ਰੇਖੀ ਖੇਤਰ ਤੋਂ 24 ਦਿਨਾਂ ਵਿੱਚ ਇੱਕ ਚੱਕਰ ਪੂਰਾ ਕਰ ਲੈਂਦਾ ਹੈ, ਜਦ ਕਿ ਇਸਦੇ ਧਰੁਵੀ ਖੇਤਰ ਇੱਕ ਚੱਕਰ ਪੂਰਾ ਕਰਨ ਵਿੱਚ 30 ਤੋਂ ਵੱਧ ਦਿਨਾਂ ਦਾ ਸਮਾਂ ਲੈਂਦੇ ਹਨ।

ਸੂਰਜ ਹੋਰ ਤਾਰਿਆਂ ਦੇ ਮੁਕਾਬਲੇ ਸਾਨੂੰ ਇਸ ਲਈ ਵੱਡਾ ਦਿਖਾਈ ਦਿੰਦਾ ਹੈ ਕਿਉਂਕਿ ਇਹ ਪ੍ਰਿਥਵੀ ਦੇ ਬਹੁਤ ਨੇੜੇ ਹੈ। ਸਾਡੇ ਕੋਲੋਂ ਇਸ ਦੀ ਔਸਤ ਦੂਰੀ 14 ਕਰੋੜ 98 ਲੱਖ ਕਿਲੋਮੀਟਰ ਹੈ, ਜਦ ਕਿ ਸਾਡੀ ਗਲੈਕਸੀ ਵਿੱਚ ਸੂਰਜ ਦੇ ਸਭ ਤੋਂ ਨੇੜੇ ਦਾ ਤਾਰਾ ਅਲਫਾ ਸੈਂਟੋਰੀ ਵੀ ਸਾਥੋਂ 4.37 ਪ੍ਰਕਾਸ਼ ਵਰ੍ਹੇ (40000000000000 ਕਿਲੋਮੀਟਰ) ਦੂਰ ਹੈ।

ਸੂਰਜ ਦੀ ਬਾਹਰੀ ਪਰਤ ਵਿੱਚ ਕਰੀਬ 11 ਸਾਲ ਦੇ ਅਰਸੇ ਬਾਅਦ ਕਾਲੇ ਧੱਬੇ ਦਿਖਾਈ ਦਿੰਦੇ ਹਨ, ਜੋ ਮੁਕਾਬਲਤਨ ਠੰਡੇ ਖੇਤਰ ਮੰਨੇ ਜਾਂਦੇ ਹਨ। ਇਹਨਾਂ ਕਾਲੇ ਖੇਤਰਾਂ ਦਾ ਆਕਾਰ ਵਧਦਾ ਘਟਦਾ ਰਹਿੰਦਾ ਹੈ। ਕਾਲੇ ਧੱਬੇ ਦਾ ਆਕਾਰ 50 ਹਜਾਰ ਕਿਲੋਮੀਟਰ ਵਿਆਸ ਤੱਕ ਵੀ ਹੋ ਸਕਦਾ ਹੈ।

ਸੂਰਜ ਦੀ ਬਾਹਰੀ ਸਤ੍ਹਾ ਤੋਂ ਲੱਖਾਂ ਕਿਲੋਮੀਟਰ ਉੱਚੀਆਂ ਲਾਟਾਂ ਵੀ ਉਠਦੀਆਂ ਰਹਿੰਦੀਆਂ ਹਨ ਜੋ ਇਸਦੇ ਅੰਦਰ ਉਠਦੇ ਤੂਫਾਨਾਂ ਦੀ ਪੈਦਾਇਸ਼ ਮੰਨੀਆਂ ਜਾਂਦੀਆਂ ਹਨ। ਸੂਰਜ ਦਾ ਇਹ ਵਰਤਾਰਾ ਪ੍ਰਿਥਵੀ ਉਪਰ ਰੇਡੀਓ ਸਿਗਨਲਾਂ ਅਤੇ ਟੈਲੀਫੋਨ ਵਰਗੇ ਸੰਚਾਰ ਸਾਧਨਾਂ ਨੂੰ ਵੀ ਪ੍ਰਭਾਵਿਤ ਕਰਦਾ ਹੈ। ਪ੍ਰਿਥਵੀ ਦੇ ਵਾਯੂਮੰਡਲ ਉੱਪਰ ਵੀ ਇਸ ਦਾ ਅਸਰ ਹੁੰਦਾ ਰਹਿੰਦਾ ਹੈ। ਸੂਰਜ ਦੀ ਗੁਰੂਤਾ ਖਿੱਚ, ਪ੍ਰਿਥਵੀ ਦੀ ਗੁਰੂਤਾ ਖਿੱਚ ਤੋਂ 28 ਗੁਣਾਂ ਵੱਧ ਹੈ, ਭਾਵ ਪ੍ਰਿਥਵੀ ਉਪਰ 70 ਕਿਲੋਗ੍ਰਾਮ ਦਾ ਵਿਅਕਤੀ ਸੂਰਜ ਉਪਰ 1960 ਕਿਲੋਗ੍ਰਾਮ ਭਾਰਾ ਹੋਵੇਗਾ।

ਪ੍ਰਿਥਵੀ ਉਪਰ ਜੀਵਨ ਲਈ ਵਿਗਸਣ ਲਈ ਸੂਰਜ ਪ੍ਰਮੁੱਖ ਕਾਰਕ ਹੈ। ਇਹ ਊਰਜਾ ਦਾ ਵੱਡਾ ਸਰੋਤ ਹੈ। ਕਿਸੇ ਵੀ ਗ੍ਰਹਿ ਉੱਪਰ ਢੁਕਵੀਂ ਊਰਜਾ ਤੋਂ ਬਿਨਾਂ ਜਿੰਦਗੀ ਧੜਕਣ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

# ਅਪਰਾਧ-ਭਾਵਨਾ ਦਾ ਅਹਿਸਾਸ ਕਰਵਾ ਕੇ ਲੁੱਟਦਾ ਹੈ ਧਾਰਮਿਕ ਲਾਣਾ

**ਗੁਰਮੇਲ ਗਿੱਲ**

ਬਹੁਤੇ ਧਰਮ ਆਪਣੇ ਸਮੇਂ ਦੇ ਸਮਾਜ ਦੀਆਂ ਪਦਾਰਥਕ ਹਾਲਤਾਂ ਵਿਚੋਂ ਇਕ ਲਹਿਰ ਦੇ ਰੂਪ ਵਿੱਚ ਪੈਦਾ ਹੋਏ। ਇਹ ਲਹਿਰਾਂ ਉਸ ਸਮੇਂ ਦੀ ਲੋੜ ਸਨ ਅਤੇ ਉਸ ਸਮੇਂ ਦੀਆਂ ਕੁੱਝ ਬੁਰਾਈਆਂ ਦੇ ਖਿਲਾਫ਼ ਇਕ ਬਗਾਵਤ ਦਾ ਰੂਪ ਸਨ। ਪਰ ਹੌਲੀ-ਹੌਲੀ ਇਹ ਸਾਰੇ ਧਰਮ ਇਕ ਸੰਗਠਿਤ ਸੰਸਥਾ ਦਾ ਰੂਪ ਧਾਰਨ ਕਰਦੇ ਰਹੇ ਅਤੇ ਅੰਤ ਵਿੱਚ ਆਪਣਾ ਅਗਾਂਹਵਧੂ ਰੂਪ ਗੁਆ ਬੈਠੇ। ਇਹ ਮੌਕੇ ਦੀਆਂ ਧਾਰਮਿਕ ਸੰਸਥਾਵਾਂ ਤੇ ਕਾਬਜ਼ ਚੌਧਰੀਆਂ ਜਿਵੇਂ ਪੰਡਿਤ, ਪ੍ਰੋਹਿਤ, ਪੁਜਾਰੀ, ਸਵਾਮੀ, ਗ੍ਰੰਥੀ, ਮੁੱਲ੍ਹਾਂ, ਮੁਲਾਣੇ, ਪਾਦਰੀ, ਡੇਰਿਆਂ ਵਾਲੇ ਬਾਬਿਆਂ ਵਰਗੇ ਲੋਕਾਂ ਦੇ ਕੰਟਰੋਲ ਵਿੱਚ ਆ ਗਏ ਅਤੇ ਕਰਮ ਕਾਂਡਾਂ ਤੱਕ ਸੀਮਤ ਹੋ ਕੇ ਰਹਿ ਗਏ। ਇਹ ਇਸ ਚਲਾਕ, ਢੋਂਗੀ ਤੇ ਲਾਲਚੀ ਧਾਰਮਿਕ ਲਾਣੇ ਦੇ ਹੱਥ ਵਿੱਚ ਲੋਕਾਂ ਨੂੰ ਲੁੱਟਣ ਦਾ ਇੱਕ ਸੰਦ ਬਣ ਗਏ। ਇਨ੍ਹਾਂ ਦੀ ਜੋਟੀ ਰਾਜ ਕਰਦੀਆਂ ਤਾਕਤਾਂ ਨਾਲ ਪੈ ਗਈ ਅਤੇ ਲੋਕਾਂ ਦੇ ਹੱਕ ਵਿੱਚ ਉੱਠਣ ਵਾਲੇ ਧਰਮ, ਹਾਕਮ ਜਮਾਤਾਂ ਦੇ ਹੱਥ-ਠੋਕਾ ਬਣ ਗਏ। ਧਰਮ ਦੇ ਠੇਕੇਦਾਰ ਤੇ ਹਾਕਮ ਲੋਕ ਰਲਗੱਡ ਹੋ ਗਏ। ਇਨ੍ਹਾਂ ਨੂੰ ਇਕ ਦੂਜੇ ਦੀ ਸਰਪ੍ਰਸਤੀ ਮਿਲ ਗਈ। ਇਹ ਇਕ ਦੂਜੇ ਦੇ ਹੱਕ ਵਿੱਚ ਅਤੇ ਆਮ ਲੋਕਾਈ ਦੇ ਖਿਲਾਫ਼ ਇਕਮੁੱਠ ਹੋ ਗਏ ਅਤੇ ਉਨ੍ਹਾਂ ਦੀ ਲੁੱਟ 'ਚ ਇਕ ਦੂਜੇ ਦੇ ਭਾਈਵਾਲ ਬਣ ਗਏ।

ਇਹ ਧਰਮ, ਸਮਾਂ ਲੰਘਣ ਨਾਲ ਆਪਣੇ ਅਗਾਂਹਵਧੂ ਰੋਲ ਨੂੰ ਛੱਡ ਕੇ ਕਿਉਂ ਅਤੇ ਕਿਵੇਂ ਲੋਕਾਂ ਦੀ ਲੁੱਟ ਦਾ ਸੰਦ ਬਣ ਗਏ? ਇਸ ਦਾ ਕਾਰਨ ਧਰਮਾਂ ਦਾ ਵਿਚਾਰਧਾਰਕ ਅਧਾਰ ਅਤੇ ਫ਼ਿਲਾਸਫੀ ਹੈ। ਕਿਸੇ ਕੁਦਰਤੀ, ਸਮਾਜਿਕ, ਰਾਜਨੀਤਕ ਜਾਂ ਆਰਥਿਕ ਵਰਤਾਰੇ ਨੂੰ ਸਮਝਣ-ਪੜਚੋਲਣ ਲਈ ਦੋ ਫ਼ਿਲਾਸਫੀਆਂ ਜਾਂ ਕਹਿ ਲਵੋ ਦੋ ਸਿਧਾਂਤ ਹਨ, ਇਕ ਵਿਚਾਰਵਾਦੀ ਅਤੇ ਦੂਸਰੀ ਪਦਾਰਥਵਾਦੀ। ਸੰਖੇਪ ਵਿੱਚ ਜੇ ਇਨ੍ਹਾਂ ਬਾਰੇ ਗੱਲ ਕਰੀਏ ਤਾਂ ਵਿਚਾਰਵਾਦੀ ਫ਼ਿਲਾਸਫੀ ਅਨੁਸਾਰ ਵਿਚਾਰ ਜਾਂ ਚੇਤਨਾ ਪਹਿਲਾਂ ਸੀ ਅਤੇ ਪਦਾਰਥ ਜਾਂ ਮਾਦਾ ਬਾਅਦ ਵਿੱਚ ਆਇਆ। ਵਿਚਾਰਵਾਦੀਆਂ ਅਨੁਸਾਰ ਇਹ ਚੇਤਨਾ ਇੱਕ ਸਰਬਸ਼ਕਤੀਮਾਨ ਦੇ ਰੂਪ ਵਿੱਚ ਪਹਿਲਾਂ ਤੋਂ ਮੌਜੂਦ ਸੀ। ਉਸ ਨੂੰ ਇੱਕ ਵਿਚਾਰ ਆਇਆ ਅਤੇ ਉਸ ਨੇ ਸਾਰੀ ਕਾਇਨਾਤ ਦੀ ਰਚਨਾ ਕਰ ਦਿੱਤੀ। ਇਹ ਸਾਰੀ ਕਾਇਨਾਤ ਉਸ ਦੇ ਹੁਕਮ ਅਨੁਸਾਰ ਚਲਦੀ ਹੈ ਅਤੇ ਉਸ ਦੇ ਹੁਕਮ ਤੋਂ ਬਿਨ੍ਹਾਂ ਪੱਤਾ ਨਹੀਂ ਹਿਲਦਾ। ਅਸਲ ਵਿੱਚ ਧਰਮਾਂ ਦਾ ਖਾਸਾ ਹੀ ਨਿਰੋਲ ਸ਼ਰਧਾ ਅਤੇ ਅੰਧਵਿਸ਼ਵਾਸ 'ਤੇ ਅਧਾਰਿਤ ਹੈ। ਜੋ ਕੁਝ ਤੁਹਾਨੂੰ ਕਿਹਾ ਜਾਂਦਾ ਹੈ ਉਹ ਅੱਖਾਂ ਬੰਦ ਕਰ ਕੇ ਮੰਨੋ। ਸਵਾਲ ਕਰਨ ਦੀ ਧਰਮਾਂ ਵਿੱਚ ਘੋਰ ਮਨਾਹੀ ਹੈ। ਇਹੀ ਕਾਰਨ ਹੈ ਕਿ ਧਾਰਮਿਕ ਲੋਕਾਂ ਦੇ ਦਿਮਾਗਾਂ ਨੂੰ ਧਾਰਮਿਕ ਸੰਪਰਦਾਵਾਂ ਚਲਾਉਣ ਵਾਲੇ ਕੰਟਰੋਲ ਕਰ ਲੈਂਦੇ ਹਨ। ਉਹ ਲੋਕਾਂ ਨੂੰ ਅੰਧ ਵਿਸ਼ਵਾਸਾਂ ਵਿੱਚ ਪਾ ਕੇ ਹਾਕਮ ਧਿਰਾਂ ਨੂੰ ਉਨ੍ਹਾਂ ਦੀ ਆਰਥਿਕ ਲੁੱਟ ਕਰਨ ਵਿੱਚ ਸਹਾਈ ਹੁੰਦੇ ਹਨ। ਇਹੀ ਕਾਰਨ ਹੈ ਕਿ ਇਹ ਫ਼ਿਲਾਸਫੀ ਹਾਕਮ ਜਮਾਤਾਂ ਦੀ ਫ਼ਿਲਾਸਫੀ ਹੋ ਨਿੱਬੜਦੀ ਹੈ। ਵਿਚਾਰਵਾਦੀ ਫ਼ਿਲਾਸਫੀ ਕਿਸੇ ਵਿਗਿਆਨਕ ਕਸਵੱਟੀ 'ਤੇ ਖਰੀ ਨਹੀਂ ਉਤਰਦੀ ਅਤੇ ਧਾਰਮਿਕ ਲੋਕ ਕਿਸੇ ਵਿਗਿਆਨਿਕ ਪੜਚੋਲ ਲਈ ਕਦੇ ਤਿਆਰ ਨਹੀਂ ਹੁੰਦੇ।

ਪਦਾਰਥਵਾਦੀ ਫ਼ਿਲਾਸਫੀ ਦਾ ਅਧਾਰ ਹੀ ਕੀ, ਕਿਉਂ, ਕਿੱਥੇ, ਕਿਵੇਂ ਵਰਗੇ ਸਵਾਲ ਹਨ। ਇਸ ਅਨੁਸਾਰ ਪਦਾਰਥ ਜਾਂ ਮਾਦਾ ਹਮੇਸ਼ਾਂ ਤੋਂ ਮੌਜੂਦ ਸੀ ਅਤੇ ਇਹ ਨਾ ਪੈਦਾ ਕੀਤਾ ਜਾ ਸਕਦਾ ਹੈ ਨਾ ਨਸ਼ਟ ਕੀਤਾ ਜਾ ਸਕਦਾ ਹੈ, ਪਰ ਇਸ ਦਾ ਰੂਪ ਬਦਲਿਆ ਜਾ ਸਕਦਾ ਹੈ। ਇਹ ਊਰਜਾ ਵਿੱਚ ਅਤੇ ਊਰਜਾ ਪਦਾਰਥ ਵਿੱਚ ਬਦਲ ਸਕਦੀ ਹੈ। ਇਸ ਫ਼ਿਲਾਸਫੀ ਅਨੁਸਾਰ ਇਹ ਸਾਰੀ ਕਾਇਨਾਤ ਕੁਦਰਤ ਦੇ ਨਿਯਮਾਂ ਅਨੁਸਾਰ, ਅਰਬਾਂ ਸਾਲਾਂ ਵਿੱਚ, ਆਪਣੇ ਵੱਤ ਦੇ ਜੋਰ ਹੋਂਦ ਵਿੱਚ ਆਈ ਹੈ ਅਤੇ ਕੁਦਰਤ ਦੇ ਨਿਯਮਾਂ ਅਨੁਸਾਰ ਚੱਲ ਰਹੀ ਹੈ। ਇਸ ਫ਼ਿਲਾਸਫੀ ਅਨੁਸਾਰ ਜੋ ਦਾਅਵਾ ਕੀਤਾ ਜਾਂਦਾ ਹੈ ਉਹ ਵਿਗਿਆਨਕ ਖੋਜ-ਪਰਖ 'ਤੇ ਅਧਾਰਿਤ ਹੁੰਦਾ ਹੈ, ਕੋਈ ਕਲਪਨਾ ਨਹੀਂ। ਇਸ ਅਨੁਸਾਰ ਚੇਤਨਾ ਜਾਂ ਵਿਚਾਰ ਪਦਾਰਥ ਤੋਂ ਬਿਨ੍ਹਾਂ ਹੋ ਹੀ ਨਹੀਂ ਸਕਦਾ। ਪਦਾਰਥ ਨੂੰ ਆਪਣੀਆਂ ਗਿਆਨ ਇੰਦਰੀਆਂ ਰਾਹੀਂ ਛੂਹਿਆ, ਦੇਖਿਆ ਜਾਂ ਮਹਿਸੂਸ ਕੀਤਾ ਜਾ ਸਕਦਾ ਹੈ। ਇਸ ਨੂੰ ਵਿਗਿਆਨਕ ਤੌਰ 'ਤੇ ਤੋਲਿਆ-ਪਰਖਿਆ ਜਾ ਸਕਦਾ ਹੈ ਪਰ ਜੋ ਵਿਚਾਰ ਤੁਹਾਡੇ ਮਨ ਵਿੱਚ ਹਨ, ਉਨ੍ਹਾਂ ਨੂੰ ਨਹੀਂ। ਇਹੀ ਕਾਰਨ ਹੈ ਕਿ ਇਹ ਇਕ ਵਿਗਿਆਨਕ ਫ਼ਿਲਾਸਫੀ ਹੈ। ਇਸ ਅਨੁਸਾਰ ਅਮੀਰੀ-ਗਰੀਬੀ ਤੁਹਾਡੀ ਕਿਸਮਤ ਜਾਂ ਪਿਛਲੇ ਜਨਮਾਂ ਦੇ ਕਰਮਾਂ ਦਾ ਫਲ਼ ਨਹੀਂ ਸਗੋਂ ਇਹ ਕੁੱਝ ਸ਼ੈਤਾਨ ਲੋਕਾਂ ਵਲੋਂ ਹੌਲੀ-ਹੌਲੀ ਪੈਦਾਵਾਰ ਦੇ ਸਾਧਨਾਂ (ਜ਼ਮੀਨ, ਕਾਰਖਾਨੇ, ਮਸ਼ੀਨਾਂ ਵਗੈਰਾ) ਉੱਤੇ ਕਾਬਜ਼ ਹੋ ਕੇ ਕਿਰਤੀ ਲੋਕਾਂ ਦੀ ਕੀਤੀ ਜਾਂਦੀ ਲੁੱਟ ਕਰਕੇ ਹੈ। ਤੁਹਾਡੀ ਮਿਹਨਤ

ਦਾ ਪੂਰਾ ਮੁੱਲ ਨਾ ਮਿਲਣ ਕਰਕੇ ਹੈ। ਇਹ ਫ਼ਿਲਾਸਫੀ ਕਿਰਤੀ ਜਮਾਤ ਨੂੰ ਉਨ੍ਹਾਂ ਦੀ ਮੁਕਤੀ ਦੇ ਰਾਹ ਬਾਰੇ ਵੀ ਸੇਧ ਦਿੰਦੀ ਹੈ।

ਧਰਮਾਂ ਬਾਰੇ ਬਹੁਤ ਸਾਰੇ ਫ਼ਿਲਾਸਫਰਾਂ ਨੇ ਆਪਣੇ ਵਿਚਾਰ ਪੇਸ਼ ਕੀਤੇ ਹਨ, ਪਰ ਸੱਭ ਤੋਂ ਸਟੀਕ ਪਰਿਭਾਸ਼ਾ ਅੰਗਰੇਜ਼ ਫ਼ਿਲਾਸਫਰ ਬਰਟਰੈਂਡ ਰੱਸਲ(1872-1970) ਦੀ ਹੈ। ਉਹ ਕਹਿੰਦਾ ਹੈ "ਧਰਮ ਦੀ ਬੁਨਿਆਦ ਮੁੱਖ ਤੌਰ 'ਤੇ ਡਰ ਉੱਤੇ ਅਧਾਰਿਤ ਹੈ। ਅੰਸ਼ਿਕ ਤੌਰ 'ਤੇ ਇਹ ਕਿਸੇ ਅਣਜਾਣੀ (ਪਰਾ-ਸਰੀਰਕ) ਸ਼ਕਤੀ ਦਾ ਭੈਅ ਹੈ ਅਤੇ ਕੁੱਝ ਹੱਦ ਤੱਕ ਇੱਕ ਅਜਿਹੀ ਭਾਵਨਾ ਜਿਵੇਂ ਤੁਹਾਡੇ ਨਾਲ ਤੁਹਾਡੇ ਵੱਡੇ ਭਰਾ ਦੇ ਖੜ੍ਹੇ ਹੋਣ ਦਾ ਅਹਿਸਾਸ ਜੋ ਤੁਹਾਡੀ ਬਾਂਹ ਫੜ ਕੇ ਇਉਂ ਖੜੋਤਾ ਹੋਵੇ; ਜਿਵੇਂ ਤੁਹਾਡੀ ਹਰ ਮੁਸੀਬਤ 'ਤੇ ਦੁਨੀਆਂ ਦੇ ਹਰ ਝਗੜੇ-ਝੇੜੇ ਵਿੱਚ ਉਹ ਤੁਹਾਡੇ ਨਾਲ ਹੋਵੇਗਾ। ਡਰ ਹੀ ਸੱਭ ਕੁੱਝ ਹੈ; ਤੁਹਾਡਾ ਕਿਸੇ ਅਣਦੇਖੀ ਭੇਦ ਭਰੀ ਪਰਾ-ਸਰੀਰਕ (ਦੈਵੀ) ਸ਼ਕਤੀ ਦਾ ਡਰ; ਜੀਵਨ ਦੀਆਂ ਅਸਫ਼ਲਤਾਵਾਂ ਤੇ ਸੱਭ ਤੋਂ ਵੱਧ ਮੌਤ ਦਾ ਡਰ। ਵਿਗਿਆਨ ਸਾਨੂੰ ਅਜਿਹੇ ਕਾਇਰਤਾ ਭਰੇ ਡਰ ਤੋਂ ਬਚਾ ਸਕਦਾ ਹੈ ਜਿਸ ਵਿੱਚ ਮਨੁੱਖ ਮੁੱਦਤਾਂ ਤੋਂ ਗ੍ਰਸਿਆ ਆ ਰਿਹਾ ਹੈ।"

> ***ਧਰਮ ਦੀ ਬੁਨਿਆਦ ਮੁੱਖ ਤੌਰ 'ਤੇ ਡਰ ਉੱਤੇ ਅਧਾਰਿਤ ਹੈ। ਅੰਸ਼ਿਕ ਤੌਰ ਤੇ ਇਹ ਕਿਸੇ ਅਣਜਾਣੀ (ਪਰਾ-ਸਰੀਰਕ) ਸ਼ਕਤੀ ਦਾ ਭੈਅ ਹੈ ਅਤੇ ਕੁੱਝ ਹੱਦ ਤੱਕ ਇੱਕ ਅਜਿਹੀ ਭਾਵਨਾ ਜਿਵੇਂ ਤੁਹਾਡੇ ਨਾਲ ਤੁਹਾਡੇ ਵੱਡੇ ਭਰਾ ਦੇ ਖੜ੍ਹੇ ਹੋਣ ਦਾ ਅਹਿਸਾਸ ਜੋ ਤੁਹਾਡੀ ਬਾਂਹ ਫੜ ਕੇ ਇਉਂ ਖੜੋਤਾ ਹੋਵੇ; ਜਿਵੇਂ ਤੁਹਾਡੀ ਹਰ ਮੁਸੀਬਤ 'ਤੇ ਦੁਨੀਆ ਦੇ ਹਰ ਝਗੜੇ-ਝੇੜੇ ਵਿੱਚ ਉਹ ਤੁਹਾਡੇ ਨਾਲ ਹੋਵੇਗਾ। -ਬਰਟਰੈਂਡ ਰਸਲ***

ਦੋ ਨੌਜਵਾਨ ਸਨ। ਇਕ ਰਾਤ ਵੇਲੇ ਕਿਸੇ ਪਿੰਡ ਜਾਂਦਾ, ਲੋਕਾਂ ਦੇ ਦਰਵਾਜੇ-ਖਿੜਕੀਆਂ 'ਤੇ ਕੋਲਤਾਰ ਸੁੱਟਦਾ ਅਤੇ ਅੱਗੇ ਲੰਘ ਜਾਂਦਾ। ਲੋਕ ਸਵੇਰੇ ਆਪਣੇ ਖਰਾਬ ਦਰਵਾਜ਼ੇ-ਖਿੜਕੀਆਂ ਦੇਖ ਕੇ ਪ੍ਰੇਸ਼ਾਨ ਹੋ ਜਾਂਦੇ। ਤਦੇ ਅਚਾਨਕ ਦੂਜਾ ਨੌਜਵਾਨ ਪ੍ਰਗਟ ਹੁੰਦਾ ਅਤੇ ਹੋਕਾ ਦਿੰਦਾ ਕਿ 'ਕੋਲਤਾਰ ਸਾਫ਼ ਕਰਾ ਲਓ।' ਲੋਕ ਉਹਦੇ ਕੋਲੋਂ ਆਪਣੀਆਂ ਖਿੜਕੀਆਂ-ਦਰਵਾਜ਼ੇ ਸਾਫ਼ ਕਰਾਉਣ ਲੱਗ ਜਾਂਦੇ। ਜੱਦ ਤੱਕ ਇਹ ਨੌਜਵਾਨ ਇਸ ਪਿੰਡ ਦੀ ਸਫ਼ਾਈ ਖਤਮ ਕਰਦਾ ਤੱਦ ਤੱਕ ਦੂਜਾ ਨੌਜਵਾਨ ਉਸ ਦੇ ਸਾਫ਼ ਕਰਨ ਲਈ ਅਗਲੇ ਪਿੰਡ ਨੂੰ ਤਿਆਰ ਕਰ ਦਿੰਦਾ। ਦੋਨਾਂ ਦੀ ਮਿਲੀ-ਭੁਗਤ ਸੀ, ਇਕ ਘਰ ਗੰਦੇ ਕਰਦਾ ਤੇ ਦੂਜਾ ਸਾਫ਼ ਕਰਦਾ, ਪੰਜਾਹ-ਪੰਜਾਹ ਫ਼ੀ ਸਦੀ ਦੀ ਹਿੱਸੇਦਾਰੀ ਦੀ ਖੇਡ ਸੀ।

ਇਹ ਪੰਡਿਤ-ਪ੍ਰੋਹਿਤ-ਪਾਦਰੀ ਅਤੇ ਹੋਰ ਧਾਰਮਿਕ ਲਾਣਾ ਕੋਲਤਾਰ ਸੁੱਟਣ ਦਾ ਕੰਮ ਕਰਦਾ ਹੈ। ਉਹ ਤੁਹਾਡੇ ਅਦ੍ਰਿਸ਼ ਅੰਦਰਲੇ ਉੱਤੇ ਕੋਲਤਾਰ ਸੁੱਟਦੇ ਹਨ। ਹੁਣ ਤੁਸੀਂ ਇਸ ਨੂੰ ਸਾਫ ਕਰਨ ਦਾ ਉਪਾਅ ਸੋਚਦੇ ਹੋ। ਤੁਹਾਡੇ ਕੋਲ ਇਸ ਦਾ ਕੋਈ ਉਪਾਅ ਨਹੀਂ, ਕਿਉਂਕਿ ਤੁਹਾਨੂੰ ਆਪਣੇ ਅੰਦਰਲੇ ਸੱਚ ਦਾ ਨਹੀਂ ਪਤਾ। ਤੁਹਾਨੂੰ ਤਾਂ ਬੱਸ ਉਨਾ ਹੀ ਪਤਾ ਹੈ ਜਿੰਨਾ ਤੁਹਾਨੂੰ ਇਸ ਧਾਰਮਿਕ ਲਾਣੇ ਨੇ ਸਮਝਾਇਆ ਹੈ ਕਿ ਤੁਸੀਂ ਅਪਰਾਧੀ ਹੋ, ਪਾਪੀ ਹੋ, ਗੁਨਾਹਗਾਰ ਹੋ। ਇਸ ਤੋਂ ਬਾਅਦ ਤੁਸੀਂ ਪੂਰੀ ਤਰ੍ਹਾਂ ਉਨ੍ਹਾਂ ਦੇ ਚੁੰਗਲ ਵਿੱਚ ਹੋ। ਤੁਹਾਨੂੰ ਇਕ ਅਹਿਸਾਸ ਕਰਾ ਦਿੱਤਾ ਗਿਆ ਹੈ ਕਿ ਤੁਸੀਂ ਪਿਛਲੇ ਅਤੇ ਇਸ ਜਨਮ ਵਿੱਚ ਬਹੁਤੇ ਮਾੜੇ ਕਰਮ ਅਤੇ ਪਾਪ ਕੀਤੇ ਹਨ। ਇਸੇ ਲਈ ਤੁਸੀਂ ਦੁੱਖ, ਗਰੀਬੀ, ਬਿਮਾਰੀ ਕਲੇਸ਼ ਵਗੈਰਾ ਹੰਢਾ ਰਹੇ ਹੋ। ਇੰਨਾਂ ਹੀ ਨਹੀਂ, ਲੋਕਾਂ ਨੂੰ ਇਹ ਕਹਿ ਕੇ ਵੀ ਡਰਾਇਆ ਜਾਂਦਾ ਹੈ ਕਿ ਜੇ ਤੁਸੀਂ ਆਪਣੇ ਪਾਪ ਨਾ ਬਖਸ਼ਾਏ ਤਾਂ ਅਗਲੀਆਂ ਜੂਨਾਂ ਵਿੱਚ ਵੀ ਨਰਕ ਭੋਗੋਗੇ।

ਫਿਰ ਤੁਹਾਨੂੰ ਇਕ ਬੜੀ ਹੀ ਸੁਹਾਵਣੀ ਜਿਹੀ ਭਵਿੱਖ ਦੀ ਕਾਲਪਨਿਕ ਤਸਵੀਰ ਦਿਖਾਈ ਜਾਂਦੀ ਹੈ। ਤੁਹਾਨੂੰ ਸਮਝਾਇਆ ਜਾਂਦਾ ਹੈ ਕਿ ਇਸ ਜਨਮ 'ਚ ਤਾਂ ਤੁਸੀਂ ਆਪਣੇ ਅਪਰਾਧਾਂ ਕਰਕੇ ਨਰਕ ਭੋਗ ਰਹੇ ਹੋ ਪਰ ਹੁਣ ਤੁਸੀਂ ਧਾਰਮਿਕ ਸਥਾਨਾਂ ਅਤੇ 'ਮਹਾਂਪੁਰਖਾਂ' ਦੀ ਸੇਵਾ ਕਰਕੇ, ਉਥੇ ਚੜ੍ਹਾਵੇ ਚੜ੍ਹਾ ਕੇ, ਸਤਿਸੰਗ ਕਰਕੇ, ਤੀਰਥ ਯਾਤਰਾ ਆਦਿ ਕਰਕੇ ਆਪਣੇ ਪਾਪ ਧੋ ਲਵੋ, ਆਪਣੇ ਗੁਨਾਹ ਬਖਸ਼ਾ ਲਵੋ ਅਤੇ ਆਪਣਾ ਅੱਗਾ ਸਵਾਰ ਲਵੋ। ਤੁਹਾਨੂੰ ਇੱਕ ਕਾਲਪਨਿਕ ਸਵਰਗ ਦੀ ਤਸਵੀਰ ਦਿਖਾਈ ਜਾਂਦੀ ਹੈ ਜਿਥੇ ਦੁੱਧ ਦੀਆਂ ਨਦੀਆਂ ਵਗਦੀਆਂ ਹੋਣਗੀਆਂ, ਹਰ ਤਰ੍ਹਾਂ ਦੇ ਸੁਖਾਂ ਦੇ ਨਜ਼ਾਰੇ ਹੋਣਗੇ। ਕਈ ਧਰਮਾਂ ਵਾਲੇ ਤਾਂ ਇਥੋਂ ਤੱਕ ਵੀ ਕਹਿੰਦੇ ਹਨ ਕਿ ਉੱਥੇ ਅੰਗੂਰਾਂ ਦੀ ਸ਼ਰਾਬ ਹੋਵੇਗੀ ਅਤੇ ਤੁਹਾਡੀ ਸੇਵਾ ਲਈ ਹੂਰਾਂ ਪਰੀਆਂ ਉੱਥੇ ਹੋਣਗੀਆਂ। ਤੁਹਾਡੇ ਦਿਮਾਗ ਨੂੰ ਇਹ ਗੱਲਾਂ ਬਹੁਤ ਲੁਭਾਵਣੀਆਂ ਤੇ ਹਕੀਕਤ ਲਗਦੀਆਂ ਨੇ ਕਿਉਂਕਿ ਤੁਹਾਡਾ ਦਿਮਾਗ ਤਾਂ ਉਨ੍ਹਾਂ ਨੇ ਆਪਣੇ ਕੰਟਰੋਲ ਵਿੱਚ ਕਰ ਲਿਆ ਹੈ। ਹੁਣ ਜਿਹੜੀ ਗੱਲ ਉਹ ਤੁਹਾਨੂੰ ਕਹਿਣਗੇ ਉਹੀ ਤੁਹਾਨੂੰ ਚੰਗੀ ਲਗੇਗੀ, ਜੇ ਕੋਈ ਤੁਹਾਨੂੰ ਇਸ ਦੇ ਉਲਟ, ਆਪਣੀ ਮਿਹਨਤ ਦੀ ਕਮਾਈ ਲੁਟਾਉਣ ਤੋਂ ਬਚਾਉਣ ਲਈ ਪ੍ਰੇਰਿਤ ਕਰਨ ਦੀ ਕੋਸ਼ਿਸ਼ ਕਰੇਗਾ ਤਾਂ ਤੁਹਾਨੂੰ ਉਹ ਵਿਹੁ ਵਰਗਾ ਲਗੇਗਾ। ਬੱਸ ਇਸ ਤਰ੍ਹਾਂ ਤੁਹਾਡੀ ਆਰਥਿਕ, ਸਰੀਰਕ ਅਤੇ ਮਾਨਸਿਕ ਲੁੱਟ ਦਾ ਸਿਲਸਲਾ ਸ਼ੁਰੂ ਹੋ ਜਾਂਦਾ ਹੈ ਅਤੇ ਮਰਨ ਤਕ ਜਾਰੀ ਰਹਿੰਦਾ ਹੈ।

ਇਨ੍ਹਾਂ ਧਰਮਾਂ ਨੇ ਅੰਨ੍ਹਿਆਂ ਦਾ ਸਮਾਜ ਬਣਾ ਦਿੱਤਾ ਹੈ। ਉਹ ਤੁਹਾਨੂੰ ਕਹਿੰਦੇ ਹਨ ਕਿ ਤੁਹਾਨੂੰ ਅੱਖਾਂ ਦੀ ਕੋਈ ਲੋੜ ਨਹੀਂ। ਤੁਹਾਡੇ ਗੁਰੂ ਕੋਲ ਅੱਖਾਂ ਹਨ, ਫਿਰ ਤੁਹਾਨੂੰ ਅੱਖਾਂ ਦੀ ਕੀ ਲੋੜ? ਬੱਸ ਤੁਸੀਂ ਆਪਣੇ ਗੁਰੂ 'ਤੇ ਭਰੋਸਾ ਰੱਖੋ, ਸ਼ਰਧਾ ਰੱਖੋ, ਉਹ ਤੁਹਾਨੂੰ ਸਵਰਗ ਦੇ ਰਾਹ ਲੈ ਜਾਵੇਗਾ। ਧਰਮ ਤੁਹਾਨੂੰ ਸੋਚਣ-ਸਮਝਣ ਦੀ ਆਜ਼ਾਦੀ ਨਹੀਂ ਦੇ ਸਕਦਾ ਕਿਉਂਕਿ ਤੁਹਾਡੀ ਸੋਚ, ਤੁਹਾਡਾ ਵਿਚਾਰ ਤੁਹਾਨੂੰ ਹੋਰ ਹੀ ਰਾਹ 'ਤੇ ਲੈ ਕੇ ਜਾ ਸਕਦਾ ਹੈ ਜਿਥੇ ਧਾਰਮਿਕ ਲਾਣਾ ਤੁਹਾਨੂੰ ਜਾਣ ਨਹੀਂ ਦੇਣਾ ਚਾਹੁੰਦਾ। ਕਿਉਂਕਿ ਇਸ ਤਰ੍ਹਾਂ ਤਾਂ ਉਨ੍ਹਾਂ ਦੀ ਤੁਹਾਨੂੰ ਲੁੱਟਣ ਦਾ ਸਾਰੀ ਸਕੀਮ ਹੀ ਚੌਪਟ ਹੋ ਜਾਵੇਗੀ। ਸੋਚ-ਵਿਚਾਰ ਦਾ ਮਤਲਬ ਹੈ, ਤੁਹਾਡੀ ਬੁੱਧੀ ਨੂੰ ਤਿੱਖੀ ਕਰਨਾ, ਤੁਹਾਡੇ ਸ਼ੱਕ ਨੂੰ ਧਾਰ ਲਾਉਣੀ – ਪਰ ਇਹ ਇਨ੍ਹਾਂ ਧਰਮਾਂ ਲਈ ਬਹੁਤ ਖਤਰਨਾਕ ਸਾਬਤ ਹੋਵਗਾ। ਇਸੇ ਲਈ ਤੁਹਾਨੂੰ ਕਿਹਾ ਜਾਂਦਾ ਹੈ ਕਿ ਬੱਸ ਅੱਖਾਂ ਬੰਦ ਕਰਕੇ ਆਪਣੇ ਧਰਮ ਉੱਤੇ ਸ਼ਰਧਾ ਰੱਖੋ, ਜੋ ਤੁਹਾਡੀ ਪ੍ਰਤਿੱਭਾ ਦੀ ਹੱਤਿਆ ਤੋਂ ਇਲਾਵਾ ਹੋਰ ਕੁਝ ਨਹੀਂ।

ਤੁਸੀਂ ਧਾਰਮਿਕ ਲਾਣੇ ਦੀ ਲੁੱਟ ਦੇ ਚੱਕਰਵਿਊ ਵਿਚੋਂ ਪਦਾਰਥਵਾਦੀ (ਵਿਗਿਆਨਕ) ਸੋਚ ਦੇ ਲੜ ਲੱਗ ਕੇ ਹੀ ਨਿਕਲ ਸਕਦੇ ਹੋ। ਇਹ ਸੋਚ ਅਗਾਂਹਵਧੂ, ਤਰਕਸ਼ੀਲ ਸਾਹਿਤ ਪੜ੍ਹ ਕੇ ਜਾਂ ਤਰਕਸ਼ੀਲ ਵਿਚਾਰ ਸੁਣ ਕੇ ਹੀ ਬਣ ਸਕਦੀ ਹੈ। ਇਕ ਵਾਰ ਇਹ ਸੋਚ ਬਣ ਗਈ, ਫਿਰ ਤੁਹਾਨੂੰ ਸਮਝ ਆ ਜਾਵੇਗੀ ਕਿ ਰੱਬ, ਅਗਲਾ-ਪਿਛਲਾ ਜਨਮ, ਸਵਰਗ-ਨਰਕ, ਕਿਸਮਤ, ਜੂਨਾਂ ਵਗੈਰਾ ਧਾਰਮਿਕ ਕਲਪਨਾਵਾਂ ਇਕ ਮਿੱਥ ਹਨ ਜਿਨ੍ਹਾਂ ਦਾ ਕੋਈ ਵਿਗਿਆਨਕ ਅਧਾਰ ਨਹੀਂ। ਤੁਹਾਡੇ ਅੰਦਰ ਸਵੈ-ਵਿਸ਼ਵਾਸ਼ ਆ ਜਾਵੇਗਾ। ਤੁਹਾਡਾ ਮਨੋ-ਬਲ ਵੱਧ ਜਾਵੇਗਾ। ਤੁਹਾਡੇ ਅੰਦਰ ਸਵਾਲ ਪੈਦਾ ਹੋਣ ਲੱਗ ਜਾਣਗੇ, ਜੋ ਤੁਹਾਨੂੰ ਚੰਗੀ ਜ਼ਿੰਦਗੀ ਦੇ ਰਾਹ ਪਾਉਣ ਵਿੱਚ ਬਹੁਤ ਸਹਾਈ ਹੋਣਗੇ।

ਇਹ ਵਿਚਾਰ ਚਰਚਾ ਇਕ ਯੂਨਾਨੀ ਫ਼ਿਲਾਸਫਰ ਐਪੀਕਿਊਰੀਅਸ ਦੇ ਕਰੀਬ 2250 ਸਾਲ ਪਹਿਲਾਂ ਕਹੇ ਸ਼ਬਦਾਂ ਨਾਲ ਖਤਮ ਕਰਦੇ ਹਾਂ। ਉਸ ਨੇ ਕਿਸੇ ਪਰਮਾਤਮਾ ਦਾ ਦੁਨੀਆ ਦੇ ਕਾਰ-ਵਿਹਾਰ ਵਿੱਚ ਕਿਸੇ ਪ੍ਰਕਾਰ ਦਾ ਦਖਲ ਦਿੱਤੇ ਜਾਣ ਤੋਂ ਇਨਕਾਰ ਕੀਤਾ ਅਤੇ ਮਾਦੇ ਦੀ ਅਨੰਤਤਾ ਨੂੰ ਮੰਨਦਿਆਂ ਇਸ ਨੂੰ ਹਰਕਤ ਦਾ ਧੁਰ ਅੰਦਰਲਾ ਸਰੋਤ ਦੱਸਿਆ। ਉਸ ਅਨੁਸਾਰ ਗਿਆਨ ਦਾ ਉਦੇਸ਼ ਮਨੁੱਖ ਨੂੰ ਅਗਿਆਨਤਾ, ਵਹਿਮ-ਭਰਮ, ਦੇਵੀ-ਦੇਵਤਿਆਂ ਅਤੇ ਮੌਤ ਦੇ ਡਰ ਤੋਂ ਸੁਤੰਤਰ ਕਰਨਾ ਹੈ ਜਿਸ ਤੋਂ ਬਿਨ੍ਹਾਂ ਪ੍ਰਸੰਨਤਾ ਪ੍ਰਾਪਤ ਨਹੀਂ ਹੋ ਸਕਦੀ।

## ਸਹਾਇਤਾ

**ਇਕਾਈ ਬਠਿੰਡਾ**

1. ਹਰਿੰਦਰ ਕੁਮਾਰ, ਮੈਂਬਰ ਇਕਾਈ ਬਠਿੰਡਾ, ਸੇਵਾ ਨਵਿਰਤੀ ਦੇ ਮੌਕੇ 'ਤੇ 10,000 ਰੁਪਏ
2. ਹਰਵਿੰਦਰ ਸਿੰਘ ਭਲਵਾਨ, ਤਰਖਾਣਵਾਲਾ, ਸੇਵਾ ਨਵਿਰਤੀ ਦੇ ਮੌਕੇ 'ਤੇ 1000 ਰੁਪਏ
3. ਨਿਰੰਜਨ ਸਿੰਘ ਜੰਡੂ, ਗਹਿਰੀ ਭਾਗੀ ਪਤਨੀ ਦੀ ਪੰਜਵੀਂ ਬਰਸੀ 'ਤੇ 1000 ਰੁਪਏ
4. ਬਲੌਰ ਸਿੰਘ ਪੱਪਾ, ਮਠਾੜੂ ਸ਼ਟਰਿੰਗ ਸਟੋਰ, ਕਾਲ ਝਰਾਣੀ 1000 ਰੁਪਏ
5. ਗੁਰਦੇਵ ਸਿੰਘ ਗਿੱਲ, Retd. ਡਿਪਟੀ ਡਾਇਰੈਕਟਰ, ਸਿੱਖਿਆ ਵਿਭਾਗ, ਪੰਜਾਬ 1000 ਰੁਪਏ
6. ਕੇਵਲ ਕ੍ਰਿਸ਼ਨ ਜੀਦਾ 1000 ਰੁਪਏ
7. ਚਰਨਜੀਤ ਸਿੰਘ ਮਠਾੜੂ 1000 ਰੁਪਏ
8. ਬੂਟਾ ਸਿੰਘ, ਸ.ਹ.ਸ. ਕੁਰੰਗਾਂਵਾਲੀ ਸਿਰਸਾ 1000 ਰੁਪਏ
9. ਪਿੰਡ ਲੁੰਢੇਵਾਲਾ ਦੇ ਤਰਕਸ਼ੀਲ ਪ੍ਰੋਗਰਾਮ 'ਤੇ ਰਾਮ ਸਿੰਘ ਨਿਰਮਾਣ ਰਾਹੀਂ 500 ਰੁਪਏ
10. ਜਸਵੰਤ ਸਿੰਘ, ਸੋਖਲ ਮੈਡੀਕਲ ਹਾਲ, ਭੁੰਬਾ 500 ਰੁਪਏ
11. ਗੁਰਚਰਨ ਖੇਮੋਆਣਾ 500 ਰੁਪਏ
12. ਸੰਤੋਸ਼ ਰਿਸ਼ੀ, ਬਠਿੰਡਾ 500 ਰੁਪਏ
13. ਸੁਰਜੀਤ ਸਿੰਘ ਵਾਂਦਰ, Retd. ਬੈਂਕ ਮੈਨੇਜਰ 500 ਰੁਪਏ
14. ਅਜਾਇਬ ਜਲਾਲਆਣਾ 500 ਰੁਪਏ
15. ਬੰਤ ਸਿੰਘ ਭੂੰਦੜ 500 ਰੁਪਏ
16. ਬਲਵੀਰ ਸਿੰਘ, ਧੋਬੀਆਣਾ ਰੋਡ ਬਠਿੰਡਾ 500 ਰੁਪਏ
17. ਡਾ. ਰਾਜਿੰਦਰ ਸਿੰਘ, Retd. ਪਸ਼ੂ ਪਾਲਣ ਵਿਭਾਗ 500 ਰੁਪਏ
18. ਰਾਜਿੰਦਰ ਕੁਮਾਰ, ਜੇ ਬੀ ਹਾਈਡਰੋਲਿਕ, ਪੁਰਾਣਾ ਬੱਸ ਅੱਡਾ, ਬਠਿੰਡਾ 500 ਰੁਪਏ
19. ਸ਼੍ਰੀ ਕ੍ਰਿਸ਼ਨ ਬਰਗਾੜੀ ਦਾ ਪਰਿਵਾਰ 500 ਰੁਪਏ
20. ਸ਼੍ਰੀ ਬੈਜਨਾਥ ਵਾਂਦਰ ਜਟਾਣਾ ਦਾ ਪਰਿਵਾਰ 500 ਰੁਪਏ
21. ਕਰਤਾਰ ਸਿੰਘ, ਪਿੰਡ ਲਹਿਰੀ 500 ਰੁਪਏ

**ਇਕਾਈ ਸੁਨਾਮ**

1. ਪਦਮ ਛਾਜਲੀ ਵੱਲੋਂ ਮੁਖਤਿਆਰ ਸਿੰਘ ਵਿਰਕ ਰਾਹੀਂ 500 ਰੁਪਏ

**ਇਕਾਈ ਅੰਮ੍ਰਿਤਸਰ**

1. ਸੁਖਮੀਤ ਸਿੰਘ ਪੋਤਰੀ ਦੇ ਜਨਮ ਦੀ ਖੁਸ਼ੀ ਵਿੱਚ 500 ਰੁਪਏ

# ਧੁੱਪ ਦੀ ਬਹੁਲਤਾ ਦੇ ਬਾਵਜੂਦ ਵਿਟਾਮਿਨ ਡੀ ਦੀ ਘਾਟ ਕਿਉਂ?

**ਦਯਾਨਿਧੀ**

ਭਾਰਤ ਵਿੱਚ ਜਿੱਥੇ ਲਗਭਗ ਸਾਰਾ ਸਾਲ ਸੂਰਜ ਦੀ ਬਹੁਤ ਜਿਆਦਾ ਰੋਸ਼ਨੀ ਰਹਿੰਦੀ ਹੈ, ਉੱਥੇ ਵਿਟਾਮਿਨ ਡੀ ਦੀ ਘਾਟ ਹੋਣਾ ਹੈਰਾਨੀਜਨਕ ਲੱਗਦਾ ਹੈ। ਦਿਲਚਸਪ ਗੱਲ ਇਹ ਹੈ ਕਿ ਹਰ ਪੰਜ ਵਿੱਚੋਂ ਇੱਕ ਭਾਰਤੀ ਵਿਟਾਮਿਨ ਡੀ ਦੀ ਘਾਟ ਨਾਲ ਜੂਝ ਰਿਹਾ ਹੈ।

ਉਪਰੋਕਤ ਤੱਥ ਭਾਰਤੀ ਅੰਤਰਰਾਸ਼ਟਰੀ ਆਰਥਿਕ ਸੰਬੰਧ ਖੋਜ ਕੌਂਸਲ ਅਤੇ ਅਨੁਭਕਾ ਫਾਊਂਡੇਸ਼ਨ ਦੁਆਰਾ ਵਿਟਾਮਿਨ ਡੀ ਦੀ ਕਮੀ ਨੂੰ ਦੂਰ ਕਰਨ ਲਈ ਜਾਰੀ ਕੀਤੀ ਗਈ 'ਰੋਡ ਮੈਪ' ਨਾਮੀ ਰਿਪੋਰਟ ਵਿੱਚ ਦਰਸਾਏ ਗਏ ਹਨ। ਰਿਪੋਰਟ ਵਿੱਚ ਖੁਲਾਸਾ ਕੀਤਾ ਗਿਆ ਹੈ ਕਿ ਭਾਰਤ ਵਿੱਚ ਵਿਟਾਮਿਨ ਡੀ ਦੀ ਕਮੀ ਕੁਝ ਇਲਾਕਿਆਂ ਵਿੱਚ 9.4 ਫੀਸਦੀ ਤੋਂ ਲੈ ਕੇ ਪੂਰਬੀ ਖੇਤਰ ਵਿੱਚ ਲਗਭਗ 39 ਫੀਸਦੀ ਤੱਕ ਨੋਟ ਕੀਤੀ ਗਈ ਹੈ, ਜੋ ਬਹੁਤ ਜਿਆਦਾ ਹੈ।

ਦੇਸ਼ ਦੇ ਧੁੱਪ ਵਾਲੇ ਮੌਸਮ ਨੂੰ ਦੇਖ ਕੇ ਇਸ ਕਮੀ ਬਾਰੇ ਕੋਈ ਵੀ ਸੰਦੇਹ ਕਰ ਸਕਦਾ ਹੈ ਕਿਉਂਕਿ ਸੂਰਜ ਦੀਆਂ ਪਰਾਵੈਂਗਨੀ ਕਿਰਨਾਂ ਵਿਟਾਮਿਨ ਡੀ ਦਾ ਪਹਿਲਾ ਸਰੋਤ ਹਨ। ਇਸ ਆਮ ਧਾਰਨਾ ਦੇ ਬਾਵਜੂਦ ਕਿ ਭਾਰਤ ਵਿੱਚ ਸਾਰਾ ਸਾਲ ਲੋੜੀਂਦੀ ਧੁੱਪ ਰਹਿੰਦੀ ਹੈ, ਵਰਤਮਾਨ ਅਧਿਐਨਾਂ ਤੋਂ ਪਤਾ ਚੱਲਦਾ ਹੈ ਕਿ ਵਧਦੀ ਆਬਾਦੀ, ਸ਼ਹਿਰੀਕਰਨ ਅਤੇ ਅਧੁਨਿਕ ਜੀਵਨ ਸ਼ੈਲੀ ਰਾਹੀਂ ਆਈਆਂ ਤਬਦੀਲੀਆਂ ਨੇ ਲੋਕਾਂ ਦੇ ਧੁੱਪ ਨਾਲ ਸੰਪਰਕ ਨੂੰ ਘੱਟ ਕਰ ਦਿੱਤਾ ਹੈ। ਭਾਰਤੀ ਸ਼ਹਿਰਾਂ ਵਿੱਚ ਹਵਾ ਪ੍ਰਦੂਸ਼ਣ ਦੇ ਕਾਰਨ ਪਰਾਵੈਂਗਨੀ ਕਿਰਨਾਂ ਸਾਡੇ ਸਰੀਰ ਤੱਕ ਪਹੁੰਚ ਨਹੀਂ ਸਕਦੀਆਂ। ਕੜਾਕੇ ਦੀ ਗਰਮੀ ਜਾਂ ਸਰਦੀ ਵਾਲੇ ਇਲਾਕਿਆਂ ਵਿੱਚ ਘਰਾਂ ਤੋਂ ਬਾਹਰ ਗਤੀਵਿਧੀਆਂ ਬਹੁਤ ਘੱਟ ਜਾਂਦੀਆਂ ਹਨ।

ਇਹ ਵੀ ਵਰਣਨਯੋਗ ਹੈ ਕਿ ਵਿਟਾਮਿਨ ਡੀ ਦੀ ਘਾਟ ਬਾਰੇ ਲੋਕਾਂ ਦੀ ਜਾਣਕਾਰੀ ਬਹੁਤ ਸੀਮਤ ਹੈ। ਇਸ ਲਈ ਇਸ ਦੇ ਸਿਹਤ ਉਪਰ ਲੰਬੇਂ ਅਰਸੇ ਤੱਕ ਪੈਣ ਵਾਲੇ ਦੁਰਪ੍ਰਭਾਵਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਹੈ। ਵਿਟਾਮਿਨ ਡੀ ਹੱਡੀਆਂ ਦੀ ਤੰਦਰੁਸਤੀ ਲਈ ਬਹੁਤ ਜਰੂਰੀ ਹੈ ਅਤੇ ਇਸ ਦੀ ਘਾਟ ਨਾਲ ਬੱਚਿਆਂ ਵਿੱਚ ਰਿਕਟਸ ਅਤੇ ਬਾਲਗਾਂ ਵਿੱਚ ਆਸਟੀਓਮਲੇਸ਼ੀਆ ਵਰਗੇ ਹੱਡੀਆਂ ਦੇ ਰੋਗ ਹੋ ਜਾਂਦੇ ਹਨ। ਇਸਦੀ ਘਾਟ ਨਾਲ ਮਾਸਪੇਸ਼ੀਆਂ ਵਿੱਚ ਕਮਜ਼ੋਰੀ, ਥਕਾਵਟ ਅਤੇ ਸੁਸਤੀ ਵਰਗੀਆਂ ਅਲਾਮਤਾਂ ਵੀ ਹੋ ਸਕਦੀਆਂ ਹਨ। ਹੱਡੀਆਂ ਤੋਂ ਇਲਾਵਾ ਵਿਟਾਮਿਨ ਡੀ ਦੀ ਘਾਟ ਦਿਲ ਸੰਬੰਧੀ ਬਿਮਾਰੀਆਂ, ਸ਼ੂਗਰ, ਛਾਤੀਆਂ ਅਤੇ ਪ੍ਰੋਸਟੇਟ ਕੈਂਸਰ ਦੇ ਵਧਦੇ ਖਤਰੇ ਨਾਲ ਵੀ ਜੁੜੀ ਹੋਈ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਵਿਟਾਮਿਨ ਡੀ ਦੀ ਘਾਟ ਇਕ ਛੁਪੀ ਹੋਈ ਮਹਾਂਮਾਰੀ ਹੈ ਜਿਸ ਨਾਲ ਲੱਖਾਂ ਲੋਕ ਪ੍ਰਭਾਵਿਤ ਹੁੰਦੇ ਹਨ, ਫਿਰ ਵੀ ਇਸ ਦੀ ਅਕਸਰ ਹੀ ਅਣਦੇਖੀ ਕੀਤੀ ਜਾਂਦੀ ਹੈ।

ਭਾਰਤੀ ਚਕਿਤਸਾ ਖੋਜ ਪ੍ਰੀਸ਼ਦ ਨੇ ਭਾਰਤੀਆਂ ਦੀ ਖੁਰਾਕ ਸਬੰਧੀ ਜੋ ਦਿਸ਼ਾ ਨਿਰਦੇਸ਼ ਜਾਰੀ ਕੀਤੇ ਹਨ ਉਹਨਾਂ ਵਿੱਚ ਲੋੜੀਂਦੀ ਧੁੱਪ ਵਿੱਚ ਵਿਚਰਨ ਦਾ ਸੁਝਾਅ ਵੀ ਦਿੱਤਾ ਗਿਆ ਹੈ।

**ਵਿਟਾਮਿਨ ਡੀ ਦੀ ਕਮੀ ਦੀ ਪਹਿਚਾਣ ਅਤੇ ਸੁਝਾਏ ਗਏ ਉਪਾਅ**

ਭਾਰਤੀ ਹਾਲਾਤ ਦੇ ਸੰਦਰਭ ਵਿੱਚ ਏਮਸ ਵੱਲੋਂ ਨਿਰਧਾਰਤ ਕੀਤੇ ਗਏ ਦਿਸ਼ਾ ਨਿਰਦੇਸ਼ਾਂ ਅਨੁਸਾਰ 12 ng/ml (ਨੈਨੋ ਗ੍ਰਾਮ ਪ੍ਰਤੀ ਮਿਲੀ ਲਿਟਰ) ਦੇ ਪੱਧਰ ਨੂੰ ਵਿਟਾਮਿਨ ਡੀ ਦੀ ਘਾਟ ਮੰਨਿਆ ਜਾਂਦਾ ਹੈ।

ਭਾਰਤੀ ਸ਼ਹਿਰਾਂ ਵਿੱਚ ਹਵਾ ਪ੍ਰਦੂਸ਼ਣ ਦਾ ਉੱਚਾ ਪੱਧਰ ਨਾ ਸਿਰਫ ਹਵਾ ਦੀ ਕੁਆਲਿਟੀ ਨੂੰ ਹੀ ਖਰਾਬ ਕਰਦਾ ਹੈ ਬਲਕਿ ਪਰਾਵੈਂਗਨੀ ਕਿਰਨਾਂ ਨੂੰ ਵੀ ਵਾਯੂਮੰਡਲ ਵਿੱਚ ਪ੍ਰਵੇਸ਼ ਕਰਨ ਤੋਂ ਰੋਕਦਾ ਹੈ। ਇਸ ਹਾਲਤ ਵਿੱਚ ਚਮੜੀ ਦੀ ਵਿਟਾਮਿਨ ਡੀ ਨੂੰ ਹਾਸਲ ਕਰਨ ਦੀ ਸਮਰੱਥਾ ਵੀ ਘਟ ਜਾਂਦੀ ਹੈ। ਸ਼ਹਿਰੀਕਰਨ ਅਤੇ ਆਬਾਦੀ ਦੇ ਵਾਧੇ ਦੇ ਚਲਦੇ ਸੰਘਣੀ ਜਨਸੰਖਿਆ ਵਾਲੇ ਨਿਵਾਸ ਖੇਤਰ ਇਸ ਤਰ੍ਹਾਂ ਦੇ ਬਣ ਗਏ ਹਨ, ਜਿੱਥੇ ਉੱਚੀਆਂ ਇਮਾਰਤਾਂ ਅਤੇ ਭੀੜ ਭੜੱਕੇ ਵਾਲੇ ਘਰਾਂ ਵਿੱਚ ਰਹਿਣ ਵਾਲੇ ਲੋਕਾਂ ਲਈ ਸੂਰਜ ਦੀ ਰੋਸ਼ਨੀ ਬਹੁਤ ਸੀਮਤ ਹੋ ਜਾਂਦੀ ਹੈ। ਇਹਨਾਂ ਕਾਰਨਾਂ ਕਰਕੇ ਵਿਟਾਮਿਨ ਡੀ ਦੀ ਘਾਟ ਮਹਾਂਮਾਰੀ ਦੀ ਤਰ੍ਹਾਂ ਫੈਲ ਰਹੀ ਹੈ ਜੋ ਚੁੱਪ ਚਾਪ ਸਭ ਤੋਂ ਕਮਜ਼ੋਰ ਤਬਕਿਆਂ ਨੂੰ ਪ੍ਰਭਾਵਿਤ ਕਰ ਰਹੀ ਹੈ।

ਇਸ ਲਈ ਖੁਰਾਕੀ ਪਦਾਰਥਾਂ ਵਿੱਚ ਵਿਟਾਮਿਨ ਡੀ ਨੂੰ ਜਰੂਰ ਸ਼ਾਮਿਲ ਕਰਨਾ, ਘਰਾਂ ਤੋਂ ਬਾਹਰ ਧੁੱਪ ਵਿੱਚ ਸਰਗਰਮੀਆਂ ਨੂੰ ਉਤਸ਼ਾਹਿਤ ਕਰਨਾ ਅਤੇ ਦੇਸ਼ ਵਿਆਪੀ ਜਾਗਰੂਕਤਾ ਮੁਹਿੰਮ ਚਲਾਉਣਾ ਅਹਿਮ ਕਦਮ ਹਨ। ਸਿਰਫ ਸਮੂਹਿਕ ਕਾਰਵਾਈ ਨਾਲ ਹੀ ਭਾਰਤ ਇਸ ਛੁਪੀ ਹੋਈ ਸਿਹਤ ਚੁਣੌਤੀ ਨੂੰ ਦੂਰ ਕਰ ਸਕਦਾ ਹੈ।

***(Down to Earth ਮੈਗਜ਼ੀਨ ਵਿੱਚੋਂ ਧੰਨਵਾਦ ਸਹਿਤ)***

**ਕੇਸ ਰਿਪੋਰਟ**

# ਕਚੀਲ ਦੀ ਚਿੱਠੀ

**ਚੰਨਣ ਵਾਂਦਰ**

ਪਿੰਡ ਵਿੱਚ ਵਸਦਾ ਰਸਦਾ ਛੋਟੇ ਕਿਸਾਨ ਦਾ ਘਰ। ਮੁਖੀ ਕੋਲ ਆਪਣੀ ਗੁਜ਼ਾਰੇ ਜੋਗੀ ਜ਼ਮੀਨ ਸੀ। ਘਰ ਵਿੱਚ ਦੋਹਾਂ ਜੀਆਂ ਤੋਂ ਇਲਾਵਾ ਪੁੱਤਰ ਨੂੰਹ ਸਨ। ਕੁਝ ਮਹੀਨੇ ਪਹਿਲਾਂ ਉਨ੍ਹਾਂ ਆਪਣਾ ਕੱਲਾ ਕਹਿਰਾ ਮੁੰਡਾ ਚਾਅ ਮਲਾਰਾਂ ਨਾਲ ਵਿਆਹਿਆ ਸੀ। ਦੋਵੇਂ ਪਿਓ ਪੁੱਤ ਖ਼ੇਤ ਵਿੱਚ ਜੀਅ ਜਾਨ ਨਾਲ ਮਿਹਨਤ ਕਰਦੇ ਸਨ। ਦੋਵੇਂ ਨਸ਼ੇ ਪੱਤੇ ਤੋਂ ਮੁਕਤ ਸਨ। ਘਰੇ ਰੱਖੇ ਪਸ਼ੂਆਂ ਨੂੰ ਨੂੰਹ ਸੱਸ ਸਾਂਭਦੀਆਂ ਸਨ। ਪੜ੍ਹੀ ਲਿਖੀ ਨੂੰਹ ਲਗਦੀ ਵਾਹ ਆਪਣੀ ਸੱਸ ਨੂੰ ਘਰ ਦਾ ਕੋਈ ਕੰਮ ਨਹੀਂ ਸੀ ਕਰਨ ਦਿੰਦੀ। ਆਖਦੀ, "ਬੀ ਜੀ ! ਸਾਰੀ ਉਮਰ ਕੰਮ ਹੀ ਤਾਂ ਕਰਿਆ ਹੈ ਤੁਸੀਂ। ਹੁਣ ਤੁਸੀਂ ਆਰਾਮ ਨਾਲ ਬੈਠਿਆ ਕਰੋ।" ਪਰਿਵਾਰ ਨੂੰਹ ਰਾਣੀ ਦੇ ਵਰਤ ਵਿਹਾਰ ਤੋਂ ਖ਼ੁਸ਼ ਸੀ।

ਜਦ ਕਦੀ ਖੇਤੋਂ ਵਿਹਲ ਮਿਲਦੀ ਤਾਂ ਮੁੰਡਾ ਪਸ਼ੂ ਸਾਂਭਣ ਦੇ ਕੰਮ ਵਿੱਚ ਹੱਥ ਵਟਾਉਂਦਾ। ਘਰ ਦਾ ਮੁਖੀ ਆਂਢ ਗੁਆਂਢ ਤੇ ਸਾਕ ਸ਼ਰੀਕੇ ਵਿੱਚ ਤੁਰੀ ਰਹਿੰਦੀ ਪਤਨੀ ਨੂੰ ਕੋਸਦਾ। ਆਖਦਾ, "ਬਸੰਤ ਕੁਰੇ ! ਵੱਡਿਆਂ ਦੀ ਘਰੇ ਲੋੜ ਹੁੰਦੀ ਆ। ਜੁਆਨ ਜਹਾਨ ਨੂੰਹ ਰਾਣੀ ਘਰੇ 'ਕੱਲੀ ਛੱਡ ਕੇ ਤੇਰਾ ਗਲੀ ਗੁਆਂਢ ਵਿੱਚ ਤੁਰੇ ਫਿਰਨਾ ਮੈਨੂੰ ਚੰਗਾ ਨੀਂ ਲਗਦਾ।" ਵਿਆਹ ਨੂੰ ਛੇ ਸੱਤ ਮਹੀਨੇ ਗੁਜ਼ਰਨ ਤੇ ਬਸੰਤ ਕੌਰ ਨੇ ਬਾਲ ਬੱਚੇ ਲਈ ਸੁੱਖਾਂ ਸੁਖਣ ਤੇ ਡੇਰਿਆਂ ਧਾਰਮਿਕ ਸਥਾਨਾਂ 'ਤੇ ਜਾਣ ਦਾ ਰਾਹ ਫੜ੍ਹ ਲਿਆ।

ਹਫ਼ਤੇ ਵਿਚ ਇੱਕ ਦੋ ਵਾਰ ਉਹ ਸੰਗਰਾਂਦ, ਮੱਸਿਆ 'ਤੇ ਪਿੰਡੋਂ ਜਾਂਦੀ ਸੰਗਤ ਨਾਲ ਜਾਂਦੀ। ਉੱਥੋਂ ਕਰਵਾਇਆ ਉਪਾਅ ਤੇ ਲਿਆਂਦਾ ਜਲ, ਪ੍ਰਸ਼ਾਦ ਨੂੰਹ ਰਾਣੀ ਨੂੰ ਲਿਆ ਫੜ੍ਹਾਉਂਦੀ। ਘਰ ਵਿੱਚ ਨਵੇਂ ਜੀਅ ਦੇ ਆਉਣ ਦੀ ਆਸ ਵਿੱਚ ਉਹ ਦੱਸ ਪੈਣ 'ਤੇ ਦੂਰ ਦੁਰਾਡੇ ਵੀ ਜਾ ਆਉਂਦੀ। ਉਸ ਦੇ ਘਰੋਂ ਬਾਹਰ ਰਹਿਣ 'ਤੇ ਘਰ ਦਾ ਕੰਮ ਬੁਰੇ ਰੁਖ ਪ੍ਰਭਾਵਿਤ ਹੋਣ ਲੱਗਾ। ਖੇਤੋਂ ਮੁੜਦੇ ਪਿਓ ਪੁੱਤ ਨੂੰ ਰੋਟੀ ਪਾਣੀ ਫੜ੍ਹਾਉਣ ਦੀ ਜ਼ਿੰਮੇਂਵਾਰੀ ਵੀ ਨੂੰਹ ਸਿਰ ਆ ਪਈ।

ਹਾੜ੍ਹੀ ਦੀ ਫ਼ਸਲ ਮੀਂਹ ਝੱਖੜ ਦੀ ਮਾਰ ਹੇਠ ਆਉਣ 'ਤੇ ਝਾੜ ਘੱਟ ਨਿਕਲਿਆ। ਵਿਆਹ 'ਤੇ ਚੁੱਕਿਆ ਕਰਜਾ ਵਿਆਜ ਦੀ ਮਾਰ ਹੇਠ ਆਉਣ ਲੱਗਾ। ਘਰੇ ਛੋਟੀ ਛੋਟੀ ਗੱਲ 'ਤੇ ਤਕਰਾਰ ਹੋਣ ਲਗਦੀ। ਇਹ ਵੇਖ ਨੂੰਹ ਨਿਰਾਸ਼ ਰਹਿਣ ਲੱਗੀ। ਸਵੇਰ ਸਾਰ ਉੱਠਣ 'ਤੇ ਚੁੱਲ੍ਹਾ ਚੌਂਕਾ ਸਾਂਭਣ ਵਿੱਚ ਦੇਰ ਹੋਣ ਲੱਗੀ। ਪਰਿਵਾਰ ਵਿੱਚ ਤਣਾਅ, ਗੁੱਸਾ ਤੇ ਬੇਵਿਸ਼ਵਾਸੀ ਵਧਣ ਲੱਗੀ। ਇੱਕ ਦੋ ਵਾਰ ਮੱਝ ਚੋਂਦਿਆਂ ਨੂੰਹ ਬੇਹੋਸ਼ ਹੋ ਗਈ। ਇੱਕ ਦਿਨ ਦੁੱਧ ਦੀ ਭਰੀ ਬਾਲਟੀ ਸਮੇਤ ਵਿਹੜੇ ਵਿੱਚ ਡਿੱਗ ਪਈ। ਬਸੰਤ ਕੌਰ ਨੇ ਇਨ੍ਹਾਂ ਘਟਨਾਵਾਂ ਨੂੰ ਸ਼ਰੀਕੇ ਵੱਲੋਂ ਕੀਤੇ ਕਰਾਏ ਨਾਲ ਜੋੜ ਕੇ ਓਹੜ ਪੋਹੜ ਲਈ ਚੇਲਿਆਂ ਸਿਆਣਿਆਂ ਦਾ ਦਰ ਜਾ ਮੱਲਿਆ। ਕਈਆਂ ਨੂੰ ਘਰੇ ਵੀ ਲਿਆਂਦਾ। ਉਪਾਅ ਵਜੋਂ ਟੂਣੇ, ਸੁੱਖਾਂ ਤੇ ਕੜਾਹੀਆਂ ਦਾ ਦੌਰ ਸ਼ੁਰੂ ਹੋ ਗਿਆ।

ਘਰ ਵਿੱਚ ਚੇਲਿਆਂ ਦਾ ਆਉਣ ਜਾਣ ਆਮ ਹੋ ਗਿਆ। ਜਿਹੜਾ ਵੀ ਉਪਾਅ ਕਰਨ ਲਈ ਆਉਂਦਾ ਮੂੰਹੋਂ ਮੰਗੇ ਪੈਸੇ ਲੈ ਕੇ ਤੁਰਦਾ ਬਣਦਾ। ਘਰ ਦੇ ਕੰਮ ਦਾ ਸਾਰਾ ਬੋਝ ਨੂੰਹ 'ਤੇ ਪੈਣ ਲੱਗਾ। ਉਪਾਅ ਕਰਨ ਦੇ ਨਾਲ ਨਾਲ ਘਰ ਪਤਾ ਲੈਣ ਆਉਂਦੇ ਰਿਸ਼ਤੇਦਾਰਾਂ ਦੀ ਸਾਂਭ ਸੰਭਾਲ ਤੇ ਸਿਆਣਿਆਂ ਦੀ ਸੁੱਚੀ ਰੋਟੀ ਦੇ ਕੰਮ ਉਸਨੂੰ ਬੇਚੈਨ ਕਰਦੇ। ਅਜਿਹੇ ਮਾਹੌਲ ਵਿੱਚ ਘਰ ਦੀ ਇਕਲੌਤੀ ਵਿਆਹੀ ਵਰ੍ਹੀ ਧੀ ਅਕਸਰ ਗੇੜਾ ਮਾਰਦੀ। ਆਪਣੀ ਮਾਂ ਨਾਲ ਹੀ ਖਹਿੜਦੀ। ਆਖਦੀ, ਕੰਮ ਧੰਦਾ ਤਾਂ ਘਰਾਂ ਵਿੱਚ ਸਾਰਿਆਂ ਨੂੰ ਹੀ ਕਰਨਾ ਪੈਂਦਾ। ਔਖ ਸੌਖ ਵੀ ਕੱਟਣੀ ਪੈਂਦੀ। ਏਸ ਘਰ ਵਿੱਚ ਤਾਂ ਹਰ ਸੁਖ ਸਹੂਲਤ ਹੈ। ਫਿਰ ਘਰ ਦੀ ਮੰਦੀ ਹਾਲਤ ਸਮਝ ਤੋਂ ਬਾਹਰ ਦੀ ਗੱਲ ਹੈ।

ਇੱਕ ਦਿਨ ਤਾਂ ਲੋਹੜੇ ਵਾਲੀ ਗੱਲ ਹੋ ਗਈ। ਬਸੰਤ ਕੌਰ ਨੇ ਮੱਝਾਂ ਦੀ ਖੁਰਲੀ ਵਿੱਚੋਂ ਚੁੱਕੇ ਦੋ ਤਿੰਨ ਕਾਗਜ਼ ਆਪਣੀ ਕੁੜੀ ਨੂੰ ਫੜਾ ਦਿੱਤੇ। ਉਸ ਨੇ ਖੋਲ੍ਹ ਕੇ ਪੜ੍ਹੇ ਤਾਂ ਮੱਥਾ ਫੜ੍ਹ ਕੇ ਬੈਠ ਗਈ। ਉੱਚੀ ਉੱਚੀ ਕਹਿਣ ਕਹਿਣ ਲੱਗੀ, ਬੀਬੀਏ, ਆਪਾਂ ਕਿਸੇ ਚੰਦਰੇ ਦਾ ਕੀ ਵਿਗਾੜਿਆ? ਆਪਣੇ ਘਰ 'ਤੇ ਵੱਡੀ ਮੁਸੀਬਤ ਆਣ ਖੜ੍ਹੀ ਹੈ। ਆਹ ਕਾਗਜ਼ ਨੀਂ, ਇਹ ਚਿੱਠੀਆਂ ਨੇ। ਕਿਸੇ ਕਚੀਲ ਨੇ ਲਿਖ ਕੇ ਸੁੱਟੀਆਂ ਨੇ। ਸੁਣ ਵਿੱਚ ਕੀ ਲਿਖਿਆ ਹੈ,

*'ਥੋਡੇ ਘਰ ਦਾ ਬੁਰਾ ਵਕਤ ਸ਼ੁਰੂ ਹੋ ਗਿਆ ਹੈ। ਤੁਸੀਂ ਮੇਰੀ ਮੰਨਤਾ ਸ਼ੁਰੂ ਨਾ ਕੀਤੀ ਤਾਂ ਮੈਂ ਕੱਲੇ ਕੱਲੇ ਜੀਅ ਦਾ ਜਿਉਣਾ ਦੁੱਭਰ ਕਰ ਦਿਆਂਗੀ।'*

ਲਿਖਤੁਮ: ਕਚੀਲ਼

ਇਹ ਸੁਣਦਿਆਂ ਹੀ ਬਸੰਤ ਕੌਰ ਘਬਰਾ ਗਈ। ਇੱਕ ਦਮ ਚੁੱਪ ਹੋ ਗਈ। ਆਂਢ ਗੁਆਂਢ ਨੂੰ ਪਤਾ ਲੱਗਿਆ ਤਾਂ ਘਰ ਦਾ ਵਿਹੜਾ ਜੀਆਂ ਨਾਲ ਭਰ ਗਿਆ। ਸਾਰਿਆਂ ਨੇ ਰਾਤ ਜਾਗ ਕੇ ਕੱਟੀ। ਅਗਲੇ ਦਿਨ ਸਾਰੇ ਰਿਸ਼ਤੇਦਾਰਾਂ ਦੀ ਰਾਇ ਸਲਾਹ ਨਾਲ ਕਚੀਲ ਦੀ ਕ੍ਰੋਪੀ ਨੂੰ ਬਚਣ ਲਈ ਵੱਡੇ ਸਿਆਣੇ

ਤੱਕ ਪਹੁੰਚ ਕਰਨ ਦਾ ਫੈਸਲਾ ਹੋਇਆ। ਇਸ ਉਪਾਅ ਲਈ ਇੱਕ ਨਹੀਂ ਕਈ ਸਿਆਣੇ ਲਿਆਂਦੇ ਗਏ। ਸਾਰਿਆਂ ਨੇ ਕਚੀਲ ਨੂੰ ਘਰੋਂ ਬਾਹਰ ਕਰਨ ਲਈ ਮੂੰਹੋਂ ਮੰਗੀ ਦਾਨ ਦਕਸ਼ਣਾ ਲਈ ਤੇ ਚਲਦੇ ਬਣੇ। ਘਰ ਦੀ ਹਾਲਤ ਹੋਰ ਵੀ ਮੰਦੀ ਹੋ ਗਈ। ਨਿੱਤ ਲੜਾਈ ਝਗੜਾ ਰਹਿਣ ਲੱਗਾ। ਘਰ ਦੇ ਮੁਖੀ ਨੂੰ ਬਸੰਤ ਕੌਰ ਤੇ ਆਪਣੀ ਧੀ ਦਾ ਬੇਲੋੜਾ ਦਖਲ ਬਹੁਤ ਅੱਖਰਦਾ, ਪਰ ਉਹ ਭਲੇ ਦਿਨ ਆਉਣ ਦੀ ਸੋਚ ਕੇ ਚੁੱਪ ਰਹਿੰਦਾ।

ਪਰਿਵਾਰ ਨੂੰ ਮਜਬੂਰੀ ਵੱਸ ਹੋਰ ਸਮਝੌਤਾ ਵੀ ਕਰਨਾ ਪਿਆ। ਕਚੀਲ ਦੇ ਉਪਾਅ ਲਈ ਘਰ ਆਉਂਦੇ ਅਖੌਤੀ ਸਿਆਣਿਆਂ ਨੇ ਘਰ ਵਿੱਚ ਸੁੱਖ ਲਾਹੁਣ ਲਈ ਦਾਰੂ, ਮੁਰਗੇ ਨੂੰ ਦਾਖਲਾ ਵੀ ਦਿਵਾ ਦਿੱਤਾ। ਜਿਹੜਾ ਵੀ ਆਉਂਦਾ ਉਸਦੀ ਇਹੋ ਪਹਿਲੀ ਮੰਗ ਹੁੰਦੀ। ਘਰ ਵਿੱਚ ਕਿਸੇ ਖਾਸ ਮਹਿਮਾਨ ਦੇ ਆਉਣ 'ਤੇ ਇਹ ਸੇਵਾ ਵੀ ਹੋਣ ਲੱਗ ਪਈ।

ਘਰ ਦੇ ਵਿਗੜੇ ਪਰਿਵਾਰਕ ਮਾਹੌਲ 'ਤੇ ਕਰਜ਼ੇ ਦੀਆਂ ਪ੍ਰੇਸ਼ਾਨੀਆਂ ਤੋਂ ਰਾਹਤ ਹਾਸਲ ਕਰਨ ਲਈ ਦੋਵੇਂ ਪਿਓ ਪੁੱਤ ਦਾਰੂ ਦੀ ਵਰਤੋਂ ਕਰਨ ਲੱਗ ਪਏ। ਜਿਸ ਦਾ ਘਰ ਦੀਆਂ ਦੋਵੇਂ ਔਰਤਾਂ ਨੇ ਬਹੁਤ ਬੁਰਾ ਮਨਾਇਆ। ਆਖਰ ਸੁੱਖਣਾਂ ਪੂਰੀਆਂ ਕਰਨ ਅਤੇ ਮੂੰਹੋਂ ਮੰਗੀ ਦਕਸ਼ਣਾਂ ਲੈਣ ਵਾਲੇ ਸਾਧ ਸਿਆਣੇ ਜੁਆਬ ਦੇ ਗਏ। ਆਖਰੀ ਉਪਾਅ ਵਜੋਂ ਪਰਿਵਾਰ ਮਸ਼ਵਰਾ ਕੇਂਦਰ ਬਰਗਾੜੀ ਆ ਪਹੁੰਚਿਆ।

ਕਈ ਮਹੀਨਿਆਂ ਤੋਂ ਸੰਤਾਪ ਭੋਗ ਰਹੇ ਪਰਿਵਾਰ ਦੇ ਮੁਖੀ ਨਾਲ ਅਸੀਂ ਉਨ੍ਹਾਂ ਦੇ ਪਿੰਡ ਜਾਣ ਦਾ ਸਮਾਂ ਤੈਅ ਕਰ ਲਿਆ। ਸਾਰੀਆਂ ਘਟਨਾਵਾਂ ਪਰਖ ਪੜਤਾਲ ਵਿੱਚੋਂ ਲੰਘਦਿਆਂ ਹੱਲ ਤੱਕ ਪਹੁੰਚਣ ਵਿੱਚ ਸਹਾਈ ਹੋਈਆਂ। ਪਰਿਵਾਰ ਦੀ ਨੂੰਹ ਦੀ ਹਾਲਤ ਤਰਸਯੋਗ ਸੀ। ਸਾਰਾ ਕੰਮ ਕਾਰ ਕਰਦੀ ਹੋਈ ਵੀ ਵਿਤਕਰੇ ਦਾ ਸ਼ਿਕਾਰ ਸੀ। ਉਸ ਨੇ ਭਰੇ ਮਨ ਨਾਲ ਦੱਸਿਆ, "ਇਸ ਘਰ ਵਿੱਚ ਮੇਰਾ ਤਾਂ ਖਾਣ ਪੀਣ ਵੀ ਦੁੱਭਰ ਹੋਇਆ ਪਿਆ ਹੈ। ਸਾਰਾ ਦਿਨ ਚਿੰਤਾ ਦੀ ਅੱਗ ਵਿੱਚ ਬਲਦੀ ਹਾਂ। ਘਰੇ ਕੋਈ ਸੁਣਵਾਈ ਨਹੀਂ। ਘਰੇ ਅਕਸਰ ਆਉਂਦੀ ਮੇਰੀ ਨਣਦ ਸਾਡੇ ਘਰ ਦੇ ਕੰਮਾਂ ਵਿੱਚ ਬੇਲੋੜਾ ਦਖਲ ਦਿੰਦੀ ਹੈ। ਪਤਾ ਨਹੀਂ ਕਿਉਂ ਉਸਤੋਂ ਆਪਣੇ ਬਾਪ ਤੇ ਭਰਾ ਦਾ ਸੁਖੀ ਵਸਦਾ ਘਰ ਕਿਉਂ ਨੀਂ ਜਰਿਆ ਗਿਆ?" ਉਸ ਦੀਆਂ ਗੱਲਾਂ ਨੇ ਪੜਤਾਲੀਆ ਟੀਮ ਦੇ ਮੈਂਬਰਾਂ ਵੱਲੋਂ ਕਚੀਲ ਦੀ ਚਿੱਠੀ ਲਿਖਣ ਦੇ ਸ਼ੱਕ ਨੂੰ ਬਦਲ ਦਿੱਤਾ। ਉਸ ਨੇ ਦੱਸਿਆ ਕਿ ਹਰ ਵਾਰ ਚਿੱਠੀ ਨਣਦ ਦੇ ਹੁੰਦਿਆਂ ਹੀ ਪਸ਼ੂਆਂ ਦੀ ਖੁਰਲੀ ਵਿੱਚ ਡਿੱਗਦੀ ਸੀ। ਪਸ਼ੂਆਂ ਦੀ ਸਾਂਭ ਸੰਭਾਲ ਤਾਂ ਮੈਂ ਕਰਦੀ ਹੈ ਪਰ ਚਿੱਠੀ ਬੀਜੀ ਨੂੰ ਹੀ ਕਿਉਂ ਲੱਭਦੀ ਹੈ?

ਨੂੰਹ ਦੀਆਂ ਦਲੀਲਾਂ ਨੇ ਚਿੱਠੀ ਵਾਲੀ ਕਚੀਲ ਨੂੰ ਲੱਭਣ ਲਈ ਨਵਾਂ ਰਾਹ ਦੱਸ ਦਿੱਤਾ। ਅਸੀਂ ਮੁੜ ਬੈਠ ਕੇ ਵਿਚਾਰਿਆ ਤੇ ਪਰਿਵਾਰ ਦੀ ਵਿਆਹੀ ਧੀ ਨੂੰ ਮੁੜ ਬੁਲਾਇਆ। ਉਸ ਨਾਲ ਦੋ ਟੁਕ ਗੱਲ ਕੀਤੀ, 'ਦੇਖ ਬੀਬਾ, ਸਾਨੂੰ ਸਾਰੀ ਗੱਲ ਦਾ ਪਤਾ ਲੱਗ ਗਿਆ ਹੈ। ਕਚੀਲ ਬਣ ਕੇ ਚਿੱਠੀ ਲਿਖਣ ਵਾਲਾ ਵੀ ਸਾਡੇ ਧਿਆਨ ਵਿੱਚ ਹੈ। ਜੇਕਰ ਤੁਸੀਂ ਸਹਿਯੋਗ ਨਾ ਕਰਿਆ ਤਾਂ ਤੁਹਾਡੇ ਸਹੁਰੇ ਘਰ ਹੋਣ ਵਾਲੀ ਆਪਣੀ ਮਾੜੀ ਹਾਲਤ ਲਈ ਤੁਸੀਂ ਖੁਦ ਜ਼ਿੰਮੇਂਵਾਰ ਹੋਵੋਗੇ। ਅਜੇ ਵੀ ਤੁਹਾਡੇ ਕੋਲ ਮੌਕਾ। ਸਾਡੇ ਨਾਲ ਸਾਂਝੀ ਕੀਤੀ ਗੱਲ ਆਪਣੇ ਦਰਮਿਆਨ ਹੀ ਰਹੇਗੀ ਤੇ ਘਰ ਦਾ ਮਸਲਾ ਵੀ ਹੱਲ ਹੋ ਜਾਵੇਗਾ।' ਉਸ ਨੇ ਕੁਝ ਪਲ ਸੋਚਿਆ ਤੇ ਕਹਿਣ ਲੱਗੀ, "ਸਾਰੀ ਗਲਤੀ ਤਾਂ ਮੇਰੀ ਹੈ। ਜਿਸ ਨੇ ਆਪਣੇ ਬਾਪ ਦੇ ਘਰ ਦੀ ਖ਼ੁਸ਼ੀ ਨੂੰ ਹੀ ਖਰਾਬ ਕਰ ਦਿੱਤਾ। ਬੱਸ ਈਰਖਾ ਦੀ ਭਾਵਨਾ ਦੇ ਵਹਿਣ ਵਿੱਚ ਮਾਂ ਦੇ ਮਗਰ ਲੱਗ ਗਈ ਸਾਂ। ਚਿੱਠੀ ਬਾਰੇ ਮਾਂ ਨੂੰ ਕੁਝ ਨੀਂ ਪਤਾ! ਉਹ ਤਾਂ ਮੈਂ ਹੀ ਲਿਖ ਕੇ ਲਿਆਈ ਸਾਂ। ਮਾਂ ਨੂੰ ਪਸ਼ੂਆਂ ਦੀ ਖੁਰਲੀ ਵੱਲ ਚਾਰਾ ਵੇਖਣ ਬਹਾਨੇ ਭੇਜਦੀ ਸਾਂ।

ਅਸਲ ਵਿੱਚ ਮੈਂ ਸਹੁਰੇ ਘਰ ਦੁਖੀ ਹਾਂ। ਜ਼ਮੀਨ ਥੋੜ੍ਹੀ ਹੈ। ਘਰ ਵਾਲਾ ਨਸ਼ੇ ਪੱਤੇ ਦਾ ਆਦੀ ਹੈ। ਵੀਰ ਦੇ ਵਿਆਹ ਮਗਰੋਂ ਮੈਨੂੰ ਮਾਂ ਤੋਂ ਮਿਲਣ ਵਾਲੀ ਪੈਸੇ ਟਕੇ ਦੀ ਮੱਦਦ ਬੰਦ ਹੋ ਗਈ ਸੀ। ਆਵਦਾ ਦੁੱਖ ਘਟਾਉਣ ਦੀ ਬਜਾਏ ਮੈਂ ਇਸ ਘਰ ਨੂੰ ਵੀ ਨਰਕ ਬਣਾ ਦਿੱਤਾ। ਮੇਰੀ ਗਲਤੀ ਤਾਂ ਵੱਡੀ ਹੈ। ਪਰ ਮੈਨੂੰ ਮੁਆਫ ਕਰ ਦਿਓ ਤਾਂ ਦੋਵੇਂ ਘਰ ਵਸ ਜਾਣਗੇ। ਮੈਂ ਲਿਖ਼ ਕੇ ਮੁਆਫੀ ਮੰਗਦੀ ਹਾਂ। ਅੱਗੇ ਤੋਂ ਅਜਿਹੀ ਗਲਤੀ ਨਹੀਂ ਕਰਾਂਗੀ। ਸਗੋਂ ਆਪਣੇ ਪੇਕੇ ਘਰ ਨੂੰ ਪਹਿਲਾਂ ਵਾਂਗ ਵਸਦਾ ਰਸਦਾ ਕਰਨ ਵਿੱਚ ਹਰ ਤਰ੍ਹਾਂ ਦਾ ਸਹਿਯੋਗ ਕਰਾਂਗੀ।" ਅਸੀਂ ਫਿਰ ਉਸ ਦੀ ਮਾਂ ਬਸੰਤ ਕੌਰ ਨੂੰ ਬੁਲਾਇਆ। ਉਹ ਦੋਸ਼ੀਆਂ ਵਾਂਗ ਨੀਵੀਂ ਪਾਈ ਬੈਠੀ ਸੀ। "ਹੱਥ ਜੋੜ ਕੇ ਮੁਆਫੀ ਮੰਗਦੀ ਹਾਂ। ਮੇਰਾ ਤੇ ਮੇਰੀ ਧੀ ਦਾ ਪਰਦਾ ਕੱਜ ਲਵੋ। ਹੁਣ ਮੈਂ ਆਪਣੀ ਨੂੰਹ ਨਾਲ ਧੀ ਵਾਲਾ ਵਿਹਾਰ ਕਰਿਆ ਕਰਾਂਗੀ।" ਦੋਵਾਂ ਮਾਵਾਂ ਧੀਆਂ ਨੂੰ ਇਕੱਠਿਆਂ ਬਿਠਾ ਕੇ ਸਮਝਾਇਆ ਤੇ ਅੱਗੇ ਤੋਂ ਮਿਲ ਕੇ ਰਹਿਣ ਦੀ ਤਾਕੀਦ ਕੀਤੀ।

ਸਾਰੇ ਪਰਿਵਾਰ ਨੂੰ ਕਚੀਲ ਦੀ ਕ੍ਰੋਪੀ ਖਤਮ ਕਰਨ ਦਾ ਵਿਸ਼ਵਾਸ ਦਿਵਾਇਆ ਤੇ ਨਾਲ ਹੀ ਆਪਸ ਵਿੱਚ ਮਿਲ ਬੈਠ, ਇੱਕ ਦੂਸਰੇ ਦੇ ਮੱਦਦਗਾਰ ਬਣ ਕੇ ਰਹਿਣ ਦੇ ਸੁਝਾਅ ਨੂੰ ਉਨ੍ਹਾਂ ਖੁਸ਼ੀ ਨਾਲ ਮੰਨ ਲਿਆ। ਸਾਰੇ ਪਰਿਵਾਰ ਦੇ ਸਹਿਯੋਗ ਨਾਲ ਘਰ ਦਾ ਸੁਖ ਚੈਨ ਮੁੜ ਪਰਤ ਆਇਆ। ਕਚੀਲ ਦੀ ਚਿੱਠੀ ਦਾ ਕਿੱਸਾ ਖਤਮ ਹੋ ਗਿਆ, ਜਿਹੜਾ ਪਰਿਵਾਰ ਨੂੰ ਸਾਂਝਾਂ ਦੇ ਕਲਾਵੇ ਵਿੱਚ ਰਹਿਣ ਦਾ ਸਬਕ ਦੇ ਗਿਆ।

98143 37522

# ਆਂਵਲਾ- ਕੁਦਰਤ ਦਾ ਨਾਯਾਬ ਤੋਹਫ਼ਾ

ਡਾ. ਨਵਤੇਜ ਸਿੰਘ, ਐੱਮ.ਡੀ.

*ਡਾ. ਨਵਤੇਜ ਸਿੰਘ ਵੱਲੋਂ ਲਿਖੀ ਜਾ ਰਹੀ ਇਸ ਲੇਖ ਲੜੀ ਬਾਰੇ ਕੁਝ ਪਾਠਕਾਂ ਨੂੰ ਸ਼ਿਕਾਇਤ ਹੈ ਕਿ ਤਕਨੀਕੀ ਸ਼ਬਦ ਵੱਧ ਹੁੰਦੇ ਹਨ ਜੋ ਆਮ ਪਾਠਕ ਦੀ ਸਮਝ ਵਿੱਚ ਨਹੀਂ ਆਉਂਦੇ। ਇਨ੍ਹਾਂ ਖਾਧ ਪਦਾਰਥਾਂ ਦੇ ਲੋਕ-ਪ੍ਰਚਲਿਤ ਗੁਣਾਂ ਬਾਰੇ ਅਖਬਾਰੀ ਲੇਖਾਂ ਜਾਂ ਸੋਸ਼ਲ ਮੀਡੀਆ ਵਿੱਚ ਸਾਧਾਰਣ ਜਾਣਕਾਰੀ ਤਾਂ ਆਮ ਹੀ ਮਿਲਦੀ ਹੈ, ਸਾਡਾ ਮਕਸਦ ਇਨ੍ਹਾਂ ਦੇ ਸਿਹਤ ਉੱਤੇ ਪੈਣ ਵਾਲੇ ਅਸਰਾਂ ਬਾਰੇ ਵਿਗਿਆਨਕ ਅਧਾਰ ਵਾਲੀ ਜਾਣਕਾਰੀ ਦੇਣਾ ਹੈ ਕਿ ਇਨ੍ਹਾਂ ਵਿਚਲਾ ਕਿਹੜਾ ਤੱਤ ਸਰੀਰ ਲਈ ਕਿਉਂ ਅਤੇ ਕਿਵੇਂ ਲਾਭਦਾਇਕ ਹੁੰਦਾ ਹੈ। ਜਿਸ ਤਰ੍ਹਾਂ ਇਸ ਲੇਖ ਵਿੱਚ ਦੱਸਿਆ ਗਿਆ ਹੈ ਕਿ ਆਉਲੇ ਵਿਚਲਾ ਵਿਟਾਮਿਨ ਸੀ ਇਸ ਵਿਚਲੇ ਟੈਨਿਨ ਨਾਲ ਜੁੜਿਆ ਹੋਣ ਕਰਕੇ ਵੱਧ ਅਸਰਦਾਇਕ ਹੁੰਦਾ ਹੈ। ਬਾਕੀ ਤੁਸੀਂ ਤਕਨੀਕੀ ਸ਼ਬਦਾਂ ਨੂੰ ਛੱਡ ਕੇ ਵੀ ਆਪਣੇ ਮਤਲਬ ਦੀ ਜਾਣਕਾਰੀ ਹਾਸਲ ਕਰ ਸਕਦੇ ਹੋ।*

"ਆਉਲੇ ਦਾ ਖਾਧਾ ਤੇ ਸਿਆਣੇ ਦਾ ਆਖਿਆ, ਬਾਅਦ 'ਚ ਪਤਾ ਲਗਦਾ ਹੈ"- ਇਹ ਕਹਾਵਤ ਅਸੀਂ ਦਹਾਕਿਆਂ ਤੋਂ ਸੁਣਦੇ ਆ ਰਹੇ ਹਾਂ। ਦਿਲਚਸਪ ਗੱਲ ਇਹ ਹੈ ਕਿ ਇਸ ਕਹਾਵਤ ਦਾ ਸੱਚ ਅੱਜ ਦੇ ਵਿਗਿਆਨ ਕਸੌਟੀ 'ਤੇ 100 ਪ੍ਰਤੀਸ਼ਤ ਖਰਾ ਉਤਰ ਰਿਹਾ ਹੈ।

ਆਂਵਲਾ ਕੁਦਰਤ ਵੱਲੋਂ ਦਿੱਤਾ ਗਿਆ ਇੱਕ ਅਨਮੋਲ ਤੋਹਫ਼ਾ ਹੈ, ਜਿਸਨੂੰ ਸਦੀਆਂ ਤੋਂ ਸਿਹਤ ਅਤੇ ਲੰਬੀ ਉਮਰ ਦਾ ਰਾਜ ਮੰਨਿਆ ਜਾਂਦਾ ਹੈ। ਇਹ ਛੋਟਾ ਜਿਹਾ ਫ਼ਲ ਆਪਣੇ ਅੰਦਰ ਅਸੀਮ ਪੋਸ਼ਣ ਤੱਤਾਂ ਦਾ ਖਜ਼ਾਨਾ ਲਈ ਬੈਠਾ ਹੈ। ਇਹ ਸਿਰਫ਼ ਇੱਕ ਫ਼ਲ ਨਹੀਂ, ਸਗੋਂ ਇੱਕ ਕੁਦਰਤੀ ਔਸ਼ਧੀ ਹੈ ਜੋ ਸਰੀਰ ਦੀ ਲਗਭਗ ਹਰ ਪ੍ਰਣਾਲੀ 'ਤੇ ਲਾਭਕਾਰੀ ਪ੍ਰਭਾਵ ਪਾਉਂਦੀ ਹੈ।

**ਇਤਿਹਾਸ ਤੇ ਮਹੱਤਤਾ:**

ਭਾਰਤੀ ਆਂਵਲੇ (Phyllanthus emblica) ਦਾ ਇਤਿਹਾਸ ਹਜ਼ਾਰਾਂ ਸਾਲ ਪੁਰਾਣਾ ਹੈ ਅਤੇ ਇਹ ਭਾਰਤ ਵਿੱਚ ਪੁਰਾਤਨ ਚਿਕਿਸਤਾ ਪ੍ਰਣਾਲੀ ਦਾ ਅਟੁੱਟ ਹਿੱਸਾ ਰਿਹਾ ਹੈ। ਆਂਵਲਾ ਆਯੁਰਵੇਦਿਕ ਚਿਕਿਤਸਾ ਪ੍ਰਣਾਲੀ ਵਿੱਚ ਸਭ ਤੋਂ ਮਹੱਤਵਪੂਰਨ ਔਸ਼ਧੀ ਫਲਾਂ ਵਿੱਚੋਂ ਇੱਕ ਮੰਨਿਆ ਗਿਆ ਹੈ। ਇਸ ਦੀ ਵਰਤੋਂ ਤੰਦਰੁਸਤੀ ਬਣਾਈ ਰੱਖਣ, ਉਮਰ ਵਧਾਉਣ, ਅਤੇ ਸਰੀਰ ਦੀ ਰੋਗ-ਪ੍ਰਤੀਰੋਧਕ ਤਾਕਤ (immunity) ਵਧਾਉਣ ਲਈ ਕੀਤੀ ਜਾਂਦੀ ਸੀ। ਆਯੁਰਵੇਦ ਵਿੱਚ ਇਹ ਮੰਨਿਆ ਜਾਂਦਾ ਹੈ ਕਿ ਆਂਵਲਾ ਤਿੰਨਾਂ ਦੋਸ਼ਾਂ- ਵਾਤ, ਪਿੱਤ ਅਤੇ ਕਫ਼- ਨੂੰ ਸੰਤੁਲਿਤ ਕਰਦਾ ਹੈ, ਜਿਸ ਨਾਲ ਸਰੀਰ ਵਿੱਚ ਸਮੂਹਿਕ ਸੰਤੁਲਨ ਬਣਿਆ ਰਹਿੰਦਾ ਹੈ।

* ਪੁਰਾਤਨ ਸਮਿਆਂ ਵਿੱਚ ਆਂਵਲੇ ਨੂੰ ਵੱਖ-ਵੱਖ ਆਯੁਰਵੈਦਿਕ ਔਸ਼ਧੀਆਂ/ਨੁਸਖ਼ਿਆਂ ਵਿੱਚ ਵਰਤਿਆ ਜਾਂਦਾ ਸੀ, ਜਿਵੇਂ ਕਿ ਚਵਨਪ੍ਰਾਸ਼। ਇਸ ਪ੍ਰਸਿੱਧ ਚੂਰਨ ਵਿੱਚ ਮੁੱਖ ਘਟਕ ਆਂਵਲਾ ਹੀ ਹੈ ਅਤੇ ਅੱਜ ਵੀ ਇਸਨੂੰ ਬੁਢਾਪੇ ਨੂੰ ਹੌਲੀ ਕਰਨ, ਯਾਦਦਾਸ਼ਤ ਵਧਾਉਣ ਅਤੇ ਤਾਕਤ ਵਿੱਚ ਵਾਧਾ ਕਰਨ ਲਈ ਵਰਤਿਆ ਜਾਂਦਾ ਹੈ। ਇਸ ਤੋਂ ਇਲਾਵਾ, ਆਂਵਲੇ ਦੀ ਵਰਤੋਂ ਪਾਚਣ ਤੰਤਰ ਨੂੰ ਸੁਧਾਰਨ, ਖ਼ੂਨ ਨੂੰ ਸ਼ੁੱਧ ਕਰਨ ਅਤੇ ਅੱਖਾਂ ਦੀ ਰੌਸ਼ਨੀ ਵਧਾਉਣ ਲਈ ਵੀ ਕੀਤੀ ਜਾਂਦੀ ਸੀ।

* ਆਯੁਰਵੇਦ ਤੋਂ ਇਲਾਵਾ, ਆਂਵਲੇ ਦਾ ਜ਼ਿਕਰ ਯੂਨਾਨੀ (Unani) ਚਿਕਿਤਸਾ ਪ੍ਰਣਾਲੀ ਵਿੱਚ ਠੰਢੀ ਤਾਸੀਰ ਵਾਲਾ ਮੰਨਿਆ ਗਿਆ ਸੀ ਅਤੇ ਇਸਦੀ ਵਰਤੋਂ ਜਿਗਰ ਦੀਆਂ ਬਿਮਾਰੀਆਂ, ਪੇਟ ਦੇ ਰੋਗਾਂ ਅਤੇ ਖ਼ੂਨ ਦੀ ਗਰਮੀ ਘਟਾਉਣ ਲਈ ਕੀਤੀ ਜਾਂਦੀ ਸੀ।

* ਆਧੁਨਿਕ ਵਿਗਿਆਨ ਵੀ ਹੁਣ ਇਸ ਗੱਲ ਨੂੰ ਸਵੀਕਾਰ ਕਰ ਰਿਹਾ ਹੈ ਕਿ ਆਂਵਲੇ ਵਿੱਚ ਮੌਜੂਦ ਜੀਵ-ਸਰਗਰਮ ਤੱਤ, (bioactive elements) ਇਸ ਦੇ ਇਨ੍ਹਾਂ ਪਰੰਪਰਾਗਤ ਲਾਭਾਂ ਲਈ ਕਾਰਗਰ ਹਨ।

**ਆਂਵਲੇ ਦੇ ਜੀਵ-ਸਰਗਰਮ ਤੱਤ:**

* ਆਂਵਲੇ ਵਿੱਚ ਮੌਜੂਦ ਇਹ ਤੱਤ ਇਸਨੂੰ ਇੱਕ ਅਦਭੁਤ ਫਲ ਬਣਾਉਂਦੇ ਹਨ: ਵਿਟਾਮਿਨ C, ਪੌਲੀਫੀਨੋਲਸ (Polyphenols), ਟੈਨਿਨਜ਼ (Tennins), ਫਲੇਵੋਨੋਇਡਜ਼ (Flavonoids), ਅਮੀਨੋ ਐਸਿਡਜ਼ (Amino Acids), ਆਰਗੈਨਿਕ ਐਸਿਡ (Organic Acids), ਖਣਿਜ ਅਤੇ ਜ਼ਰੂਰੀ ਤੱਤ (Minerals and Trace Elements) ਅਤੇ ਕਾਰਬੋਹਾਈਡਰੇਟਸ ਆਦਿ।

* ਆਂਵਲਾ ਵਿਟਾਮਿਨ C ਦਾ ਸਭ ਤੋਂ ਵਧੀਆ ਕੁਦਰਤੀ ਸਰੋਤ ਮੰਨਿਆ ਜਾਂਦਾ ਹੈ। ਇੱਥੇ ਪਾਠਕਾਂ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਆਂਵਲੇ ਵਿੱਚ ਵਿਟਾਮਿਨ C ਸੰਤਰੇ ਨਾਲੋਂ ਕਰੀਬ 12 ਗੁਣਾਂ, ਕੀਵੀ ਨਾਲੋਂ 6 ਗੁਣਾਂ ਅਤੇ ਅਮਰੂਦ ਨਾਲੋਂ 4 ਗੁਣਾਂ ਜ਼ਿਆਦਾ ਹੁੰਦਾ ਹੈ। ਇੱਥੇ ਖਾਸ ਗੱਲ ਜਾਣਨਾ ਜ਼ਰੂਰੀ ਹੈ ਕਿ ਵਿਟਾਮਿਨ C ਆਮ ਤੌਰ 'ਤੇ ਪਕਾਉਣ ਨਾਲ ਨਸ਼ਟ ਹੋ ਜਾਂਦਾ ਹੈ। ਪਰ ਆਂਵਲੇ ਵਿੱਚ ਮੌਜੂਦ ਵਿਟਾਮਿਨ C ਟੈਨਿਨ

ਨਾਲ ਜੁੜਿਆ ਹੋਣ ਕਾਰਨ, ਪਕਾਉਣ ਨਾਲ ਮੁਕਾਬਲਤਨ ਘੱਟ ਨਸ਼ਟ ਹੁੰਦਾ ਹੈ।

* ਆਂਵਲੇ ਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਟੈਨਿਨਜ਼, ਵਿਟਾਮਿਨ C ਨੂੰ ਨਸ਼ਟ ਹੋਣ ਤੋਂ ਬਚਾਉਂਦੇ ਹਨ। ਦੋਵੇਂ ਮਿਲ ਕੇ ਐਂਟੀ-ਆਕਸੀਡੈਂਟ ਪ੍ਰਭਾਵ (antioxidant effect) ਨੂੰ ਕਈ ਗੁਣਾਂ ਵਧਾਉਂਦੇ ਹਨ, ਜਿਸ ਨਾਲ ਸਰੀਰ ਨੂੰ ਬਿਮਾਰੀਆਂ ਤੋਂ ਬਚਾਉਣ ਦੀ ਸਮਰੱਥਾ ਵਧਦੀ ਹੈ। ਇੱਥੇ ਇਹ ਦੱਸਣ ਯੋਗ ਹੈ ਕਿ ਉਪਰੋਕਤ ਤੱਤ ਇਕੱਲੇ ਵੀ ਕਾਰਗਰ ਹਨ, ਪਰ ਜਦੋਂ ਇਹ ਇਕੱਠੇ ਕੰਮ ਕਰਦੇ ਹਨ ਤਾਂ ਇਨ੍ਹਾਂ ਦੀ ਤਾਕਤ ਕਈ ਗੁਣਾ ਵਧ ਜਾਂਦੀ ਹੈ, ਜਿਸਨੂੰ ਵਿਗਿਆਨ ਵਿੱਚ "synergistic effect" ਕਿਹਾ ਜਾਂਦਾ ਹੈ।

**ਕੋਲਾਜਨ ਅਤੇ ਵਿਟਾਮਿਨ ਸੀ ਦਾ ਸਬੰਧ:**

ਸਾਡੇ ਸਰੀਰਕ ਢਾਂਚੇ ਦੇ ਬਣਨ ਲਈ ਮੁੱਖ ਤੌਰ ਉੱਤੇ ਪ੍ਰੋਟੀਨ ਦੀ ਜਰੂਰਤ ਹੁੰਦੀ ਹੈ ਜਿਸ ਵਿੱਚ ਕੋਲਾਜਨ (Collagen) ਸਭ ਤੋਂ ਮਹੱਤਵਪੂਰਨ ਪ੍ਰੋਟੀਨ ਹੁੰਦਾ ਹੈ। ਬੱਚੇ ਤੋਂ ਬਾਲਗ ਅਵਸਥਾ ਤੱਕ ਪਹੁੰਚਣ ਲਈ ਇਹ ਪ੍ਰੋਟੀਨ ਸਰੀਰਕ ਢਾਂਚੇ ਦੇ ਵਧਣ ਫੁੱਲਣ ਅਤੇ ਇਸਨੂੰ ਮਜਬੂਤੀ ਦੇਣ ਲਈ ਹੋਰ ਵੀ ਜਰੂਰੀ ਹੁੰਦਾ ਹੈ। ਇਥੇ ਇਹ ਜਾਨਣਾ ਬਹੁਤ ਜਰੂਰੀ ਹੈ ਕਿ ਹਰ ਤਰ੍ਹਾਂ ਦੇ ਕੋਲਾਜਨ ਬਣਨ ਲਈ ਵਿਟਾਮਿਨ ਸੀ ਬਹੁਤ ਜਰੂਰੀ ਹੁੰਦਾ ਹੈ।

**ਆਂਵਲੇ ਦੇ ਸਿਹਤ ਫਾਇਦੇ:**

* ਭਾਰਤੀ ਆਂਵਲੇ ਵਿੱਚ ਮੌਜੂਦ ਉਪ੍ਰੋਕਤ ਦੱਸੇ ਅਨੇਕਾਂ ਬਾਇਓਐਕਟਿਵ ਘਟਕਾਂ ਕਾਰਨ ਇਸਦਾ ਬਹੁ-ਪੱਖੀ ਇਲਾਜੀ ਪ੍ਰਭਾਵ (multi-target therapeutic effect) ਹੁੰਦਾ ਹੈ।

1. ਐਂਟੀ-ਆਕਸੀਡੈਂਟ ਅਸਰ : ਆਂਵਲੇ ਦੇ ਤੱਤ ਮਿਲਕੇ ਇੱਕ ਸ਼ਕਤੀਸ਼ਾਲੀ ਐਂਟੀ-ਆਕਸੀਡੈਂਟ ਅਸਰ ਰੱਖਦੇ ਹਨ। ਆਂਵਲੇ ਚ ਮੌਜੂਦ ਵਿਟਾਮਿਨ C + ਪੋਲੀਫੀਨੋਲਸ (Polyphenols) + ਟੈਨਿਨਜ਼- ਸਾਰੇ ਮਿਲਕੇ ਸ਼ਕਤੀਸ਼ਾਲੀ ਐਂਟੀ-ਆਕਸੀਡੈਂਟ 'ਤੇ ਰੋਗ ਵਿਰੋਧੀ ਤਾਕਤ ਬਣਾਉਂਦੇ ਹਨ। ਇਹ ਸਾਰੇ ਤੱਤ ਮਿਲ ਕੇ ਸਰੀਰ ਵਿੱਚ ਹੋਣ ਵਾਲੀ ਆਕਸੀਡੇਟਿਵ ਨੁਕਸਾਨ (oxidative stress) ਨੂੰ ਘਟਾਉਂਦੇ ਹਨ ਅਤੇ ਸੈੱਲਾਂ ਦੀ ਰੱਖਿਆ ਕਰਦੇ ਹਨ। ਇੱਥੇ ਇਹ ਜਾਣਨਾ ਜ਼ਰੂਰੀ ਹੈ ਸਾਡੇ ਸਰੀਰ ਵਿੱਚ ਮੈਟਾਬੋਲਿਜ਼ਮ ਜਾਂ ਪ੍ਰਦੂਸ਼ਣ ਕਾਰਨ ਲਗਾਤਾਰ ਫ੍ਰੀ ਰੈਡੀਕਲਜ਼ (Free radicals) ਬਣਦੇ ਰਹਿੰਦੇ ਹਨ ਜੋ ਸੈੱਲਾਂ ਅਤੇ ਅੰਗਾਂ ਨੂੰ ਨੁਕਸਾਨ ਪਹੁੰਚਾ ਕੇ ਕਈ ਬਿਮਾਰੀਆਂ ਅਤੇ ਬੁਢਾਪੇ ਦਾ ਕਾਰਨ ਬਣਦੇ ਹਨ। ਆਂਵਲੇ ਦੇ ਉਪ੍ਰੋਕਤ ਤੱਤ ਇਨ੍ਹਾਂ ਫ੍ਰੀ-ਰੈਡੀਕਲ ਨੂੰ ਨਸ਼ਟ ਕਰਕੇ ਸੈੱਲਾਂ ਨੂੰ ਸੁਰੱਖਿਅਤ ਰੱਖਦੇ ਹਨ, ਬੀਮਾਰੀਆਂ ਤੋ ਬਚਾਉਂਦੇ ਹਨ, ਬੁਢਾਪੇ ਦੀ ਪ੍ਰਕਿਰਿਆ ਹੌਲੀ ਕਰਦੇ ਹਨ ਅਤੇ ਕੈਂਸਰ ਵਰਗੀਆਂ ਬਿਮਾਰੀਆਂ ਦੇ ਖ਼ਤਰੇ ਵਿੱਚ ਕਮੀ ਆਉਂਦੀ ਹੈ।

2. ਰੋਗ ਪ੍ਰਤੀਰੋਧਕ ਤਾਕਤ (immunity): ਰੋਗ ਪ੍ਰਤੀਰੋਧਕ ਤਾਕਤ ਵਧਾਉਣ ਵਿੱਚ ਆਂਵਲੇ ਦੀ ਭੂਮਿਕਾ ਬੇਹੱਦ ਮਹੱਤਵਪੂਰਨ ਹੈ। ਵਿਟਾਮਿਨ C + ਪੋਲੀਫੀਨੋਲਜ਼ ਮਿਲ ਕੇ ਸਰੀਰ ਵਿੱਚ ਚਿੱਟੇ ਰਕਤਾਣੂਆਂ (WBCs) ਦੀ ਗਿਣਤੀ ਅਤੇ ਉਨ੍ਹਾਂ ਦੀ ਕਾਰਗੁਜ਼ਾਰੀ ਨੂੰ ਵਧਾਉਂਦੇ ਹਨ। ਇਸਦੇ ਨਾਲ ਹੀ ਇਹ ਐਂਟੀਬਾਡੀ (antibodies) ਬਣਾਉਣ ਵਿੱਚ ਮਦਦ ਕਰਦੇ ਹਨ। ਇਹ ਸੈੱਲਜ਼ ਸਰੀਰ ਦੀ ਪਹਿਲੀ ਰੱਖਿਆ ਪ੍ਰਣਾਲੀ ਹੁੰਦੇ ਹਨ ਜੋ ਵਾਇਰਸ ਅਤੇ ਹੋਰ ਬੀਮਾਰੀ ਪੈਦਾ ਕਰਨ ਵਾਲੇ ਬੈਕਟੀਰੀਆ ਨਾਲ ਲੜਦੇ ਹਨ।

3. ਸੂਜਨ ਵਿਰੋਧੀ ਪ੍ਰਭਾਵ (Anti-inflammatory effects): ਸੂਜਨ ਵਿਰੋਧੀ ਪ੍ਰਭਾਵ ਵਿੱਚ ਵੀ ਆਂਵਲਾ ਬੇਮਿਸਾਲ ਹੈ। ਸਰੀਰ ਵਿੱਚ ਲੰਬੇ ਸਮੇਂ ਤੱਕ ਰਹਿਣ ਵਾਲੀ ਸੋਜ (chronic inflammation) ਕਈ ਗੰਭੀਰ ਰੋਗਾਂ ਦਾ ਮੁੱਖ ਕਾਰਨ ਹੈ-ਜਿਵੇਂ ਕਿ ਦਿਲ ਦੀ ਬਿਮਾਰੀ, ਡਾਇਬੀਟੀਜ਼, ਕੈਂਸਰ ਅਤੇ ਆਰਥਰਾਈਟਿਸ ਆਦਿ। ਆਂਵਲੇ ਦੇ ਫਲੇਵੋਨਾਇਡਜ਼ ਸੋਜਸ਼ ਪੈਦਾ ਕਰਨ ਵਾਲੇ ਖ਼ਾਸ ਰਸਾਇਣਕ ਵਿਚੋਲੇ ਰੋਕ ਕੇ ਸਰੀਰ ਵਿੱਚ ਸੋਜਸ਼ ਪੈਦਾ ਹੋਣ ਤੋਂ ਰੋਕਦਾ ਹੈ ਜਿਸ ਨਾਲ ਦਰਦ, ਸੂਜਨ ਵਿੱਚ ਕਮੀ ਆਉਂਦੀ ਹੈ। ਆਂਵਲਾ ਗਠੀਏ ਦੇ ਮਰੀਜ਼ਾਂ ਨੂੰ ਐਲੋਪੈਥਿਕ ਦਵਾਈਆਂ ਵਾਂਗ ਹੀ ਰਾਹਤ ਦਿੰਦਾ ਹੈ।

4. ਜ਼ਖਮਾਂ ਦੀ ਭਰਪਾਈ: ਵਿਟਾਮਿਨ ਸੀ ਕੋਲਾਜਨ (collagen) ਪ੍ਰੋਟੀਨ ਬਣਾਉਣ ਵਿੱਚ ਮੁੱਖ ਭੂਮਿਕਾ ਅਦਾ ਕਰਦਾ ਹੈ, ਜਿਸ ਨਾਲ ਜ਼ਖਮਾਂ ਦੀ ਭਰਪਾਈ ਤੇਜ਼ ਹੁੰਦੀ ਹੈ। ਇਸ ਦੇ ਨਾਲ ਨਾਲ ਇਹ ਲੜਾਕੂ ਸੈੱਲ ਵਧਾਉਂਦੇ ਹਨ ਤੇ ਐਂਟੀਬਾਡੀ ਬਣਾਉਣ ਵਿੱਚ ਮਦਦ ਕਰਦੇ ਹਨ ਜਿਸ ਨਾਲ ਇੰਫੈਕਸ਼ਨ ਹੋਣ ਤੋਂ ਵੀ ਬਚਾਅ ਹੁੰਦਾ ਹੈ।

5. ਦਿਲ ਤੇ ਰਕਤ ਧਮਣੀਆਂ ਦੀ ਸਿਹਤ: ਇਸ ਸੰਬੰਧੀ ਆਂਵਲੇ ਦੀ ਭੂਮਿਕਾ ਬਹੁਤ ਹੀ ਮਹੱਤਵਪੂਰਨ ਹੈ। ਇਹ ਖ਼ੂਨ ਵਿੱਚ ਕੋਲੇਸਟ੍ਰੋਲ ਦੀ ਮਾਤਰਾ ਨੂੰ ਸੰਤੁਲਿਤ ਕਰਦਾ ਹੈ-LDL (ਖ਼ਰਾਬ ਕੋਲੇਸਟ੍ਰੋਲ) ਨੂੰ ਘਟਾਉਂਦਾ ਹੈ ਅਤੇ HDL (ਚੰਗਾ ਕੋਲੇਸਟ੍ਰੋਲ) ਨੂੰ ਵਧਾਉਂਦਾ ਹੈ। ਇਸ ਨਾਲ ਖ਼ੂਨ ਧਮਨੀਆਂ ਵਿੱਚ ਜਮਾਓ ਨਹੀਂ ਹੁੰਦਾ। ਉਪ੍ਰੋਕਤ ਕਾਰਨਾਂ ਕਰਕੇ ਖ਼ੂਨ ਧਮਨੀਆਂ ਸਖ਼ਤ ਨਹੀਂ ਹੁੰਦੀਆਂ ਜਿਸ ਕਾਰਨ ਬਲੱਡ ਪ੍ਰੈਸ਼ਰ ਸੰਤੁਲਿਤ ਰਹਿੰਦਾ ਹੈ। ਇਸਦੇ ਨਾਲ ਹੀ ਹਾਰਟ ਅਟੈਕ ਅਤੇ ਦਿਮਾਗੀ ਸਟ੍ਰੋਕ ਦਾ ਖ਼ਤਰਾ ਵੀ ਘਟਦਾ ਹੈ।

6. ਸ਼ੂਗਰ (Diabetes) ਅਤੇ ਮੈਟਾਬੋਲਿਕ ਰੋਗ: ਸ਼ੂਗਰ ਅਤੇ ਮੈਟਾਬੋਲਿਕ ਰੋਗਾਂ ਵਿੱਚ ਆਂਵਲੇ ਦੀ ਭੂਮਿਕਾ ਵੀ ਬਹੁਤ ਅਹਿਮ ਹੈ। ਪੋਲੀਫੀਨੋਲਜ਼ ਇਨਸੁਲਿਨ ਦੀ ਸੰਵੇਦਨਸ਼ੀਲਤਾ ਨੂੰ ਵਧਾਉਂਦੇ ਹਨ ਅਤੇ ਗਲੂਕੋਜ਼ ਦੇ ਸੋਖਣ (absorption) ਨੂੰ ਹੌਲੀ ਕਰਦੇ ਹਨ। ਇਸ ਨਾਲ ਖੂਨ ਵਿੱਚ ਸ਼ੂਗਰ ਦਾ ਲੈਵਲ ਸੰਤੁਲਿਤ ਰਹਿੰਦਾ ਹੈ। ਆਂਵਲਾ ਚਰਬੀ ਦੇ ਮੈਟਾਬੋਲਿਜ਼ਮ ਨੂੰ ਵੀ ਸੁਧਾਰਦਾ ਹੈ, ਜਿਸ ਨਾਲ ਮੋਟਾਪਾ, ਫੈਟੀ ਲਿਵਰ ਅਤੇ ਮੈਟਾਬੋਲਿਕ ਰੋਗ-ਲੱਛਣ ਸਮੂਹ ਵਿੱਚ ਲਾਭ ਮਿਲਦਾ ਹੈ।

7. ਪਾਚਨ ਤੰਤਰ : ਪਾਚਨ ਤੰਤਰ ਵਿੱਚ ਆਂਵਲੇ ਦੀ ਭੂਮਿਕਾ ਪ੍ਰਮੁੱਖ ਹੈ। ਇਸ ਵਿੱਚ ਮੌਜੂਦ ਫਾਈਬਰ ਅਤੇ ਪੈਕਟਿਨ ਅੰਤੜੀਆਂ ਦੀ ਗਤੀਸ਼ੀਲਤਾ ਨੂੰ ਵਧਾਉਂਦੇ ਹਨ ਅਤੇ ਕਬਜ਼ ਨੂੰ ਦੂਰ ਕਰਦੇ ਹਨ। ਆਂਵਲਾ ਜਿਗਰ ਦੇ ਕੰਮ ਕਾਜ ਨੂੰ ਸੁਧਾਰਦਾ ਹੈ ਅਤੇ ਨਾਲੋ ਨਾਲ ਸਰੀਰ ਵਿੱਚੋਂ ਜ਼ਹਿਰੀਲੇ ਤੱਤ ਬਾਹਰ ਕੱਢਣ (detoxification) ਦੀ ਪ੍ਰਕਿਰਿਆ ਨੂੰ ਤੇਜ਼ ਕਰਦਾ ਹੈ। ਆਂਵਲੇ ਚ ਮੌਜੂਦ ਆਰਗੈਨਿਕ ਐਸਿਡਜ਼ ਜਿਵੇਂ ਸਿਟ੍ਰਿਕ ਐਸਿਡ, ਮੈਲਿਕ ਐਸਿਡ, ਟਾਰਟਾਰਿਕ ਐਸਿਡ – ਇਹ ਸਭ ਪਾਚਨ ਪ੍ਰਣਾਲੀ ਦੇ ਮਿੱਤਰ ਤੇ ਪੇਟ ਦੇ ਰਸਾਂ ਦੀ ਉਤਪੱਤੀ ਵਧਾਉਂਦੇ ਹਨ ਤੇ ਖੁਰਾਕ ਦੇ ਸਰੀਰ ਵਿੱਚ ਰਚਣ ਦੀ ਪ੍ਰਕਿਰਿਆ ਨੂੰ ਤੇਜ਼ ਕਰਦੇ ਹਨ। ਉਪਰੋਕਤ ਤੱਤ ਭੁੱਖ ਵਧਾਉਂਦੇ ਹਨ ਤੇ ਐਸਿਡਿਟੀ ਦਾ ਸੰਤੁਲਨ ਬਣਾਉਣ ਚ ਮਦਦਗਾਰ ਹੁੰਦੇ ਹਨ।

8. ਚਮੜੀ ਅਤੇ ਵਾਲ: ਚਮੜੀ ਅਤੇ ਵਾਲਾਂ ਲਈ ਆਂਵਲਾ ਇੱਕ ਕੁਦਰਤੀ ਸੁੰਦਰਤਾ ਵਧਾਉਣ ਵਾਲਾ ਤੱਤ ਹੈ। ਵਿਟਾਮਿਨ C ਕੋਲਾਜਨ ਬਣਾਉਣ ਵਿੱਚ ਮਦਦ ਕਰਦਾ ਹੈ, ਜਿਸ ਨਾਲ ਚਮੜੀ ਝੁਰੜੀਆਂ ਰਹਿਤ, ਲਚਕੀਲੀ ਅਤੇ ਜਵਾਨ ਰਹਿੰਦੀ ਹੈ। ਆਂਵਲਾ ਵਾਲਾਂ ਦੀਆਂ ਜੜ੍ਹਾਂ ਨੂੰ ਮਜ਼ਬੂਤ ਕਰਦਾ ਹੈ, ਝੜਨ ਨੂੰ ਘਟਾਉਂਦਾ ਹੈ ਅਤੇ ਸਮੇਂ ਤੋਂ ਪਹਿਲਾਂ ਸਫ਼ੈਦ ਹੋਣ ਤੋਂ ਬਚਾਉਂਦਾ ਹੈ।

9. ਅੱਖਾਂ ਦੀ ਸਿਹਤ: ਅੱਖਾਂ ਦੀ ਸਿਹਤ ਲਈ ਵੀ ਆਂਵਲਾ ਬਹੁਤ ਲਾਭਕਾਰੀ ਹੈ। ਇਸ ਵਿੱਚ ਮੌਜੂਦ ਐਂਟੀ-ਆਕਸੀਡੈਂਟ ਰੈਟਿਨਾ ਨੂੰ ਨੁਕਸਾਨ ਤੋਂ ਬਚਾਉਂਦੇ ਹਨ। ਵਿਟਾਮਿਨ C ਅੱਖਾਂ ਦੀਆਂ ਨਸਾਂ ਨੂੰ ਮਜ਼ਬੂਤ ਕਰਦਾ ਹੈ ਅਤੇ ਨਜ਼ਰ ਨੂੰ ਤਿੱਖਾ ਬਣਾਉਂਦਾ ਹੈ।

10. ਹੱਡੀਆਂ ਅਤੇ ਜੋੜ: ਹੱਡੀਆਂ, ਜੋੜਾਂ, ਮਾਸਪੇਸ਼ੀਆਂ ਦੀ ਮਜ਼ਬੂਤੀ 'ਚ ਕੋਲਾਜਨ ਦਾ ਬਹੁਤ ਵੱਡਾ ਯੋਗਦਾਨ ਹੈ। ਆਂਵਲੇ 'ਚ ਮੌਜੂਦ ਵਿਟਾਮਿਨ ਸੀ ਤੇ ਹੋਰ ਬਾਇਓਐਕਟਿਵ ਤੱਤ ਕੋਲੇਜਨ ਪੈਦਾ ਕਰਕੇ ਹੱਡੀਆਂ ਅਤੇ ਜੋੜਾਂ ਦੀ ਸਿਹਤ ਨੂੰ ਮਜ਼ਬੂਤ ਕਰਦੇ ਹਨ। ਇਹ ਮਾਸਪੇਸ਼ੀਆਂ ਦੀ ਰਿਕਵਰੀ ਵਿੱਚ ਵੀ ਮਦਦ ਕਰਦਾ ਹੈ, ਖ਼ਾਸ ਕਰਕੇ ਵੱਡੀ ਉਮਰ ਦੇ ਲੋਕਾਂ ਵਿੱਚ।

**ਆਂਵਲਾ ਵਰਤਣ ਦੇ ਤਰੀਕੇ ਤੇ ਸੁਰੱਖਿਅਤ ਮਾਤਰਾ:**

ਆਂਵਲੇ ਨੂੰ ਰੋਜ਼ਾਨਾ ਜੀਵਨ ਵਿੱਚ ਵੱਖ-ਵੱਖ ਰੂਪਾਂ ਵਿੱਚ ਸੁਰੱਖਿਅਤ ਢੰਗ ਨਾਲ ਵਰਤਿਆ ਜਾ ਸਕਦਾ ਹੈ:

- ਤਾਜ਼ੇ ਆਂਵਲੇ ਦੇ 1-2 ਫਲ (ਲਗਭਗ 20-40 ਗ੍ਰਾਮ ਮਾਤਰਾ) ਸਭ ਤੋਂ ਕੁਦਰਤੀ ਅਤੇ ਪ੍ਰਭਾਵਸ਼ਾਲੀ ਮੰਨੀ ਜਾਂਦੀ ਹੈ, ਜਿਸਨੂੰ ਸਿੱਧਾ ਜਾਂ ਹਲਕੇ ਨਮਕ/ਸ਼ਹਿਦ ਨਾਲ ਲਿਆ ਜਾ ਸਕਦਾ ਹੈ।
- ਆਂਵਲੇ ਦਾ ਤਾਜ਼ਾ ਰਸ 10-20 ਮਿ.ਲੀ. ਪਾਣੀ ਨਾਲ ਮਿਲਾ ਕੇ ਸਵੇਰੇ ਖਾਲੀ ਪੇਟ ਲੈਣਾ ਇਮਿਊਨਿਟੀ ਅਤੇ ਸਰੀਰ ਵਿਚੋਂ ਜ਼ਹਿਰੀਲੇ ਤੱਤ ਬਾਹਰ ਕੱਢਣ ਲਈ ਲਾਭਕਾਰੀ ਹੁੰਦਾ ਹੈ।
- ਸੁੱਕੇ ਰੂਪ ਵਿੱਚ, ਆਂਵਲਾ ਪਾਊਡਰ 3-5 ਗ੍ਰਾਮ (ਅੱਧਾ ਤੋਂ ਇੱਕ ਚਮਚ) ਗਰਮ ਪਾਣੀ ਜਾਂ ਸ਼ਹਿਦ ਨਾਲ ਲਿਆ ਜਾ ਸਕਦਾ ਹੈ, ਜੋ ਪਾਚਨ ਤੰਤਰ ਨੂੰ ਮਜ਼ਬੂਤ ਕਰਦਾ ਹੈ।
- ਮੁਰੱਬੇ ਰੂਪ ਵਿੱਚ ਇੱਕ ਤੋਂ ਦੋ ਟੁਕੜੇ ਦਿਨ ਵਿੱਚ ਲੈਣਾ ਤਾਕਤ ਅਤੇ ਪੋਸ਼ਣ ਲਈ ਫਾਇਦੇਮੰਦ ਹੈ, ਹਾਲਾਂਕਿ ਇਸ ਵਿੱਚ ਚੀਨੀ ਦੀ ਮਾਤਰਾ ਵੱਧ ਹੁੰਦੀ ਹੈ, ਇਸ ਲਈ ਸ਼ੂਗਰ ਦੇ ਮਰੀਜ਼ਾਂ ਨੂੰ ਸੰਭਲਣਾ ਚਾਹੀਦਾ ਹੈ।
- ਆਂਵਲਾ ਅਚਾਰ ਵੀ ਛੋਟੀ ਮਾਤਰਾ ਵਿੱਚ ਭੋਜਨ ਨਾਲ ਲਿਆ ਜਾ ਸਕਦਾ ਹੈ, ਜੋ ਪਾਚਨ ਨੂੰ ਸੁਧਾਰਦਾ ਹੈ।
- ਆਧੁਨਿਕ ਤਰੀਕੇ, ਜਿਵੇਂ ਕੈਪਸੂਲ ਜਾਂ ਗੋਲੀਆਂ ਵੀ ਉਪਲਬਧ ਹਨ, ਪਰ ਇਹਨਾਂ ਦੀ ਵਰਤੋਂ ਡਾਕਟਰੀ ਸਲਾਹ ਨਾਲ ਕਰਨੀ ਉਚਿਤ ਰਹਿੰਦੀ ਹੈ।

**ਸਾਵਧਾਨੀਆਂ:**

* ਜਿਨ੍ਹਾਂ ਨੂੰ ਐਸਿਡਿਟੀ ਸਮੱਸਿਆ ਹੈ, ਉਹ ਸੰਭਲ ਕੇ ਵਰਤਣ।
* ਸ਼ੂਗਰ ਦੇ ਮਰੀਜ਼ ਮੁਰੱਬਾ ਘੱਟ ਲੈਣ (ਚੀਨੀ ਵੱਧ ਹੁੰਦੀ ਹੈ)
* ਗਰਭਵਤੀ ਜਾਂ ਦਵਾਈ ਲੈਣ ਵਾਲੇ ਲੋਕ ਡਾਕਟਰੀ ਸਲਾਹ ਲੈਣ।

**ਸਿੱਟਾ**

* ਅੰਤ ਵਿੱਚ ਕਹਿਣਾ ਗਲਤ ਨਹੀਂ ਹੋਵੇਗਾ ਕਿ ਆਂਵਲਾ ਇੱਕ ਅਜਿਹਾ ਫਲ ਹੈ ਜੋ ਸਰੀਰ ਨੂੰ ਅੰਦਰੋਂ ਸਾਫ਼, ਮਜ਼ਬੂਤ ਅਤੇ ਸੰਤੁਲਿਤ ਰੱਖਦਾ ਹੈ। ਨਿਯਮਿਤ ਵਰਤੋਂ ਨਾਲ ਇਹ ਨਾ ਸਿਰਫ਼ ਬਿਮਾਰੀਆਂ ਤੋਂ ਬਚਾਅ ਕਰਦਾ ਹੈ, ਸਗੋਂ ਉਨ੍ਹਾਂ ਦੇ ਇਲਾਜ ਵਿੱਚ ਵੀ ਸਹਾਇਕ ਸਾਬਤ ਹੁੰਦਾ ਹੈ। ਇਸ ਲਈ ਆਪਣੀ ਰੋਜ਼ਾਨਾ ਜੀਵਨ-ਸ਼ੈਲੀ ਵਿੱਚ ਆਂਵਲੇ ਨੂੰ ਸ਼ਾਮਲ ਕਰਨਾ ਇੱਕ ਸਿਹਤਮੰਦ ਅਤੇ ਲੰਬੀ ਉਮਰ ਵਾਲੀ ਜ਼ਿੰਦਗੀ ਵੱਲ ਇੱਕ ਮਜ਼ਬੂਤ ਕਦਮ ਹੈ।

**94632 32244**

# ਯੁੱਧ ਅਤੇ ਅਸੀਂ

**ਅਵਤਾਰ ਗੋਂਦਾਰਾ**

ਰਜਵਾੜਿਆਂ ਦੀਆਂ ਆਪਸੀ ਲੜਾਈਆਂ ਤਾਂ ਹੁੰਦੀਆਂ ਹੀ ਰਹਿੰਦੀਆਂ ਸਨ, ਪਰ ਦੁਨੀਆਂ ਨੂੰ ਹਿਲਾ ਦੇਣ ਵਾਲਾ, ਪਿਛਲੀ ਸਦੀ ਵਿੱਚ ਹੋਇਆ, ਪਹਿਲਾ ਵਿਸ਼ਵ-ਯੁੱਧ ਸੀ। ਫਿਰ ਦੂਸਰਾ ਹੋਇਆ। ਸ਼ਾਂਤੀ ਸਮਝੌਤਿਆਂ ਲਈ ਕੌਮਾਂਤਰੀ ਸੰਸਥਾਵਾਂ ਹੋਂਦ ਵਿੱਚ ਆਈਆਂ, ਜਿਨ੍ਹਾਂ ਨੇ ਲੜਾਈਆਂ/ਯੁੱਧਾਂ ਨੂੰ ਥੋੜਾ ਬਹੁਤ ਟਾਲਿਆ ਜ਼ਰੂਰ, ਪਰ ਰੋਕ ਨਾ ਸਕੀਆਂ। ਮਰਨ-ਮਰਾਉਣ ਦੀ ਖੇਡ, ਬਾਦਸਤੂਰ ਜਾਰੀ ਹੈ। ਗਲੋਬੇਲਾਈਜੇਸ਼ਨ ਨੇ ਯੁੱਧਾਂ/ਲੜਾਈਆਂ ਨੂੰ ਸਰਬਵਿਆਪੀ ਬਣਾ ਦਿੱਤਾ, ਇਸ ਲਈ ਇੰਨ੍ਹਾਂ ਵਿੱਚ ਅਸੀਂ ਭਾਵੇਂ ਸਿੱਧਾ ਸ਼ਾਮਿਲ ਨਾ ਹੋਈਏ, ਤਾਂ ਵੀ ਇਨ੍ਹਾਂ ਦਾ ਸੇਕ ਝੱਲਣ ਲਈ ਮਜ਼ਬੂਰ ਹਾਂ।

ਆਮ ਤੌਰ 'ਤੇ ਅਸੀਂ, ਜੋ ਸ਼ਾਂਤੀਪਸੰਦ, ਯੁੱਧ-ਵਿਰੋਧੀ ਹਾਂ, ਉਸੇ ਲੜਾਈ ਬਾਰੇ ਚਰਚਾ ਜਾਂ ਪ੍ਰਤੀਕਰਮ ਕਰਦੇ ਹਾਂ, ਜੋ ਤਾਜਾ ਜਾਂ ਮਿਕਦਾਰ ਪੱਖੋਂ ਵੱਡੀ ਹੋਵੇ। ਭਾਵ ਜਿਸ ਵਿੱਚ ਮੌਤਾਂ ਜਿਆਦਾ ਅਤੇ ਤਬਾਹੀ ਬਾਹਲੀ ਹੋਵੇ। ਨਵੇਂ ਜੰਗ ਦੇ ਭਾਂਬੜਾਂ ਵਿੱਚ, ਪੁਰਾਣੇ ਦੀ ਗੱਲ ਗੁਆਚ ਜਾਂਦੀ ਹੈ। ਕੁਝ ਮਹੀਨੇ ਪਹਿਲਾਂ ਰੂਸ-ਯੂਕਰੇਨ ਦੇ ਰੇੜਕੇ ਨੇ ਸਾਡਾ ਧਿਆਨ ਮੱਲੀ ਰੱਖਿਆ। ਇਸ ਦੇ ਹੱਕ/ਵਿਰੁਧ ਵਿੱਚ ਸਰਕਾਰਾਂ, ਲੇਖਕਾਂ ਅਤੇ ਮੀਡੀਆ ਨੇ ਆਪੋ ਆਪਣਾ ਤਾਣ ਲਾਇਆ। ਫਿਰ ਇਸ ਦੀ ਥਾਂ, ਇਸਰਾਈਲ ਅਤੇ ਫਲਸਤੀਨੀਆਂ ਦਰਮਿਆਨ ਜੰਗ ਨੇ ਲੈ ਲਈ, ਤਾਂ ਯੂਕਰੇਨੀਆਂ ਦਾ ਦੁੱਖ ਵਿਸਰ ਗਿਆ ਅਤੇ ਸਾਰੀ ਹਮਦਰਦੀ ਫਲਸਤੀਨੀ ਦੁਖੀਆਂ ਵੱਲ ਉਲਟ ਗਈ। ਹੁਣ ਯੂਕਰੇਨ ਵਿੱਚ ਕੋਈ ਬੰਬ ਧਮਾਕਾ ਜਾਂ ਮੌਤ ਹੁੰਦੀ ਹੈ ਤਾਂ ਉਸ ਨੂੰ ਕੋਈ ਗੌਲਦਾ ਨਹੀਂ। ਉਸ ਵਿੱਚ ਰਸ ਨਹੀਂ ਰਿਹਾ। ਉਹ ਸਾਡੀ ਸੰਵੇਦਨਾ ਨੂੰ ਹਲੂਣਦਾ ਨਹੀਂ। ਬਾਕੀ ਆਵਦੇ ਮੁਲਕ ਵਿੱਚ, ਹੁੰਦੀਆਂ ਬਲਾਤਕਾਰ, ਫਿਰਕੂ ਜਾਂ ਅਨਿਆਈ ਹਿੰਸਾ ਦੀਆਂ ਘਟਨਾਵਾਂ ਦੀ ਤਾਂ ਗੱਲ ਹੀ ਛੱਡੋ। ਹੁਣ ਅਮਰੀਕਾ ਅਤੇ ਇਰਾਨ ਵਿਚਲਾ ਯੁੱਧ ਅਤੇ ਇਸ ਦਾ ਸਾਰੀ ਦੁਨੀਆਂ ਉਪਰ ਪੈ ਰਿਹਾ ਮਾੜਾ ਅਸਰ ਸਾਡੇ ਫਿਕਰ ਦਾ ਕੇਂਦਰ ਬਿੰਦੂ ਬਣਿਆ ਹੋਇਆ ਹੈ।

*ਸੁਆਲ ਪੈਦਾ ਹੁੰਦਾ ਹੈ ਕਿ ਕੀ ਇਸ ਤੋਂ ਪਹਿਲਾਂ ਸਾਰਾ ਕੁਝ ਠੀਕ ਠਾਕ ਸੀ?*

**ਰੈੱਡ ਕਰਾਸ ਦੀ ਕੌਮਾਂਤਰੀ ਕਮੇਟੀ** ਦੀ ਰਿਪੋਰਟ ਮੁਤਾਬਿਕ ਪਿਛਲੇ ਪੰਦਰਾਂ ਸਾਲਾਂ ਤੋਂ ਲਗਭਗ ਦੋ ਸੌ ਮੁਲਕਾਂ ਵਿੱਚ, ਹੱਥਿਆਰਬੰਦ ਲੜਾਈਆਂ ਹੋ ਰਹੀਆਂ ਹਨ। ਇਹ ਦੋ ਮੁਲਕਾਂ ਦਰਮਿਆਨ ਜਾਂ ਇੱਕੋ ਮੁਲਕ ਵਿੱਚ, ਵੱਖ ਵੱਖ ਗੁੱਟਾਂ ਵਿਚਲੇ ਵਿਰੋਧਾਂ ਕਰਕੇ ਹਨ। ਪਰ ਇਨ੍ਹਾਂ ਲੜਾਈਆਂ ਨੇ ਸਾਡੀ ਸੰਵੇਦਨਾ ਦਾ ਕਦੇ ਬੂਹਾ ਨਹੀਂ ਖੜਕਾਇਆ। ਜਾਂ ਇਹ ਕਹੀਏ ਇਨ੍ਹਾਂ ਦਾ ਹੋਣਾ ਜਾਂ ਨਾ ਹੋਣਾ, ਸਾਡੇ ਲਈ ਕੋਈ ਮਾਅਨੇ ਨਹੀਂ ਰੱਖਦਾ।

**ਯੁੱਧ ਅਤੇ ਲੜਾਈਆਂ:**

ਅਮਰੀਕਾ ਦੀ ਫੌਜੀ ਅਕੈਡਮੀ ਦੇ 'ਮਾਡਰਨ ਵਾਰ ਇੰਸਟੀਚਿਊਟ' ਨੇ ਉਨ੍ਹਾਂ ਕਾਰਣਾਂ ਦੀ ਨਿਸ਼ਾਨਦੇਹੀ ਕੀਤੀ ਹੈ, ਜਿਸ ਕਰਕੇ ਵੱਖ ਵੱਖ ਮੁਲਕਾਂ ਜਾਂ ਮੁਲਕ ਵਿਚਲੀਆਂ ਜਮਾਤਾਂ ਦਰਮਿਆਨ ਹੱਥਿਆਰਬੰਦ ਛੋਟੀਆਂ ਵੱਡੀਆਂ ਲੜਾਈਆਂ ਹੁੰਦੀਆ ਰਹਿੰਦੀਆਂ ਹਨ। ਜਿਵੇਂ:

• ਊਰਜਾ ਅਤੇ ਕੁਦਰਤੀ ਸੋਮਿਆਂ ਉਪਰ ਕਬਜੇ ਦੀ ਲਾਲਸਾ, ਜਿਵੇਂ ਤੇਲ, ਗੈਸ, ਖਣਿਜ, ਪਾਣੀ ਆਦਿ।

• ਅਸੁਰੱਖਿਆ ਦਾ ਰੌਲਾ। ਕਈ ਸਰਕਾਰਾਂ ਲਈ ਇਹ ਬੜਾ ਸਾਜਗਾਰ ਨੁਸਖ਼ਾ ਹੈ, ਜਿਸ ਨਾਲ ਪਰਜਾ ਨੂੰ ਇਹ ਜਚਾਇਆ ਜਾਂਦਾ ਹੈ, ਕਿ ਫਲਾਂ ਮੁਲਕ ਜਾਂ ਜਮਾਤ ਸਾਡੀ ਦੁਸ਼ਮਣ ਹੈ। ਕੌਮੀ ਸਨਮਾਨ ਦੀ ਰਾਖੀ ਲਈ, ਪੜ੍ਹਾਈ ਲਿਖਾਈ, ਸਿਹਤ ਜਾਂ ਹੋਰ ਸੁੱਖ ਸਹੂਲਤਾਂ ਕੁਰਬਾਨ ਕਰ ਦੇਣੀਆਂ ਚਾਹੀਦੀਆ ਹਨ। ਜਮਹੂਰੀਅਤ ਦੀ ਥਾਂ, ਮੁਲਕ ਦੀ ਫੌਜ ਦਾ ਸ਼ਕਤੀਸ਼ਾਲੀ ਹੋਣਾ ਜ਼ਰੂਰੀ ਹੈ।

ਇਸ ਵਿੱਚ ਦੋ ਹੋਰ ਕਾਰਨਾਂ ਨੂੰ ਵੀ ਜੋੜਿਆ ਜਾ ਸਕਦਾ ਹੈ:

• ਮਾਰਕਸੀ ਸਮਾਜ-ਵਿਗਿਆਨ, ਯੁੱਧ/ਲੜਾਈਆਂ ਨੂੰ ਪੂੰਜੀਵਾਦੀ ਪ੍ਰਬੰਧ ਦਾ ਅਟੁੱਟ ਹਿੱਸਾ ਮੰਨਦਾ ਹੈ। ਮੁਲਕ ਵਿਚਲੀਆਂ, ਜਮਾਤੀ ਵਿਰੋਧਤਾਈਆਂ ਦੇ ਇਨਕਲਾਬੀ ਮੁਹਾਣ ਨੂੰ ਰੋਕਣ ਲਈ, ਕੌਮੀ ਅਤੇ ਕੌਮਾਂਤਰੀ ਲੜਾਈਆਂ ਕਾਰਗਾਰ ਸਾਧਨ ਹਨ। ਪਰਜਾ 'ਸ਼ਹੀਦੀਆਂ' ਦੇ ਪ੍ਰਕਾਸ਼-ਮੰਡਲ ਨਾਲ ਚਕਾ ਚੂੰਧ ਹੋਈ ਰਹਿੰਦੀ ਹੈ।

• ਧਾਰਮਿਕ ਅਤੇ ਕੌਮੀ ਪਛਾਣ ਦਾ ਰੱਟਾ। ਇਸ ਤੋਂ ਪਹਿਲਾਂ ਕਿ ਪਰਜਾ ਆਪਣੀ ਹੋਣੀ ਦੀ ਮਾਲਕ ਆਪ ਬਣਨ ਦੀਆਂ ਗੱਲਾਂ ਕਰੇ, ਉਸ ਨੂੰ ਕੌਮੀ ਜਾਂ ਧਾਰਮਿਕ ਸਰੋਕਾਰਾਂ ਵਿੱਚ ਉਲਝਾਈ ਰੱਖਿਆ ਜਾਵੇ। ਇਉਂ ਸਥਾਪਤ ਧਿਰਾਂ ਦੀ ਉਮਰ ਲੰਮੀ ਹੀ ਨਹੀਂ ਹੁੰਦੀ, ਰੱਖਿਅਕ ਵਜੋਂ ਮਾਨ ਸਨਮਾਨ ਵਿੱਚ ਵੀ ਵਾਧਾ ਹੁੰਦਾ ਹੈ।

ਕਈ ਹੋਰ ਬਹਾਨੇ ਵੀ ਹੁੰਦੇ ਹਨ, ਜਿਨ੍ਹਾਂ ਨੂੰ ਕਾਰਣ ਵਜੋਂ ਪ੍ਰਚਾਰਿਆ ਜਾਂਦਾ ਹੈ। ਉਦਾਹਰਣ ਵਜੋਂ, ਅਮਰੀਕਾ ਦੇ ਇਰਾਕ ਉਪਰ ਹਮਲੇ ਨੂੰ ਲਿਆ ਜਾ ਸਕਦਾ ਹੈ। ਯੁੱਧ/ਲੜਾਈ

ਦਾ ਕਾਰਣ ਇੱਕ ਵੀ ਹੋ ਸਕਦਾ ਹੈ ਅਤੇ ਕਈ ਕਾਰਨਾਂ ਦਾ ਜੋੜ ਵੀ।

**ਰੱਖਿਆ-ਬੱਜਟ:**

ਜੇ ਯੁੱਧ/ਲੜਾਈਆਂ ਲਗ ਰਹੀਆਂ ਹਨ ਤਾਂ ਇਨ੍ਹਾਂ ਲਈ ਪੈਸਾ ਵੀ ਚਾਹੀਦਾ ਹੈ। ਮੁਲਕ ਅਤੇ ਸਰਕਾਰਾਂ ਸ਼ਾਂਤੀ ਦੀਆਂ ਜਿੰਨੀਆਂ ਮਰਜ਼ੀ ਗੱਲਾਂ ਕਰੀ ਜਾਣ, ਪਰ ਮਰਨ ਮਰਾਉਣ ਲਈ ਤਿਆਰੀਆਂ ਵਿਆਹ ਵਾਂਗ ਹੁੰਦੀਆਂ ਹਨ। **'ਸਟਾਕਹੋਮ ਕੌਮਾਂਤਰੀ ਸ਼ਾਂਤੀ ਖੋਜ ਕੇਂਦਰ'** ਨੇ ਵੱਖ ਵੱਖ ਮੁਲਕਾਂ ਦੇ ਰੱਖਿਆ ਖਰਚਿਆਂ ਦੀ ਸਾਲ 2024 ਦੀ ਅੰਦਾਜਨ ਸੂਚੀ ਦਿੱਤੀ ਹੈ:

| | |
|---|---|
| 1. ਅਮਰੀਕਾ | 997 ਅਰਬ ਡਾਲਰ |
| 2. ਚੀਨ | 314 ਅਰਬ ਡਾਲਰ |
| 3. ਰੂਸ | 149 ਅਰਬ ਡਾਲਰ |
| 4. ਜਰਮਨੀ | 88.5 ਅਰਬ ਡਾਲਰ |
| 5. ਭਾਰਤ | 86.1 ਅਰਬ ਡਾਲਰ |
| 6. ਬਰਤਾਨੀਆ | 81.8 ਅਰਬ ਡਾਲਰ |
| 7. ਸਾਊਦੀ ਅਰਬ | 80.3 ਅਰਬ ਡਾਲਰ |
| 8. ਯੂਕਰੇਨ | 64.7 ਅਰਬ ਡਾਲਰ |
| 9. ਫਰਾਂਸ | 64.7 ਅਰਬ ਡਾਲਰ |
| 10. ਜਪਾਨ | 55.3 ਅਰਬ ਡਾਲਰ |

ਭੁੱਖ ਨੰਗ ਨਾਲ ਘੁਲ ਰਹੇ ਬਾਕੀ ਮੁਲਕਾਂ ਦਾ ਵੀ ਇਹੀ ਹਾਲ ਹੈ। ਉਨ੍ਹਾਂ ਕੋਲ ਸਿਹਤ ਸਿੱਖਿਆ ਲਈ ਭਾਵੇਂ ਪੈਸਾ ਨਾ ਹੋਵੇ, ਰੱਖਿਆ ਬੱਜਟ ਰਾਖਵਾਂ ਹੁੰਦਾ ਹੈ। ਅੱਜ ਕੱਲ 'ਰੱਖਿਆ ਬੱਜਟ' ਗੁਆਂਢੀ ਮੁਲਕ ਤੋਂ ਰੱਖਿਆ ਲਈ ਘੱਟ, ਆਵਦੇ ਮੁਲਕ ਦੇ ਲੋਕਾਂ ਨੂੰ ਡਰਾਉਣ ਲਈ ਜਿਆਦਾ ਕੰਮ ਆਉਂਦਾ ਹੈ।

**ਰੱਖਿਆ ਲੋੜਾਂ:**

ਨਸ਼ੇੜੀ ਹੋਣ ਤਾਂ ਨਸ਼ਾ ਵੇਚਣ ਵਾਲੇ ਮੋੜਾਂ 'ਤੇ ਖੜੇ ਮਿਲ ਹੀ ਜਾਣਗੇ। ਮਾਰਨ-ਮਰਾਉਣ ਦੀ ਖੇਡ ਵਿੱਚ, ਵੱਡੇ ਸਨਅਤੀ ਮੁਲਕਾਂ ਦੇ ਦੋਨੀਂ ਹੱਥੀਂ ਲੱਡੂ ਹਨ। ਜਦੋਂ ਉਹ ਆਪ ਨਾ ਲੜਨ, ਤਾਂ ਲੜਨ ਵਾਲੀਆਂ ਧਿਰਾਂ ਨੂੰ ਹੱਥਿਆਰਾਂ ਦੀ ਸਪਲਾਈ ਜਾਂਦੀ ਹੈ। ਇਸ ਵਿੱਚ ਵਿਤਕਰਾ ਨਹੀਂ ਹੁੰਦਾ। ਕਈ ਵਾਰ ਇੱਕੋ ਮੁਲਕ ਵਿੱਚ ਸਰਕਾਰ ਅਤੇ ਸਰਕਾਰ ਵਿਰੁੱਧ ਲੜ ਰਹੇ ਗੁੱਟਾਂ ਨੂੰ ਹੱਥਿਆਰਾਂ ਦੀ ਸਪਲਾਈ ਨਿਰਵਿਘਨ ਕੀਤੀ ਜਾਂਦੀ ਹੈ। ਇਸ ਨੂੰ 'ਕ੍ਰਿਸ਼ਨ-ਲੀਲ੍ਹਾ' ਕਹਿੰਦੇ ਹਨ। ਕੌਰਵ ਹੋਣ ਭਾਵੇਂ ਪਾਂਡਵ, ਮੱਦਦ ਸਭ ਦੀ ਕਰਨੀ ਹੈ।

ਇਸੇ ਖੋਜ ਕੇਂਦਰ ਦੇ ਮੁਤਾਬਿਕ, ਹੱਥਿਆਰਾਂ ਦੀ ਸਪਲਾਈ ਵਿੱਚ, ਦੁਨੀਆਂ ਦੇ ਪੰਜ ਵੱਡੇ ਮੁਲਕਾਂ : ਅਮਰੀਕਾ, ਫਰਾਂਸ, ਰੂਸ, ਜਰਮਨੀ ਅਤੇ ਚੀਨ ਦਾ ਸ਼ੁਮਾਰ ਆਉਂਦਾ ਹੈ। ਗਲੋਬਲ ਸਪਲਾਈ ਵਿੱਚ, ਅੱਧਾ ਹਿੱਸਾ ਇਕੱਲੇ ਅਮਰੀਕਾ ਦਾ ਹੈ। ਹੱਥਿਆਰਾਂ ਦੀ ਵੇਚ ਵੱਟ, ਕੌਮੀ ਸੁਰੱਖਿਆ ਦੇ ਨਾਮ 'ਤੇ ਕੀਤੀ ਜਾਂਦੀ ਹੈ। 'ਖੁਸ਼ ਰਹਿਣੇ', ਲੋਕਾਂ ਦੇ ਸਕੰਡੇਨੇਵੀਅਨ ਮੁਲਕ ਵੀ ਪਿੱਛੇ ਨਹੀਂ। ਬੋਫਰ ਤੋਪਾਂ ਕਰਕੇ, ਸਵੀਡਨ ਦਾ ਨਾਮ ਭਾਰਤੀ ਲੋਕਾਂ ਲਈ ਓਪਰਾ ਨਹੀਂ। ਸਵੀਡਨ ਵਿੱਚ 200 ਦੇ ਲਗਭਗ ਕੰਪਨੀਆਂ ਸਿਰਫ 'ਜੰਗੀ ਸਮਾਨ' ਬਣਾਉਣ ਲਈ ਕੰਮ ਕਰਦੀਆਂ ਹਨ। 2024 ਵਿੱਚ ਸਵੀਡਨ ਦੀ ਹੱਥਿਆਰਾਂ ਦੀ ਸਪਲਾਈ ਤੋਂ ਹੋਈ ਆਮਦਨ 2.9 ਅਰਬ ਡਾਲਰ ਸੀ। ਹੱਥਿਆਰ ਬਣਾ ਰਹੀਆਂ ਕੰਪਨੀਆਂ ਦੇ ਮਾਲਕਾਂ, ਕਾਮਿਆਂ ਅਤੇ ਤਕਨੀਸ਼ਨਾਂ ਦੀ ਕਮਾਈ ਅਤੇ ਖੁਸ਼ੀ ਵਿੱਚ, ਦੁਨੀਆਂ ਦੇ ਕਿਸੇ ਹੋਰ ਹਿੱਸੇ ਵਿੱਚ ਵਸਦੇ ਆਮ ਲੋਕਾਂ ਦੀ ਹੋਣ ਵਾਲੀ ਮੌਤ ਅਤੇ ਤਬਾਹੀ ਦਾ ਰੁਦਨ ਵੀ ਲੁਪਤ ਹੈ। ਇਸ ਸੰਸਥਾ ਦੇ ਅੰਦਾਜ਼ੇ ਮੁਤਾਬਿਕ 2024 ਵਿੱਚ, 2.7 ਖ਼ਰਬ ਡਾਲਰਾਂ ਦੇ ਹੱਥਿਆਰਾਂ ਦਾ ਲੈਣ ਦੇਣ ਹੋਇਆ।

ਇਹ ਅਜਿਹਾ ਫੰਡਰ ਖਰਚਾ ਹੈ, ਜੋ ਕਿਸੇ ਵੀ ਮੁਲਕ ਦੇ ਵਿਕਾਸ ਕਾਰਜਾਂ ਵਿੱਚ ਕੰਮ ਨਹੀਂ ਆਉਂਦਾ। ਦਰਅਸਲ ਇਹ ਪੈਸਾ, ਪਰਜਾ ਦੀ ਉਹ ਕਮਾਈ ਹੈ, ਜੋ ਉਨ੍ਹਾਂ ਤੋਂ ਹੁੰਦੀ ਤਾਂ ਹੈ, ਪਰ ਉਨ੍ਹਾਂ ਲਈ ਵਰਤੀ ਨਹੀਂ ਜਾਂਦੀ।

**ਸਾਡਾ ਰੋਲ:**

ਅਸੀਂ ਜੋ ਹਰ ਤਰ੍ਹਾਂ ਦੇ ਅਨਿਆਈਂ ਯੁੱਧ/ਲੜਾਈ ਦੇ ਖ਼ਿਲਾਫ ਹਾਂ, ਸਾਡੇ ਲਈ ਕੀ ਕਰਨਾ ਬਣਦਾ ਹੈ? ਅਜੇਹੇ ਬੰਦੇ ਭਾਰਤ ਵਿੱਚ ਹੀ ਨਹੀਂ, ਅਮਰੀਕਾ ਅਤੇ ਯੂਰਪੀ ਮੁਲਕਾਂ ਵਿੱਚ ਵੀ ਹਨ, ਜੋ ਆਪਣੇ ਵਿਰੋਧ ਦਾ ਮੁਜ਼ਾਹਰਾ ਕਿਸੇ ਨਾ ਕਿਸੇ ਰੂਪ ਵਿੱਚ ਕਰਦੇ ਰਹਿੰਦੇ ਹਨ। ਇਸ ਬਾਰੇ ਸਿਰ ਜੋੜ ਕੇ ਵਿਚਾਰਨ ਦੀ ਲੋੜ ਹੈ ਕਿ ਯੁੱਧ ਅਤੇ ਲੜਾਈ ਬਾਰੇ ਸਾਡਾ ਰਵੱਈਆ ਕੀ ਹੋਵੇ? ਦੋ ਰਾਹ ਹਨ:

1- ਸ਼ਾਂਤੀ ਸਮੇਂ ਅਸੀਂ ਅਵੇਸਲੇ ਰਹੀਏ। ਜਦੋਂ ਯੁੱਧ ਛਿੜ ਜਾਵੇ, ਤਾਂ ਅਸੀਂ ਹਮਲਾਵਰ ਧਿਰ ਖਿਲਾਫ ਲਿਖੀਏ, ਬੋਲੀਏ, ਧਰਨੇ ਮੁਜ਼ਾਹਰੇ ਦਈਏ। ਜਾਂ

2- ਸ਼ਾਂਤੀ ਦੇ ਸਮੇਂ, ਯੁੱਧ ਲਈ ਜ਼ਰਖੇਜ਼ ਭੂਮੀ ਬਣ ਸਕਦੇ ਕਾਰਣਾਂ ਦੀ ਨਿਸ਼ਾਨਦੇਹੀ ਕਰੀਏ ਅਤੇ ਉਨ੍ਹਾਂ ਨੂੰ ਖਤਮ ਕਰਨ ਲਈ ਬੱਝਵੇਂ ਯਤਨ ਕਰੀਏ।

ਪਹਿਲੇ ਲਈ ਬਹੁਤਾ ਸੋਚਣ ਵਿਚਾਰਨ ਦੀ ਲੋੜ ਨਹੀਂ। ਜਦੋਂ ਯੁੱਧ ਜਾਂ ਲੜਾਈ ਛਿੜੇ, ਆਪਣੀ ਪਹੁੰਚ ਮੁਤਾਬਿਕ ਇਸ ਦੇ ਹੱਕ ਜਾਂ ਵਿਰੋਧ ਵਿੱਚ ਖੜ੍ਹਿਆ ਜਾ ਸਕਦਾ ਹੈ।

ਪਰ ਦੂਜੀ ਪਹੁੰਚ ਗੁੰਝਲਦਾਰ ਹੈ। ਆਮ ਜ਼ਿੰਦਗੀ, ਅਣਗਣਿਤ ਵਿਰੋਧਤਾਈਆਂ ਨਾਲ ਪਰੁੰਨ੍ਹੀ ਪਈ ਹੈ। ਇਸ ਦੀ ਮਾਰ ਪਿਉ-ਪੁੱਤ ਤੋਂ ਸ਼ੁਰੂ ਹੋ ਕੇ, ਇੱਕ ਗੁਆਂਢੀ ਦੀ ਦੂਜੇ

ਨਾਲ, ਰਾਜ ਦੀ ਨਾਲ ਦੇ ਰਾਜ ਨਾਲ ਹੁੰਦੀ ਹੋਈ, ਇੱਕ ਮੁਲਕ ਦੀ ਦੂਜੇ ਮੁਲਕ ਤੱਕ ਪਹੁੰਚ ਜਾਂਦੀ ਹੈ।

ਅੱਜ ਕੱਲ ਹਰ ਦੋਸਤਾਨਾ ਵਿਰੋਧਤਾਈ ਨੂੰ ਦੁਸ਼ਮਣਾਨਾਂ ਬਣਾਉਣ ਦਾ ਭੁੱਸ ਜਿਆਦਾ ਹੈ। ਜੰਗਬਾਜਾਂ ਅਤੇ ਹੱਥਿਆਰ ਬਣਾਉਣ ਵਾਲੀਆਂ ਕੰਪਨੀਆਂ ਨੂੰ ਇਹ ਬਹੁਤ ਵਾਰਾ ਖਾਂਦਾ ਹੈ। ਇਉਂ ਸਮਾਂ ਅਤੇ ਊਰਜਾ ਅੰਜਾਈਂ ਤਾਂ ਜਾਂਦੇ ਹਨ, ਦੁਸ਼ਮਣਾਨਾਂ ਵਿਰੋਧਤਾਈ ਨਾਲ ਨਜਿੱਠਣ ਲਈ ਤਾਣ ਨਹੀਂ ਬਚਦਾ। (ਜਿਵੇਂ ਪੰਜਾਬ ਅਤੇ ਹਰਿਆਣੇ ਦੇ ਪਾਣੀਆਂ ਦਾ ਰੇੜਕਾ) ਕਿਸੇ ਵੀ ਮੁਲਕ ਦੇ ਆਮ ਲੋਕਾਂ, ਕਿਸਾਨਾਂ, ਕਾਮਿਆਂ ਦਾ ਏਕਾ, ਉਨ੍ਹਾਂ ਦੀ ਹੱਕਰਸੀ ਲਈ ਬਾਨਣੂੰ ਬਣਦਾ ਹੈ। ਉਹੀ ਆਪਣੇ ਮੁਲਕ ਦੀ ਸਰਕਾਰ ਤੋਂ ਇੱਛਤ ਫੈਸਲੇ ਕਰਾਉਣ ਲਈ ਦਬਾ ਪਾ ਸਕਦੇ ਹਨ।

ਖਿੰਡਵੇਂ ਜਾਂ ਟੁਟਵੇਂ ਮੁਜ਼ਾਹਰੇ ਜਾਂ ਮੀਟਿੰਗਾਂ ਦੀ ਤਾਂ ਪਿੰਡ ਦਾ ਸਰਪੰਚ ਵੀ ਪਰਵਾਹ ਨਹੀਂ ਕਰਦਾ, ਉਸ ਦਾ ਆਪਣੇ ਮੁਲਕ ਦੀ ਸਰਕਾਰ ’ਤੇ ਕਾਹਦਾ ਅਸਰ ਹੋਣੈ। ਅਗਾਂਹ ਕੌਮਾਂਤਰੀ ਮਸਲਿਆਂ ਨੂੰ ਸੁਖਾਵੇਂ ਰੁਖ਼ ਮੋੜ ਬਾਰੇ ਸੋਚਣਾ ਤਾਂ ਹੋਰ ਵੀ ਦੂਰ ਦੀ ਗੱਲ ਹੈ। ਹੁਣ ਯੁੱਧ/ਲੜਾਈ ਵਿਰੁੱਧ ਸਿਰਫ ਕਾਰਵਾਈ ਪਾਉਣ ਨਾਲ ਨਹੀਂ ਸਰਨਾ, ਬਈ ਅਸੀਂ ਵਿਰੋਧ ਕੀਤਾ ਹੈ। ਖ਼ਬਰ ਵੀ ਛਪ ਗਈ ਹੈ ਅਤੇ ਫੇਸਬੁੱਕ ਉੱਪਰ ਵੀ ਪਾ ਦਿੱਤੈ। ਵਿਰੋਧ ਨੂੰ ਅਸਰਦਾਰ ਵੀ ਬਣਾਉਣਾ ਹੈ।

ਆਪਣੇ ਯੁੱਧ-ਵਿਰੋਧ ਨੂੰ ਅਸਰਦਾਰ ਬਣਾਉਣ ਲਈ, ਸ਼ਾਂਤੀ ਦੇ ਸਮੇਂ ਕੁਝ ਰੜਕਵੇਂ ਕਾਰਣਾਂ/ਬਹਾਨਿਆਂ ਖਿਲਾਫ ਖੜਨਾ ਪੈਣਾ ਹੈ, ਜੋ ਅਨਿਆਈਂ ਲੜਾਈਆਂ ਨੂੰ ਜਨਮ ਦਿੰਦੇ ਹਨ: ਜਿਵੇਂ ਖੇਤਰਵਾਦ, ਕੌਮੀ ਸ਼ਾਵਨਵਾਦ, ਅੰਧ-ਰਾਸ਼ਟਰਵਾਦ, ਫਿਰਕਾਪ੍ਰਸਤੀ ਅਤੇ ਜੰਗੀ-ਸਨਅਤਾਂ ਦੀ ਹੋਂਦ। ਇਹ ਉਹ ਲਕੀਰਾਂ ਹਨ, ਜੋ ਵਿਸ਼ਾਲ ਇਕਜੁੱਟਤਾ ਹੋਣ ਨਹੀਂ ਦਿੰਦੀਆਂ। ਏਕੇ ਨੂੰ ਵੰਡੀ ਰੱਖਦੀਆਂ ਹਨ। ਦੋਸਤਾਂ ਨੂੰ ਦੁਸ਼ਮਣ ਵਜੋਂ ਦੇਖਣ ਦਾ ਆਦੀ ਬਣਾ ਦਿੰਦੀਆਂ ਹਨ, ਅਤੇ ਅਸਲੀ ਦੁਸ਼ਮਣ ਦਾ ਪਤਾ ਨਹੀਂ ਲਗਦਾ।

ਆਮ ਸਮਿਆਂ ਵਿੱਚ ਜਦੋਂ ਅਸੀਂ ਜਨਮ-ਦਿਨ ਮਨਾ ਰਹੇ ਹੁੰਦੇ ਹਾਂ, ਵਿਆਹ ਪਾਰਟੀਆਂ ’ਚ ਨੱਚਦੇ ਹਾਂ, ਨਹਿਰ ਕੰਢੇ ਸੈਰ ਹੋ ਰਹੀ ਹੁੰਦੀ ਹੈ, ਜਾਂ ਘਰੇ ਬੈਠਿਆਂ ਕੋਈ ਟੀ. ਵੀ. ਸ਼ੋਅ ਦੇਖਿਆ ਜਾ ਰਿਹਾ ਹੈ, ਉਸ ਵੇਲੇ ਜੰਗੀ-ਸਨਅਤਾਂ ਵਿੱਚ ਅਸਲਾ ਬਣ ਰਿਹਾ ਹੁੰਦਾ ਹੈ। ਜੰਗਬਾਜ਼ ਇਸ ਨੂੰ ਵਰਤਣ ਲਈ ਅਗਲੇ ਯੁੱਧ ਦੀ ਰੂਪਰੇਖਾ ਤਿਆਰ ਕਰ ਰਹੇ ਹੁੰਦੇ ਹਨ।

ਸਿਆਣਿਆਂ ਨੇ ਕਿਹਾ ਹੈ ਕਿ ਜਦੋਂ ਸ਼ਾਂਤੀ ਦਾ ਸਮਾਂ ਹੁੰਦਾ ਹੈ, ਉਸ ਵੇਲੇ ਅਗਲੇ ਯੁੱਧ ਦੀ ਤਿਆਰੀ ਹੋ ਰਹੀ ਹੁੰਦੀ ਹੈ। ਅਸੀਂ ਆਪਣੀਆਂ ਸਰਗਰਮੀਆਂ ਨਾਲ ਇਸ ਤਿਆਰੀ ਨੂੰ ਪੰਚਰ ਕਰਨਾ ਹੈ। ਇਸ ਨੂੰ ਆਪਣੇ ਹੱਕ ਵਿੱਚ ਭੁਗਤਾਉਣਾ ਹੈ।

**“ਇਹ ਦੁਨੀਆਂ ਰਹਿਣ ਲਈ ਇਸ ਕਰਕੇ ਖਤਰਨਾਕ ਨਹੀਂ ਕਿ ਇੱਥੇ ਮਾੜੇ ਬੰਦੇ ਹਨ, ਸਗੋਂ ਇਸ ਕਰਕੇ ਹੈ ਕਿ ਚੰਗੇ ਬੰਦੇ ਉਹ ਕੁਝ ਨਹੀਂ ਕਰਦੇ, ਜੋ ਕਰਨਾ ਚਾਹੀਦਾ ਹੈ।”** - ਆਈਨਸਟੀਨ

-559 375 25891

## ਬੇਟੇ ਦੀ ਲੰਬੀ ਉਮਰ ਲਈ ਮਾਂ ਨੇ ਆਪਣੀ ਹੀ ਬੇਟੀ ਦੀ ਬਲੀ ਦਿੱਤੀ

ਝਾਰਖੰਡ ਦੇ ਵਿਸ਼ਨੂੰਗੜ੍ਹ ਥਾਣਾ ਖ਼ੇਤਰ ਦੇ ਪਿੰਡ ਕੁਸੁੰਭਾ ਵਿੱਚ ਇੱਕ 12 ਸਾਲ ਦੀ ਬੱਚੀ ਦੀ ਬਲੀ ਦਾ ਦਰਦਨਾਕ ਸਮਾਚਾਰ ਹੈ। ਜਦ ਆਪਣੇ ਇਕਲੌਤੇ ਬੇਟੇ ਦੀ ਤੰਦਰੁਸਤ ਤੇ ਲੰਬੀ ਉਮਰ ਲਈ ਮਾਂ ਨੇ ਮਹਿਲਾ ਤਾਂਤਰਿਕ ਸ਼ਾਂਤੀ ਦੇਵੀ ਦੇ ਕਹਿਣ ’ਤੇ ਆਪਣੀ ਹੀ ਬੇਟੀ ਦੀ ਬਲੀ ਦੇ ਦਿੱਤੀ।

ਪੁਲਿਸ ਅਨੁਸਾਰ ਤਾਂਤਰਿਕ ਨੇ ਅਸ਼ਟਮੀ ’ਤੇ ਨੌਮੀਂ ਦੀ ਰਾਤ ਨੂੰ ਬਲੀ ਦਾ ਸਮਾਂ ਨਿਸਚਿਤ ਕੀਤਾ ਸੀ। 24 ਮਾਰਚ ਦੀ ਰਾਤ ਕਰੀਬ 9.30 ਵਜੇ ਬੱਚੀ ਦੀ ਹੱਤਿਆ ਕਰ ਦਿੱਤੀ ਗਈ। ਇਸ ਸਮੇਂ ’ਤੇ ਤਾਂਤਰਿਕ ਨੇ ਆਪਣੇ ਘਰ ਸਾਹਮਣੇ ਸਥਿਤ ਮੰਦਿਰ ਵਿੱਚ ਬੱਚੀ ਦੀ ਮਾਂ ਤੋਂ ਪੂਜਾ ਫੀਸ ਲੈ ਕੇ ਤੰਤਰ ਮੰਤਰ ਤੇ ਪੂਜਾ ਕੀਤੀ। ਬੱਚੀ ਨੂੰ ਬਿਠਾ ਕੇ ਉਸ ਦੀ ਪੂਜਾ ਕਰਦਿਆਂ ਸੰਧੂਰ, ਟਿੱਕਾ ਤੇ ਕਾਜਲ ਲਗਾਇਆ। ਫਿਰ ਬੱਚੀ ਨੂੰ ਭੂਤ ਬੰਨ੍ਹਣ ਵਾਲੀ ਥਾਂ ਬਾਂਸਵਾੜਾ ਲਿਜਾ ਕੇ ਜ਼ਮੀਨ ’ਤੇ ਲਿਟਾ ਕੇ ਤੰਤਰ ਮੰਤਰ ਕੀਤਾ। ਗਲਾ ਘੁੱਟ ਕੇ ਉਸ ਦੀ ਹੱਤਿਆ ਕਰ ਦਿੱਤੀ ਗਈ। ਬੱਚੀ ਦਾ ਸਿਰ ਪਾੜ ਕੇ ਖ਼ੂਨ ਬਲੀ ਲਈ ਚੜ੍ਹਾਇਆ ਗਿਆ। ਗ੍ਰਿਫ਼ਤਾਰ ਕੀਤੇ ਗਏ ਦੋਸ਼ੀਆਂ ਵਿੱਚ ਬੱਚੀ ਦੀ ਮਾਂ ਰੇਸ਼ਮੀ ਦੇਵੀ, ਉਸਦਾ ਪ੍ਰੇਮੀ ਭੀਮ ਰਾਜ, ਮਹਿਲਾ ਤਾਂਤਰਿਕ ਸ਼ਾਂਤੀ ਦੇਵੀ ਸ਼ਾਮਲ ਹਨ। ਤਿੰਨੇ ਦੋਸ਼ੀ ਪਿੰਡ ਕੁਸੰਭਾ ਦੇ ਰਹਿਣ ਵਾਲੇ ਹਨ।

ਰਾਸ਼ਟਰੀ ਮਹਿਲਾ ਆਯੋਗ ਨੇ ਇਸ ਕਰੂਰ ਘਟਨਾ ਦਾ ਨੋਟਿਸ ਲੈਂਦਿਆਂ ਅਧਿਨਿਯਮ 1990 ਦੀ ਧਾਰਾ 8 ਅਨੁਸਾਰ ਕਾਰਵਾਈ ਕਰਦਿਆਂ ਤਿੰਨ ਮੈਂਬਰੀ ਜਾਂਚ ਕਮੇਟੀ ਦਾ ਗਠਨ ਕੀਤਾ ਹੈ, ਜਿਹੜੀ ਘਟਨਾ ਸਥਾਨ, ਪੁਲਿਸ ਤੇ ਗਵਾਹਾਂ ਤੋਂ ਪੁੱਛ ਪੜਤਾਲ ਕਰੇਗੀ।

# ਤਰਕਸ਼ੀਲ ਚੇਤਨਾ ਦੀ ਜਗਦੀ ਮਸ਼ਾਲ: ਬਾਈ ਅਵਤਾਰ

ਤਰਕਸ਼ੀਲ (ਰੈਸ਼ਨੇਲਿਸਟ) ਸੁਸਾਇਟੀ ਕੈਨੇਡਾ ਦੇ ਸਰਪ੍ਰਸਤ ਬਾਈ ਅਵਤਾਰ ਜ਼ਿੰਦਗੀ ਦੇ ਸੱਚੇ ਸੁੱਚੇ ਸ਼ਾਹ ਅਸਵਾਰ ਸਨ। ਜਿੰਨ੍ਹਾਂ ਦਾ ਤਰਕਸ਼ੀਲ ਚੇਤਨਾ, ਲੋਕ-ਪੱਖੀ ਸੱਭਿਆਚਾਰ ਅਤੇ ਭਰਮ-ਮੁਕਤ, ਸਾਵੇਂ ਸੁਖਾਵੇਂ ਸਮਾਜ ਲਈ ਪਾਇਆ ਅਮੁੱਲਾ ਯੋਗਦਾਨ ਵਕਤ ਦੇ ਪੰਨਿਆਂ 'ਤੇ ਹਮੇਸ਼ਾ ਸੁਨਿਹਰੇ ਅੱਖਰਾਂ ਵਿੱਚ ਉੱਕਰਿਆ ਰਹੇਗਾ। 25 ਅਕਤੂਬਰ 1946 ਨੂੰ ਪਿੰਡ ਚੂਹੜ ਚੱਕ ਵਿਖੇ ਪਿਤਾ ਬਲਵੰਤ ਸਿੰਘ ਤੇ ਮਾਤਾ ਗੁਰਨਾਮ ਕੌਰ ਦੇ ਘਰ ਜਨਮੇ ਬਾਈ ਅਵਤਾਰ ਦਾ ਜੀਵਨ ਮੁੱਢ ਤੋਂ ਹੀ ਸੰਘਰਸ਼ਾਂ ਵਿੱਚ ਬੀਤਿਆ। ਦਸਵੀਂ ਵਿੱਚ ਪੜ੍ਹਦਿਆਂ ਹੀ ਪਿਤਾ ਜੀ ਦੀ ਬੇਵਕਤੀ ਮੌਤ ਨਾਲ ਉਨ੍ਹਾਂ ਦੇ ਮੋਢਿਆਂ 'ਤੇ ਪਰਿਵਾਰ ਦੀ ਜ਼ਿੰਮੇਂਵਾਰੀ ਆ ਪਈ। ਚੜ੍ਹਦੀ ਉਮਰੇ ਨੌਕਰੀ ਦੀ ਸ਼ੁਰੂਆਤ ਰੇਲਵੇ ਵਿਭਾਗ ਤੋਂ ਹੋਈ। ਕੁਝ ਸਮਾਂ ਰੇਲਵੇ ਵਿੱਚ ਨੌਕਰੀ ਕਰਨ ਉਪਰੰਤ ਬਿਜਲੀ ਬੋਰਡ ਵਿੱਚ ਨਿਯੁਕਤੀ ਹੋ ਗਈ। ਬਿਜਲੀ ਕਾਮਿਆਂ ਦੀ ਜੱਥੇਬੰਦੀ ਟੈਕਨੀਕਲ ਸਰਵਿਸਜ਼ ਯੂਨੀਅਨ ਵਿੱਚ ਆਉਣ ਜਾਣ ਬਣਿਆ। ਪੜ੍ਹਨ, ਸੋਚਣ, ਸਮਝਣ ਦੇ ਰਾਹ ਪੈਣ 'ਤੇ ਸੰਘਰਸ਼ਾਂ, ਸਮਾਜਵਾਦ ਤੇ ਦੇਸ਼ ਭਗਤਾਂ ਦੇ ਸੁਪਨਿਆਂ ਤੇ ਆਦਰਸ਼ਾਂ ਨਾਲ ਨੇੜਤਾ ਹੋਣ ਲੱਗੀ।

ਇਸ ਰਾਹ ਤੁਰੇ ਤਾਂ ਫ਼ਿਰ ਪਿੱਛੇ ਮੁੜ ਕੇ ਨਹੀਂ ਵੇਖਿਆ। ਕੈਨੇਡਾ ਜਾਣ ਤੋਂ ਪਹਿਲਾਂ ਦੋ ਦਹਾਕੇ ਟੀ.ਐੱਸ.ਯੂ. ਦੇ ਚੁਣੇ ਹੋਏ ਆਗੂ ਵਜੋਂ ਬਿਜਲੀ ਮੁਲਾਜ਼ਮਾਂ ਦੇ ਹੱਕਾਂ ਹਿਤਾਂ ਲਈ ਲੜੇ ਗਏ ਘੋਲਾਂ ਦੀ ਅਗਵਾਈ ਕੀਤੀ। ਬਿਜਲੀ ਕਾਮਿਆਂ ਨੂੰ ਆਪਣੇ ਲੋਕਾਂ ਨਾਲ ਰਿਸ਼ਤਾ ਸਮਝਾਉਂਦੇ, ਜ਼ਿੰਦਗੀ ਦਾ ਮਕਸਦ ਦੱਸਦੇ। ਆਪਣੇ ਵਿਭਾਗ ਦੇ ਨਾਲ ਨਾਲ ਉਹ ਜਗਰਾਉਂ ਖ਼ੇਤਰ ਵਿੱਚ ਸਰਕਾਰ ਤੇ ਪੁਲਿਸ ਦੇ ਅਨਿਆਂ ਖ਼ਿਲਾਫ਼ ਹੁੰਦੇ ਸੰਘਰਸ਼ਾਂ ਵਿੱਚ ਵੀ ਹਿੱਸਾ ਪਾਉਂਦੇ।

ਪੰਜਾਬ 'ਤੇ ਆਇਆ ਕਾਲਾ ਦੌਰ ਵੀ ਉਨ੍ਹਾਂ ਨੂੰ ਹੱਕ ਸੱਚ ਦੇ ਰਾਹ ਤੋਂ ਥਿੜਕਾਅ ਨਹੀਂ ਸਕਿਆ। ਫਿਰਕਾਪ੍ਰਸਤੀ ਤੇ ਹਕੂਮਤ ਦੀ ਬੇਲਗਾਮ ਦਹਿਸ਼ਤ ਦੇ ਉਸ ਸਮੇਂ ਵਿੱਚ ਬਾਈ ਅਵਤਾਰ ਪੁਲਿਸ ਤਸ਼ੱਦਦ, ਝੂਠੇ ਪੁਲਿਸ ਮੁਕਾਬਲਿਆਂ ਤੇ ਫਿਰਕਾਪ੍ਰਸਤ ਤਾਕਤਾਂ ਵੱਲੋਂ ਕੀਤੇ ਜਾਂਦੇ ਨਿਰਦੋਸ਼ ਲੋਕਾਂ ਦੇ ਕਤਲਾਂ ਖਿਲਾਫ਼ ਘੋਲਾਂ ਵਿੱਚ ਜਾਂਦੇ ਤੇ ਮੰਚਾਂ ਤੋਂ ਆਪਣੀ ਗੱਲ ਨਿਡਰ ਹੋ ਕੇ ਰੱਖਦੇ। ਉਹ ਲੋਕ ਘੋਲਾਂ ਦੀ ਬੁਲੰਦ ਆਵਾਜ਼ ਬਣੇ। ਜਥੇਬੰਦੀ ਤੇ ਅਸੂਲਾਂ ਨੂੰ ਪਹਿਲ ਦੇਣੀ, ਕਿੱਤੇ ਪ੍ਰਤੀ ਸਮਰਪਣ ਭਾਵਨਾ ਤੇ ਪਹਿਲਕਦਮੀ ਉਨ੍ਹਾਂ ਦੀ ਸ਼ਖਸੀਅਤ ਦੇ ਅਹਿਮ ਗੁਣ ਸਨ।

ਕੈਨੇਡਾ ਵਿੱਚ ਅੰਧਵਿਸ਼ਵਾਸਾਂ ਦੀ ਦਲਦਲ ਵਿੱਚ ਫਸੇ ਪੰਜਾਬੀਆਂ ਨੂੰ ਵੇਖ ਉਨ੍ਹਾਂ ਕੈਨੇਡਾ ਦੀ ਧਰਤੀ 'ਤੇ ਤਰਕਸ਼ੀਲ ਚੇਤਨਾ ਦਾ ਪ੍ਰਚਾਰ ਪਾਸਾਰ ਕਰਨ ਦਾ ਮਨ ਬਣਾਇਆ। ਤਰਕਸ਼ੀਲ ਵਿਚਾਰਾਂ ਵਾਲੇ ਵਿਅਕਤੀਆਂ ਨਾਲ ਸੰਪਰਕ ਕਰਕੇ ਮੀਟਿੰਗਾਂ ਤੇ ਸੈਮੀਨਾਰਾਂ ਨਾਲ ਚੇਤਨਾ ਦਾ ਦੌਰ ਸ਼ੁਰੂ ਕੀਤਾ। ਵਹਿਮਾਂ ਭਰਮਾਂ ਤੇ ਅੰਧਵਿਸ਼ਵਾਸਾਂ ਦੇ ਖਾਤਮੇ ਲਈ ਕੈਨੇਡਾ ਦੇ ਵੱਖ ਵੱਖ ਰਾਜਾਂ ਵਿੱਚ ਕੰਮ ਕਰਦੀਆਂ ਤਰਕਸ਼ੀਲ ਇਕਾਈਆਂ ਨਾਲ ਤਾਲਮੇਲ ਬਣਾਇਆ। ਵੈਨਕੂਵਰ, ਕੈਲਗਰੀ, ਐਡਮਿੰਟਨ, ਸਰੀ ਤੇ ਟੋਰਾਂਟੋ ਵਿੱਚ ਹੁੰਦੀਆਂ ਤਰਕਸ਼ੀਲ ਸਰਗਰਮੀਆਂ ਵਿੱਚ ਭਾਗ ਲੈਣ ਲੱਗੇ। ਉਨ੍ਹਾਂ ਆਪਣੀ ਨਾਟਕ ਟੀਮ ਨਾਲ ਸ਼ਹੀਦ ਭਗਤ ਸਿੰਘ ਦੇ ਜੀਵਨ ਨਾਲ ਨੇੜਿਓਂ ਜੁੜੇ ਨਾਟਕ 'ਛਿਪਣ ਤੋਂ ਪਹਿਲਾਂ' ਦੇ ਅਨੇਕਾਂ ਸ਼ੋਅ ਕੀਤੇ। ਕੈਨੇਡਾ ਵਿੱਚ ਰੇਡੀਓ, ਟੀ. ਵੀ ਉੱਪਰ ਤਰਕਸ਼ੀਲ਼ ਵਿਚਾਰਾਂ ਦੇ ਪ੍ਰੋਗਰਾਮਾਂ ਨੇ ਜ਼ੋਰ ਫੜਿਆ।



ਪ੍ਰੈੱਸ ਵਿੱਚ ਤਰਕਸ਼ੀਲ ਚੇਤਨਾ ਦੀ ਲੋਅ ਪਸਰਨ ਲੱਗੀ। ਬਾਈ ਅਵਤਾਰ ਤਰਕਸ਼ੀਲ ਪੁਸਤਕਾਂ, ਆਰਟੀਕਲ ਵਾਚਦੇ, ਰਿਪੋਰਟਾਂ ਤਿਆਰ ਕਰਦੇ। ਮੀਡੀਆ ਤੇ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਹੋਣ ਲਈ ਭੇਜਦੇ ਰਹਿੰਦੇ। ਉਹ ਅੰਧਵਿਸ਼ਵਾਸਾਂ ਦੀ ਮਾਰ ਹੇਠ ਆਏ ਤੇ ਕਿਸਮਤ ਕਰਮਾਂ ਦੀ ਛਾਂ ਹੇਠ ਗੂੜ੍ਹੀ ਨੀਂਦ ਸੁੱਤੇ ਅਗਿਆਨਤਾ ਦੇ ਹਨੇਰੇ ਵਿਚ ਭਟਕਦੇ, ਸੁੱਖਣਾਂ, ਅਰਦਾਸਾਂ ਵਿਚੋਂ ਸਫਲਤਾ ਤੇ ਖੁਸ਼ੀਆਂ ਭਾਲਦੇ ਲਾਈਲੱਗ ਲੋਕਾਂ ਨੂੰ ਜਗਾਉਣ ਲਈ ਰੇਡੀਓ ਟੈਲੀਕਾਸਟਾਂ, ਨਾਟਕਾਂ, ਗੀਤਾਂ ਤੇ ਪੁਸਤਕਾਂ ਨਾਲ ਚੇਤਨਾ ਦਾ ਚਾਨਣ ਬਿਖੇਰਨ ਵਿੱਚ ਜੁਟੇ ਰਹਿੰਦੇ। ਉਹ ਸੁਹਿਰਦ ਤੇ ਪ੍ਰਭਾਵਸ਼ਾਲੀ ਬੁਲਾਰੇ ਸਨ। ਕੈਨੇਡਾ ਦੇ ਤਰਕਸ਼ੀਲਾਂ ਵੱਲੋਂ ਨੈਸ਼ਨਲ ਪੱਧਰ 'ਤੇ ਇੱਕਮੁੱਠ ਹੋਣ ਉਪਰੰਤ ਬਾਈ ਅਵਤਾਰ ਨੂੰ ਕੈਨੇਡਾ ਦੀ ਕੌਮੀ ਇਕਾਈ ਦਾ ਪਹਿਲੇ ਪ੍ਰਧਾਨ ਚੁਣੇ ਜਾਣ ਦਾ ਮਾਣ ਹਾਸਲ ਹੋਇਆ।

ਉਹ ਜ਼ਿੰਦਾਂਦਿਲੀ ਤੇ ਔਕੜਾਂ ਨੂੰ ਖਿੜੇ ਮੱਥੇ ਟੱਕਰਨ ਵਾਲੀ ਬੁਲੰਦ ਸਖ਼ਸ਼ੀਅਤ ਦੇ ਮਾਲਕ ਸਨ। ਚਾਰ ਦਹਾਕਿਆਂ ਤੋਂ ਨਾਲ ਤੁਰੀ ਆਉਂਦੀ ਸ਼ੂਗਰ ਦੀ ਬੀਮਾਰੀ ਉਨ੍ਹਾਂ ਦਾ ਰਾਹ ਨਹੀਂ ਰੋਕ ਸਕੀ। ਇੱਕ ਅੱਖ ਦੀ ਘਟ ਰਹੀ ਨਜ਼ਰ ਤੇ ਗੁਰਦਿਆਂ

ਦੀ ਬੀਮਾਰੀ ਮੂਹਰੇ ਵੀ ਉਹ ਡਟ ਕੇ ਖੜ੍ਹੇ ਰਹੇ। ਦਿਲ ਦੀ ਬਾਈਪਾਸ ਸਰਜਰੀ ਉਪਰੰਤ ਵੀ ਉਹ ਉਤਸ਼ਾਹ ਨਾਲ ਤਰਕਸ਼ੀਲਤਾ ਲਈ ਜੁਟੇ ਰਹੇ। ਅਕੇਵਾਂ, ਥਕੇਵਾਂ, ਨਿਰਾਸ਼ਾ ਅਤੇ ਉਦਾਸੀ ਉਨ੍ਹਾਂ ਤੋਂ ਦੂਰ ਰਹਿੰਦੀਆਂ ਸਨ। ਬੁਲੰਦ ਆਸ, ਜਿੱਤਣ, ਜੂਝਣ ਦੀ ਭਾਵਨਾ ਤੇ ਮੰਜ਼ਿਲ ਵੱਲ ਤੁਰਦੇ ਰਹਿਣ ਦਾ ਜ਼ਜ਼ਬਾ ਉਨ੍ਹਾਂ ਦੀ ਤਾਕਤ ਬਣਿਆ ਰਹਿੰਦਾ।

20 ਫਰਵਰੀ ਨੂੰ ਪੰਜਾਬ ਦੀ ਧਰਤੀ ’ਤੇ ਪੈਰ ਪਾਉਂਦਿਆ ਹੀ ਆਪਣੇ ਤਰਕਸ਼ੀਲ ਅਤੇ ਇਨਕਲਾਬੀ ਵਿਚਾਰਾਂ ਵਾਲੇ ਸੱਜਣ ਸਨੇਹੀਆਂ ਨਾਲ ਮੀਟਿੰਗ ਕੀਤੀ। ਉਨ੍ਹਾਂ ਆਪਣੀ ਦਿਲੀ ਇੱਛਾ ਅਨੁਸਾਰ ਜਗਰਾਉਂ ਵਿਖੇ ‘ਜੱਗ ਜਿਉਂਦਿਆਂ ਦੇ ਮੇਲੇ’ ਪ੍ਰੋਗਰਾਮ ਕਰਾਉਣ ਦੀ ਵਿਉਂਤਬੰਦੀ ਬਣਾਈ। ਜਿਸ ਵਿੱਚ ਨਾਟਕ, ਗੀਤ ਸੰਗੀਤ ਤੇ ਬੁਲਾਰਿਆਂ ਬਾਰੇ ਫੈਸਲਾ ਕਰਕੇ 20 ਮਾਰਚ ਨੂੰ ਇਹ ਪ੍ਰੋਗਰਾਮ ਕਰਨਾ ਨਿਸਚਿਤ ਕਰਿਆ। ਉਨ੍ਹਾਂ ਦੀ ਡਾਇਲਿਸਿਸ ਦੌਰਾਨ ਸਿਹਤ ਦੀ ਵਿਗੜੀ ਸਥਿਤੀ ਰਾਸ ਨਾ ਆਈ। ਉਹ 14 ਮਾਰਚ ਨੂੰ ਇਲਾਜ ਦੌਰਾਨ ਹੀ ਸਦਾ ਲਈ ਵਿਛੜ ਗਏ। ਉਨ੍ਹਾਂ ਦਾ ਕਹਿਣਾ ਸੀ, “ਮੈਂ ਜ਼ਿੰਦਗੀ ਨੂੰ ਰੱਜ ਕੇ ਮਾਣਿਆ ਹੈ। ਮੇਰੀ ਮੌਤ ’ਤੇ ਕਿਸੇ ਨੇ ਰੋਣਾ ਨਹੀਂ। ਕੋਈ ਧਾਰਮਿਕ ਰਸਮ ਨਹੀਂ ਕਰਨੀ। ਮੇਰੀ ਸਫਲ ਜ਼ਿੰਦਗੀ ਨੂੰ ਸੈਲੀਬ੍ਰੇਟ ਕਰਨਾ ਹੈ।” ਨਾਲ ਇਹ ਦਿਲੀ ਇੱਛਾ ਵੀ ਸੀ, ਕਿ ਮੈਂ ਰਹਾਂ ਜਾਂ ਨਾ ਰਹਾਂ, 20 ਮਾਰਚ ਵਾਲਾ ‘ਜੱਗ ਜਿਉਂਦਿਆਂ ਦਾ ਮੇਲਾ’ ਲੱਗਣਾ ਚਾਹੀਦਾ ਹੈ। ਉਨ੍ਹਾਂ ਦੇ ਸਾਥੀਆਂ ਨੇ ਉਨ੍ਹਾਂ ਦੀਆਂ ਇਛਾਵਾਂ ’ਤੇ ਫੁੱਲ ਚੜ੍ਹਾਉਂਦਿਆਂ ਇਹ ਮੇਲਾ ਇਸੇ ਦਿਨ ਉਨ੍ਹਾਂ ਦੀਆਂ ਭਾਵਨਾਵਾਂ ਅਨੁਸਾਰ ਹੀ ਆਯੋਜਿਤ ਕੀਤਾ।

ਬਾਈ ਅਵਤਾਰ ਇੱਕ ਕੌਮੀ ਤਰਕਸ਼ੀਲ ਆਗੂ, ਜ਼ਿੰਮੇਂਵਾਰ ਬਾਪ, ਸੁਘੜ ਪਤੀ ਤੇ ਹੱਕ ਸੱਚ, ਇਨਸਾਫ ਦੀ ਬੁਲੰਦ ਆਵਾਜ਼ ਸਨ। ਉਨ੍ਹਾਂ ਦੀ ਜੀਵਨ ਘਾਲਣਾ ਵਿੱਚ ਜੀਵਨ ਸਾਥਣ ਸੁਰਿੰਦਰ ਕੌਰ ਗਿੱਲ ਤੇ ਸੂਝਵਾਨ ਧੀਆਂ ਪੁੱਤਰਾਂ ਦਾ ਅਹਿਮ ਰੋਲ ਰਿਹਾ ਹੈ। ਬਾਈ ਅਵਤਾਰ ਦੇ ਤਰਕਸ਼ੀਲ ਵਿਚਾਰਾਂ ’ਤੇ ਪਹਿਰਾ ਦਿੰਦਿਆਂ ਪਰਿਵਾਰ ਨੇ ਉਨ੍ਹਾਂ ਦਾ ਮ੍ਰਿਤਕ ਸਰੀਰ ਮਾਨਵਤਾ ਦੇ ਭਲੇ ਲਈ ਮੈਡੀਕਲ ਖੋਜ ਕਾਰਜਾਂ ਲਈ ਭੇਂਟ ਕਰਕੇ ਅਤੇ ਬੇਲੋੜੀਆਂ ਰਹੁ ਰੀਤਾਂ ਨੂੰ ਤਿਆਗ ਕੇ ਬਾਈ ਅਵਤਾਰ ਦੀ ਵਿਰਾਸਤ ਨੂੰ ਬੁਲੰਦ ਰੱਖਿਆ ਹੈ। ਬਾਈ ਅਵਤਾਰ ਦਾ ਜੀਵਨ ਸਾਡੇ ਲਈ ਸਬਕ ਤੇ ਪ੍ਰੇਰਨਾ ਸ੍ਰੋਤ ਹੈ। ਉਨ੍ਹਾਂ ਦੀ ਜੀਵਨ ਘਾਲਣਾ ਤੇ ਤਰਕਸ਼ੀਲ, ਇਨਕਲਾਬੀ ਜਮਹੂਰੀ ਲਹਿਰ ਲਈ ਪਾਏ ਅਮੁੱਲੇ ਯੋਗਦਾਨ ਨੂੰ ਸਿਜਦਾ ਕਰਦਿਆਂ ਉਨ੍ਹਾਂ ਦੇ ਸਮੁੱਚੇ ਪਰਿਵਾਰ ਦੇ ਮਿਸਾਲੀ ਸਹਿਯੋਗ ਨੂੰ ਸਲਾਮ ਕਰਦੇ ਹਾਂ।

**ਰਾਮ ਸਵਰਨ ਲੱਖੇਵਾਲੀ**

## ਇੰਡੋ-ਕੈਨੇਡੀਅਨ ਤਰਕਸ਼ੀਲ ਲਹਿਰ ਦੇ ਆਗੂ ਬਾਈ ਅਵਤਾਰ ਦੀ ਯਾਦ ’ਚ ਸਤਿਕਾਰ ਸਮਾਗਮ

ਕੈਨੇਡਾ ਦੇ ਸ਼ਹਿਰ ਸਰੀ ਦੇ ਵਸਨੀਕ, ਤਰਕਸ਼ੀਲ ਲਹਿਰ ਦੇ ਆਗੂ, ਬਾਈ ਅਵਤਾਰ ਬੀਤੇ 14 ਮਾਰਚ 2026 ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਦੀ ਵਸੀਅਤ ਮੁਤਾਬਿਕ ਉਨ੍ਹਾਂ ਦੀ ਮਿਰਤਕ ਦੇਹ ਪਰਿਵਾਰ ਵਲੋਂ ਈ.ਐੱਸ.ਆਈ ਹਸਪਤਾਲ ਅਤੇ ਕਾਲਜ ਲੁਧਿਆਣਾ ਵਿਖੇ 16 ਮਾਰਚ ਨੂੰ ਸੰਗੀਆਂ ਸਾਥੀਆਂ ਦੇ ਵੱਡੇ ਕਾਫ਼ਿਲੇ ਵਲੋਂ ਭੇਟ ਕਰ ਦਿੱਤੀ ਗਈ ਸੀ ਅਤੇ 20 ਮਾਰਚ ਨੂੰ ਉਨ੍ਹਾਂ ਦੀ ਯਾਦ ਵਿੱਚ ਪਰਿਵਾਰ ਵੱਲੋਂ ਜਨਤਕ ਜਥੇਬੰਦੀਆਂ ਦੇ ਸਹਿਯੋਗ ਨਾਲ ਸਥਾਨਕ ਦੀਪਕ ਪੈਲੇਸ ਵਿਖੇ ਸਤਿਕਾਰ ਸਮਾਗਮ ਦਾ ਆਯੋਜਨ ਕੀਤਾ ਗਿਆ।

ਸਭ ਤੋਂ ਪਹਿਲਾਂ ਕੈਨੇਡਾ ਵਸਦੇ ਬੱਚਿਆਂ ਵੱਲੋਂ ‘ਜ਼ਿੰਦਗੀ ਜ਼ਿੰਦਾਬਾਦ’ ਦੇ ਸਿਰਲੇਖ ਹੇਠ ਤਿਆਰ ਕੀਤੇ ਸਲਾਈਡ ਸ਼ੋਅ ਰਾਹੀਂ ਬਾਈ ਅਵਤਾਰ ਦੀ ਸਮੁੱਚੀ ਜ਼ਿੰਦਗੀ ਨੂੰ ਤਸਵੀਰਾਂ ਰਾਹੀਂ ਬਿਆਨ ਕੀਤਾ ਗਿਆ। ਇਸ ਸ਼ੋਅ ’ਚ ਛੋਟੇ ਪੋਤਰੇ ਪੋਤਰੀਆਂ, ਦੋਹਤੇ, ਦੋਹਤੀਆਂ ਨੇ ਸੱਤ ਸਮੁੰਦਰੋਂ ਪਾਰ ਆਪਣੀਆਂ ਯਾਦਾਂ ਮਨੁੱਖਤਾ ਦੀ ਮੁਕਤੀ ਦੇ ਵਾਹਕ ਬਾਪੂ ਨਾਲ ਸਾਂਝੀਆਂ ਕੀਤੀਆਂ ਤਾਂ ਮਾਹੌਲ ਸੱਚਮੁੱਚ ਸੋਗਮਈ ਹੋ ਗਿਆ ਸੀ। ਉਪਰੰਤ ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ, ਜਗਸੀਰ ਜੀਦਾ, ਰਾਮ ਸਿੰਘ ਹਠੂਰ ਨੇ ਗੀਤ ਤੇ ਕਵੀਸ਼ਰੀਆਂ ਪੇਸ਼ ਕੀਤੀਆਂ। ਕਸਤੂਰੀ ਲਾਲ ਨੇ ਬਾਈ ਅਵਤਾਰ ਦੀ ਪਸੰਦੀਦਾ ਕਵਿਤਾ ‘ਗੁਰੂ ਨਾਨਕ ਤੇ ਅੱਜ’ ਨੂੰ ਤਰੁੰਨਮ ’ਚ ਗਾ ਕੇ ਮਾਹੌਲ ਬੰਨ ਦਿੱਤਾ। ਸ਼ਰਧਾਂਜਲੀ ਭੇਟ ਕਰਨ ਵਾਲਿਆਂ ’ਚ ਤਰਕਸ਼ੀਲ ਲਹਿਰ ਦੇ ਆਗੂ ਬਲਦੇਵ ਰਹਿਪਾ, ਗੁਰਮੇਲ ਗਿੱਲ, ਰਜਿੰਦਰ ਭਦੌੜ, ਜਮਹੂਰੀ ਅਧਿਕਾਰ ਸਭਾ ਦੇ ਪ੍ਰਧਾਨ ਪ੍ਰੋ ਜਗਮੋਹਨ ਸਿੰਘ, ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ, ਇਨਕਲਾਬੀ ਕੇਂਦਰ ਪੰਜਾਬ ਦੇ ਆਗੂ ਕੰਵਲਜੀਤ ਖੰਨਾ, ਕਿਸਾਨ ਆਗੂ ਸੁਦਾਗਰ ਸਿੰਘ ਗੁਰਬਾਣੀ, ਲੋਕ ਗਾਇਕ ਗਿੱਲ ਹਰਦੀਪ ਸ਼ਾਮਲ ਸਨ। ਬੁਲਾਰਿਆਂ ਨੇ ਬਾਈ ਅਵਤਾਰ ਗਿੱਲ ਦੀ ਸਮੁੱਚੀ ਜ਼ਿੰਦਗੀ ਨੂੰ ਸਮਾਜ ’ਚੋਂ ਅੰਧ ਵਿਸ਼ਵਾਸ, ਪਾਖੰਡਾਂ, ਪਿਛਾਖੜੀ ਸੋਚ ਖਿਲਾਫ ਜਦੋਜਹਿਦ ਦੀ ਸਫਲ ਤੇ ਗੋਰਵਮਈ ਗਾਥਾ ਕਰਾਰ ਦਿੱਤਾ। ਸਮਾਗਮ ਦੇ ਅੰਤਿਮ ਪੜਾਅ ’ਤੇ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਵਲੋਂ ਸੁਰਿੰਦਰ ਸ਼ਰਮਾ ਦਾ ਰਚਿਆ ਅਤੇ ਨਿਰਦੇਸ਼ਿਤ ਪਰਵਾਸ ਦੀਆਂ ਕਠਿਨਾਈਆਂ ਅਤੇ ਦੁਸ਼ਵਾਰੀਆਂ ਤੇ ਚੋਟ ਕਰਦਾ ਬੇਹੱਦ ਭਾਵਪੂਰਤ ਨਾਟਕ ‘ਦੋ ਰੋਟੀਆਂ’ ਪੇਸ਼ ਕਰਕੇ ਵਾਹਵਾ ਹਾਸਲ ਕੀਤੀ। ਪਰਿਵਾਰ ਵਲੋਂ ਬੇਟੇ ਜਗਦੀਪ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ।

**ਹਰਚੰਦ ਭਿੰਡਰ**

ਸਰੀਰਦਾਨੀ ਸ਼੍ਰੀ ਰਮੇਸ਼ ਦਾਸ ਦੀ ਯਾਦ ਵਿੱਚ

# ਬਠਿੰਡਾ ਇਕਾਈ ਵੱਲੋਂ ਪ੍ਰਭਾਵਸ਼ਾਲੀ ਬਹੁਪੱਖੀ ਪ੍ਰੋਗਰਾਮ

ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਕ੍ਰਿਸ਼ਨ ਬਰਗਾੜੀ ਦੀ ਯਾਦ ਵਿੱਚ ਕਰਵਾਏ ਜਾਂਦੇ ਪ੍ਰੋਗਰਾਮ ਤੋਂ ਪ੍ਰਭਾਵਿਤ ਹੋ ਕੇ ਇਕਾਈ ਬਠਿੰਡਾ ਦੇ ਵਿੱਤ ਮੁਖੀ ਵਿਪਨ ਕੁਮਾਰ ਨੇ ਇੱਛਾ ਪ੍ਰਗਟ ਕੀਤੀ ਕਿ ਉਹ ਆਪਣੇ ਪਿਤਾ ਸਰੀਰਦਾਨੀ ਸ੍ਰੀ ਰਮੇਸ਼ ਦਾਸ ਜੀ ਦੀ ਯਾਦ ਵਿੱਚ ਵੀ ਇਸੇ ਤਰ੍ਹਾਂ ਤਰਕਸ਼ੀਲ ਪ੍ਰੋਗਰਾਮ ਆਯੋਜਿਤ ਕਰਨਾ ਚਾਹੁੰਦੇ ਹਨ। ਉਹਨਾਂ ਦੇ ਇਸ ਅਗਾਂਹਵਧੂ ਸੁਝਾਅ ਨੂੰ ਅਮਲੀ ਰੂਪ ਦਿੰਦਿਆਂ ਇਕਾਈ ਬਠਿੰਡਾ ਵੱਲੋਂ 5 ਅਪ੍ਰੈਲ ਨੂੰ ਟੀਚਰਜ਼ ਹੋਮ ਬਠਿੰਡਾ ਵਿਖੇ ਰਮੇਸ਼ ਦਾਸ ਜੀ ਨੂੰ ਸਮਰਪਿਤ ਤਰਕਸ਼ੀਲ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਪ੍ਰੋਗਰਾਮ ਦੇ ਸ਼ੁਰੂ ਵਿੱਚ ਬਠਿੰਡਾ ਜੋਨ ਦੇ ਜਥੇਬੰਦਕ ਮੁਖੀ ਬਲਰਾਜ ਮੌੜ ਨੇ ਹਾਜ਼ਰ ਲੋਕਾਂ ਨੂੰ ਜੀ ਆਇਆਂ ਕਹਿੰਦੇ ਹੋਏ ਪ੍ਰੋਗਰਾਮ ਦੀ ਰੂਪ ਰੇਖਾ ਅਤੇ ਇਸਦੇ ਮਹੱਤਵ ਬਾਰੇ ਦੱਸਿਆ।

ਇਸ ਪ੍ਰੋਗਰਾਮ ਦੇ ਪਹਿਲੇ ਭਾਗ ਵਿੱਚ 'ਜੀਵਨ ਵਿੱਚ ਵਿਗਿਆਨਕ ਵਿਚਾਰਾਂ ਦਾ ਮਹੱਤਵ' ਵਿਸ਼ੇ ਉੱਪਰ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ ਹੋਏ, ਜਿਸ ਵਿੱਚ 14 ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੁਕਾਬਲੇ ਦੇ ਮਿਡਲ ਵਰਗ ਵਿੱਚ **ਅਨੰਦਬੀਰ ਕੌਰ** (ਸਿਲਵਰ ਓਕਸ ਸਕੂਲ ਬਠਿੰਡਾ) ਨੇ ਪਹਿਲਾ ਅਤੇ **ਤਰੁਨਦੀਪ ਕੁਮਾਰ** (ਸੇਂਟ ਪਾਲ ਸਕੂਲ, ਬਠਿੰਡਾ) ਨੇ ਦੂਜਾ ਸਥਾਨ ਹਾਸਿਲ ਕੀਤਾ, ਜਦ ਕਿ ਸੈਕੰਡਰੀ ਵਰਗ ਵਿੱਚ **ਚੇਤਨਾ** (ਅੱਪੂ ਵਿਦਿਆਲਿਆ, ਬਠਿੰਡਾ) ਨੇ ਪਹਿਲਾਂ ਅਤੇ **ਹਰਸ਼ਪ੍ਰੀਤ ਸਿੰਘ** (ਜਵਾਹਰ ਨਵੋਦਿਆ ਤਿਉਣਾ ਪੁਜਾਰੀਆ) ਨੇ ਦੂਜਾ ਸਥਾਨ ਹਾਸਲ ਕੀਤਾ। ਮੁਕਾਬਲੇ ਦੀ ਜੱਜਮੈਂਟ ਸ੍ਰੀ ਲਛਮਣ ਮਲੂਕਾ, ਸ੍ਰੀ ਨਛੱਤਰ ਧੰਮੂ ਅਤੇ ਰਣਧੀਰ ਗਿੱਲਪੱਤੀ ਨੇ ਕੀਤੀ।

ਦੂਜੇ ਭਾਗ ਵਿੱਚ ਸਭ ਤੋਂ ਪਹਿਲਾਂ, ਬਠਿੰਡਾ ਜੋਨ ਦੇ ਆਗੂ ਰਾਮ ਸਿੰਘ ਨਿਰਮਾਣ ਨੇ ਆਪਣੇ ਸੰਬੋਧਨ ਰਾਹੀਂ ਮੈਡੀਕਲ ਖੋਜ-ਕਾਰਜਾਂ ਲਈ ਸਰੀਰ ਪ੍ਰਦਾਨ ਕਰਨ ਦੀ ਮਹੱਤਤਾ ਬਾਰੇ ਭਾਵਪੂਰਤ ਜਾਣਕਾਰੀ ਦਿੱਤੀ। ਇਸ ਪ੍ਰੋਗਰਾਮ ਵਿੱਚ ਵਿਸ਼ੇਸ਼ ਤੌਰ 'ਤੇ ਪਰਿਵਾਰ ਸਮੇਤ ਪਹੁੰਚੇ, ਆਦੇਸ਼ ਮੈਡੀਕਲ ਕਾਲਜ ਭੁੱਚੋ (ਬਠਿੰਡਾ) ਦੇ ਪ੍ਰਿੰਸੀਪਲ ਡਾ. ਪ੍ਰਮੋਦ ਗੋਇਲ ਨੇ ਤਰਕਸ਼ੀਲ ਸੋਸਾਇਟੀ ਦੇ ਸਰੀਰਦਾਨ ਸਬੰਧੀ ਕੀਤੇ ਜਾ ਰਹੇ ਕਾਰਜਾਂ ਦੀ ਭਰਪੂਰ ਪ੍ਰਸੰਸਾ ਕੀਤੀ ਅਤੇ ਇਸ ਸਬੰਧ ਵਿੱਚ ਦਰਸ਼ਕਾਂ ਦੇ ਸਵਾਲਾਂ ਦੇ ਜਵਾਬ ਦਿੱਤੇ। ਉਹਨਾਂ ਵੱਲੋਂ ਖੁਦ ਵੀ ਆਪਣੀ ਮਾਤਾ ਦਾ ਸਰੀਰ ਮੈਡੀਕਲ ਖੋਜ ਕਾਰਜਾਂ ਲਈ ਪ੍ਰਦਾਨ ਕੀਤਾ ਗਿਆ ਸੀ, ਜਿਸ ਲਈ ਉਹਨਾਂ ਦਾ ਤਰਕਸ਼ੀਲ ਸੋਸਾਇਟੀ ਵੱਲੋਂ ਸਨਮਾਨ ਕੀਤਾ ਗਿਆ।

ਇਸ ਉਪਰੰਤ 'ਮੋਬਾਇਲ ਦੀ ਵਰਤੋਂ - ਚੁਣੌਤੀਆਂ ਅਤੇ ਧੋਖਾਧੜੀ' ਵਿਸ਼ੇ ਬਾਰੇ ਸਾਈਬਰ ਕ੍ਰਾਈਮ ਥਾਣਾ ਬਠਿੰਡਾ ਦੇ ਮੁਖੀ, ਇੰਸਪੈਕਟਰ ਬਲਵਿੰਦਰ ਸਿੰਘ ਨੇ ਮੁਢਲੀ ਜਾਣ ਪਛਾਣ ਕਰਵਾਈ ਅਤੇ ਫਿਰ ਸਾਈਬਰ ਕ੍ਰਾਈਮ ਸੈੱਲ ਦੇ ਗਗਨਦੀਪ ਸਿੰਘ ਨੇ ਮੋਬਾਈਲ ਰਾਹੀਂ ਵਜਦੀਆਂ ਠੱਗੀਆਂ ਦੀਆਂ ਉਦਾਹਰਨਾਂ ਦਿੰਦੇ ਹੋਏ ਇਹਨਾਂ ਤੋਂ ਬਚਾਅ ਬਾਰੇ ਬੜੇ ਵਧੀਆ ਢੰਗ ਨਾਲ ਮਹੱਤਵਪੂਰਨ ਜਾਣਕਾਰੀ ਦਿੱਤੀ।

ਤੀਜੇ ਸੈਸ਼ਨ ਵਿੱਚ ਤਰਕਸ਼ੀਲ ਮੈਗਜ਼ੀਨ ਬਾਰੇ ਪਾਠਕਾਂ ਦੀ ਰਾਏ ਲਈ ਗਈ ਜਿਸ ਵਿੱਚ ਡਾ ਬਲਜਿੰਦਰ, ਹਰੀ ਓਮ, ਗੁਰਚਰਨ ਸਿੰਘ, ਸੁਖਵਿੰਦਰ ਜੀਦਾ, ਪ੍ਰਿਤਪਾਲ ਸਿੰਘ ਅਤੇ ਹਰਦੀਪ ਸਿੰਘ ਘੁੱਦਾ ਨੇ ਮੈਗਜ਼ੀਨ ਦੇ ਲੇਖਾਂ ਅਤੇ ਸ਼ੈਲੀ ਬਾਰੇ ਕੀਮਤੀ ਸੁਝਾਅ ਦਿੱਤੇ। ਸੰਪਾਦਕ ਰਾਜਪਾਲ ਸਿੰਘ ਨੇ ਇਹਨਾਂ ਸੁਝਾਵਾਂ ਨੂੰ ਨੋਟ ਕੀਤਾ ਅਤੇ ਇਹਨਾਂ ਦੀ ਰੋਸ਼ਨੀ ਵਿੱਚ ਮੈਗਜ਼ੀਨ ਨੂੰ ਹੋਰ ਵਧੀਆ ਬਣਾਉਣ ਦਾ ਭਰੋਸਾ ਦਿੱਤਾ।

ਆਖਰ ਵਿੱਚ ਜਿਨ੍ਹਾਂ ਵਿਅਕਤੀਆਂ ਦੇ ਮ੍ਰਿਤਕ ਸਰੀਰ ਮੈਡੀਕਲ ਖੋਜ ਕਾਰਜਾਂ ਲਈ ਪ੍ਰਦਾਨ ਕੀਤੇ ਗਏ ਸਨ, ਉਨ੍ਹਾਂ ਦੇ ਪਰਿਵਾਰਾਂ ਦਾ ਸਨਮਾਨ ਕੀਤਾ ਗਿਆ, ਜਿਸ ਦੌਰਾਨ ਮਾ. ਸ਼ਮਸ਼ੇਰ ਚੋਰਮਾਰ ਨੇ ਮੰਚ ਸੰਚਾਲਨ ਕੀਤਾ। ਵਰਣਨਯੋਗ ਹੈ ਕਿ ਬਠਿੰਡਾ ਜੋਨ ਦੀਆਂ ਇਕਾਈਆਂ ਰਾਹੀਂ ਪਿਛਲੇ ਸਾਲਾਂ ਦੌਰਾਨ 47 ਮ੍ਰਿਤਕ ਦੇਹਾਂ ਮੈਡੀਕਲ ਕਾਲਜਾਂ ਨੂੰ ਪ੍ਰਦਾਨ ਕੀਤੀਆਂ ਗਈਆਂ ਸਨ। ਇਨ੍ਹਾਂ ਸਾਰੇ ਵਿਅਕਤੀਆਂ ਦੇ ਵੇਰਵੇ ਅਤੇ ਤਸਵੀਰਾਂ ਦੀ ਪ੍ਰਦਰਸ਼ਨੀ ਵੀ ਖਿੱਚ ਦਾ ਕੇਂਦਰ ਬਣੀ। ਇਸ ਮੌਕੇ ਸਰੀਰ ਦਾਨ ਲਈ ਨਵੇਂ ਫਾਰਮ ਵੀ ਭਰੇ ਗਏ।

ਪ੍ਰੋਗਰਾਮ ਦੌਰਾਨ ਕੁਲਵੰਤ ਸਿੰਘ, ਮੰਦਰ ਜੱਸੀ, ਗੁਰਤੇਜ ਤੇਜੀ ਘੁੱਦਾ ਅਤੇ ਵਿਦਿਆਰਥੀ ਗੋਲੂ ਨੇ ਵਧੀਆ ਗੀਤ ਪੇਸ਼ ਕੀਤੇ। ਇੱਕ ਛੋਟੀ ਬੱਚੀ ਸਰਗੁਣਦੀਪ ਕੌਰ ਪੁੱਤਰੀ ਐਡਵੋਕੇਟ ਸਨੇਹਪਾਲ ਸਿੰਘ ਨੇ ਕਵਿਤਾ ਪੇਸ਼ ਕੀਤੀ। ਪ੍ਰੋਗਰਾਮ ਦੇ ਪ੍ਰਬੰਧਾਂ ਦੀ ਦੇਖ ਰੇਖ ਮਾਸਟਰ ਗਿਆਨ ਸਿੰਘ ਨੇ, ਫੋਟੋਗ੍ਰਾਫੀ ਗਗਨ ਰਾਮਪੁਰਾ ਤੇ ਕੇਵਲ ਆਰਟਸ ਨੇ, ਵੀਡੀਓਗ੍ਰਾਫੀ ਅਜਾਇਬ ਜਲਾਲਆਣਾ ਨੇ, ਬੁੱਕ ਸਟਾਲ ਕੁਲਵੰਤ ਸਿੰਘ ਨੇ ਅਤੇ ਹਾਕਮ ਸਿੰਘ, ਬਿਕਰਮਜੀਤ, ਹਰਿੰਦਰ ਕੁਮਾਰ, ਮੇਜਰ ਗਹਿਰੀ ਆਦਿ ਤਰਕਸ਼ੀਲ ਮੈਂਬਰਾਂ ਨੇ ਹੋਰ ਅਹਿਮ ਜਿੰਮੇਂਵਾਰੀਆਂ ਨਿਭਾਈਆਂ। ਅੰਤ ਵਿੱਚ ਵਿਪਨ ਕੁਮਾਰ ਨੇ ਪ੍ਰੋਗਰਾਮ ਵਿੱਚ ਹਾਜ਼ਰ ਹੋਏ ਸਾਰੇ ਸੱਜਣ ਸਨੇਹੀਆਂ ਦਾ ਧੰਨਵਾਦ ਕੀਤਾ।

**ਲੋਕ ਹਿਤੈਸ਼ੀ ਕਾਫ਼ਲਾ ਨੇ 23 ਮਾਰਚ ਦਾ ਸ਼ਹੀਦੀ ਦਿਨ ਸਾਮਰਾਜ ਵਿਰੋਧੀ ਦਿਵਸ ਵਜੋਂ ਮਨਾਇਆ**

ਤਰਕਸ਼ੀਲ ਸੋਸਾਇਟੀ ਪੰਜਾਬ ਦੀ ਫਗਵਾੜਾ ਇਕਾਈ ਨੇ ਜਮਹੂਰੀ ਜਥੇਬੰਦੀਆਂ ਦੇ ਮੰਚ ਲੋਕ ਹਿਤੈਸ਼ੀ ਕਾਫ਼ਲਾ ਫ਼ਗਵਾੜਾ ਦੇ ਅੰਗ ਵਜੋਂ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਹੁਣਾਂ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਕਾਰਜਾਂ, ਵਿਚਾਰਾਂ ਤੇ ਸ਼ਹਾਦਤ ਨੂੰ ਨਤਮਸਤਕ ਹੁੰਦੇ ਹੋਏ ਉਨ੍ਹਾਂ ਦਾ ਸ਼ਹੀਦੀ ਦਿਹਾੜੇ ਨੂੰ ਸਾਮਰਾਜ ਵਿਰੋਧੀ ਦਿਹਾੜੇ ਵਜੋਂ ਟਾਊਨ ਹਾਲ ਫ਼ਗਵਾੜਾ ਵਿਖੇ ਮਨਾਇਆ ਗਿਆ। ਇਸ ਮੌਕੇ 'ਤੇ ਲੋਕਾਂ ਦੇ ਇਕੱਠ ਨੂੰ ਲੋਕ ਹਿਤੈਸ਼ੀ ਕਾਫ਼ਲਾ ਦੇ ਕਮੇਟੀ ਮੈਂਬਰ ਸੁਖਦੇਵ ਸਿੰਘ, ਜਸਵਿੰਦਰ ਸਿੰਘ, ਗੋਪਾਲ ਕ੍ਰਿਸ਼ਨ, ਗੁਰਮੁਖ ਲੋਕ ਪ੍ਰੇਮੀ, ਕੁਲਦੀਪ ਸਿੰਘ ਕੌੜਾ, ਰਵਿੰਦਰ ਸਿੰਘ ਚੋਟ, ਹਰਚਰਨ ਭਾਰਤੀ, ਬਲਬੀਰ ਦੋਸਾਂਝ, ਘਨਸ਼ਾਮ, ਐਸ ਐਲ ਵਿਰਦੀ, ਟੈਕਨੀਕਲ ਸਰਵਿਸ ਯੂਨੀਅਨ ਦੇ ਆਗੂ ਸੁਰਿੰਦਰਪਾਲ, ਵਿਦਿਆਰਥੀ ਆਗੂ ਮਨਪ੍ਰੀਤ ਕੌਰ ਅਤੇ ਕਰਨੈਲ ਸਿੰਘ ਸੰਧੂ ਆਦਿ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ਼ਹੀਦ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਨੇ ਜੋ 'ਇਨਕਲਾਬ ਜ਼ਿੰਦਾਬਾਦ, ਸਾਮਰਾਜਵਾਦ ਮੁਰਦਾਬਾਦ' ਦਾ ਨਾਅਰਾ ਲਾਇਆ ਸੀ, ਉਹ ਉਨ੍ਹਾਂ ਦੀ ਸ਼ਹਾਦਤ ਦੇ 95 ਸਾਲਾਂ ਦੇ ਬਾਦ ਵੀ ਅਤਿ ਮਹੱਤਵਪੂਰਨ ਤੇ ਸਾਰਥਿਕ ਹੈ। ਮੌਜੂਦਾ ਦੌਰ ਵਿੱਚ ਸਾਮਰਾਜਵਾਦ ਪੱਖੀ ਨੀਤੀਆਂ ਤੇ ਚੱਲਦੇ ਹੋਏ ਹਕੂਮਤ ਵਲੋਂ ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਵਲੋਂ ਲਏ ਗਏ ਸੁਪਨਿਆਂ ਅਨੁਸਾਰ ਮਿਹਨਤਕਸ਼ ਲੋਕਾਂ ਦੀਆਂ ਜਿਊਣ ਹਾਲਤਾਂ ਨੂੰ ਬੇਹਤਰ ਤੇ ਬਰਾਬਰੀ ਵਾਲੀਆਂ ਬਨਾਉਣ ਲਈ ਕੋਈ ਵੀ ਉਪਰਾਲੇ ਕਰਨ ਦੀ ਬਜਾਏ ਦੇਸ਼ ਨੂੰ ਬੇਰੁਜ਼ਗਾਰੀ, ਮਹਿੰਗਾਈ, ਮਨੁੱਖੀ ਅਪਮਾਨ, ਨਸ਼ਿਆਂ, ਜਾਤਪਾਤ, ਕਰਜਾਜਾਲ ਤੇ ਫਿਰਕਾਪ੍ਰਸਤੀ ਦੀ ਦਲਦਲ ਵਿੱਚ ਧੱਕਿਆ ਜਾ ਰਿਹਾ ਹੈ। ਭਾਰਤੀ ਰਾਜ ਪ੍ਰਬੰਧ ਵਲੋਂ ਮਜ਼ਦੂਰਾਂ ਪੱਖੀ ਚੁਤਾਲੀ ਕਿਰਤ ਕਾਨੂੰਨਾਂ ਨੂੰ ਸਰਮਾਏਦਾਰਾਂ ਪੱਖੀ ਚਾਰ ਕਿਰਤ ਕੋਡਾਂ ਵਿੱਚ ਬਦਲ ਕੇ, ਮਜ਼ਦੂਰਾਂ ਦੀ ਦਿਹਾੜੀ ਦੇ 08 ਘੰਟੇ ਤੋਂ ਵਧਾ ਕੇ 12 ਘੰਟੇ ਕਰਕੇ, ਮਜ਼ਦੂਰਾਂ ਨੂੰ 1886 ਤੋਂ ਪਹਿਲਾਂ ਵਾਲੇ ਹਨੇਰੇ ਹਾਲਾਤਾਂ ਵਿੱਚ ਧੱਕਿਆ ਜਾ ਰਿਹਾ ਹੈ। ਅਮਰੀਕਨ ਸਾਮਰਾਜ ਦੇ ਅੱਗੇ ਗੋਡੇ ਟੇਕਦਿਆਂ ਕੇਂਦਰ ਦੀ ਮੋਦੀ ਸਰਕਾਰ ਨੇ ਉਹਨਾਂ ਦੀਆਂ ਖੇਤੀਬਾੜੀ ਨਾਲ ਸਬੰਧਤ ਵਸਤਾਂ ਨੂੰ ਬਿਨਾ ਕਿਸੇ ਟੈਕਸ ਤੋਂ ਦੇਸ਼ ਵਿੱਚ ਆਉਣ ਦੇਣ ਲਈ ਸਮਝੌਤੇ ਕੀਤੇ ਹਨ, ਜਿਸ ਨਾਲ ਭਾਰਤ ਦਾ ਖੇਤੀਬਾੜੀ ਦਾ ਧੰਦਾ ਪੂਰੀ ਤਰ੍ਹਾਂ ਤਬਾਹ ਹੋ ਜਾਵੇਗਾ। ਜੋ ਲੋਕ ਕਿਰਤੀਆਂ, ਕਿਸਾਨਾਂ, ਦੱਬੇ ਕੁੱਚਲੇ ਦਲਿਤਾਂ,ਆਦਿ ਵਾਸੀਆਂ ਤੇ ਘੱਟ ਗਿਣਤੀਆਂ ਦੇ ਹੱਕਾਂ ਅਤੇ ਮਨੁੱਖੀ ਅਧਿਕਾਰਾਂ ਦੇ ਸਨਮਾਨ ਦੀ ਆਵਾਜ਼ ਉਠਾ ਰਹੇ ਹਨ, ਮੌਜੂਦਾ ਹਾਕਮਾਂ ਵਲੋਂ ਪੁਲਿਸ ਤੇ ਨੀਮ ਫੌਜੀ ਤਾਕਤ ਦੇ ਜ਼ੋਰ ਨਾਲ ਉਨ੍ਹਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਅਤੇ ਜੇਹਲਾਂ 'ਚ ਸੁੱਟ ਕੇ ਖਪਾਇਆ ਜਾ ਰਿਹਾ ਹੈ। ਸਮੂਹ ਬੁਲਾਰਿਆਂ ਨੇ ਸ਼ਹੀਦਾਂ ਦੇ ਵਿਚਾਰਾਂ ਨੂੰ ਹਰ ਘਰ ਤੱਕ ਲੈ ਕੇ ਜਾਣ ਦਾ ਸੱਦਾ ਦਿੱਤਾ। ਇਸ ਸਮਾਗਮ ਵਿੱਚ ਆਂਗਣਵਾੜੀ ਵਰਕਰ ਯੂਨੀਅਨ ਦੀ ਆਗੂ ਲਖਵੀਰ ਕੌਰ ਸਾਥੀਆਂ ਸਮੇਤ ਸ਼ਾਮਲ ਹੋਈਆਂ ਤੇ ਵੱਡੀ ਗਿਣਤੀ ਵਿੱਚ ਹੋਰ ਔਰਤਾਂ ਵੀ ਹਾਜ਼ਰ ਸਨ।

**ਸੁਖਦੇਵ ਫਗਵਾੜਾ**

**ਲੁਧਿਆਣਾ ਜ਼ੋਨ**

**ਪੀ.ਏ.ਯੂ ਦੇ ਕਿਸਾਨ ਮੇਲੇ 'ਤੇ ਕਿਤਾਬਾਂ ਦੀ ਸਟਾਲ ਅਤੇ ਪ੍ਰਚਾਰ**

ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿਖੇ 20 ਤੇ 21 ਮਾਰਚ ਦੇ ਦੋ ਦਿਨਾਂ ਕਿਸਾਨ ਮੇਲੇ ਦੌਰਾਨ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜ਼ੋਨ ਲੁਧਿਆਣਾ ਨੇ ਤਰਕਸ਼ੀਲ ਅਤੇ ਅਗਾਂਹਵਧੂ ਸਾਹਿਤ ਦੀ ਸਟਾਲ ਲਾ ਕੇ ਤਰਕਸ਼ੀਲ ਵਿਚਾਰਾਂ ਨੂੰ ਪੰਜਾਬ ਭਰ ਅਤੇ ਦੂਜੇ ਸੂਬਿਆਂ ਤੋਂ ਆਏ ਲੋਕਾਂ ਤੱਕ ਪਹੁੰਚਾਇਆ। ਪਾਠਕਾਂ ਨੇ ਅਗਾਂਹਵਧੂ ਸਾਹਿਤ ਖ਼ਰੀਦਣ ਵਿੱਚ ਚੰਗੀ ਰੁਚੀ ਦਿਖਾਈ। ਪਾਠਕਾਂ ਵੱਲੋਂ ਤਰਕਸ਼ੀਲ ਮੈਗਜ਼ੀਨ ਦੇ ਚੰਦੇ ਭਰਦਿਆਂ ਹੋਇਆਂ ਕਈ ਤਰ੍ਹਾਂ ਦੇ ਸਵਾਲਾਂ ਰਾਹੀਂ ਆਪਣੇ ਸ਼ੰਕੇ ਦੂਰ ਕੀਤੇ ਤੇ ਅੰਧਵਿਸ਼ਵਾਸੀ ਧਾਰਨਾਵਾਂ ਤੋੜਣ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਇਸ ਸਟਾਲ ਤੇ ਲਗਾਈ ਤਰਕਸ਼ੀਲ ਪ੍ਰਦਰਸ਼ਨੀ ਵੀ ਦਰਸ਼ਕਾਂ ਨੂੰ ਪ੍ਰਭਾਵਤ ਕਰਨ ਲਈ ਸਫ਼ਲ ਰਹੀ, ਜਿਸ ਵਿੱਚ ਸੁਸਾਇਟੀ ਵੱਲੋਂ ਮਾਨਸਿਕ ਰੋਗੀਆਂ ਦੇ ਲੁਹਾਏ ਗਏ ਤਵੀਤ ਤੇ ਵੱਖ-ਵੱਖ ਵਿਗਿਆਨੀਆਂ, ਚਿੰਤਕਾਂ ਦੀਆਂ ਲਿਖਤਾਂ ਵਾਲੇ ਚਾਰਟ ਦਿਲਚਸਪ ਬਣੇ ਰਹੇ।

ਦੋ ਦਿਨਾਂ ਮੇਲੇ 'ਤੇ ਸਟਾਲ ਉਪਰ ਜ਼ੋਨ ਲੁਧਿਆਣਾ ਦੀਆਂ ਇਕਾਈਆਂ ਸੁਧਾਰ, ਲੁਧਿਆਣਾ, ਕੁਹਾੜਾ ਤੇ ਜਗਰਾਉਂ ਨੇ ਜ਼ੁੰਮੇਂਵਾਰੀ ਨਿਭਾਈ। ਤਰਕਸ਼ੀਲ ਸਾਹਿਤ ਵੈਨ ਦੇ ਮੁਖੀ ਮੋਹਨ ਬਡਲਾ, ਪ੍ਰਬੰਧਕ ਜਸਵੀਰ ਸੋਨੀ, ਜ਼ੋਨ ਲੁਧਿਆਣਾ ਦੇ ਜਥੇਬੰਦਕ ਮੁਖੀ ਜਸਵੰਤ ਜ਼ੀਰਖ, ਵਿੱਤ ਮੁਖੀ ਧਰਮਪਾਲ ਸਿੰਘ, ਬਲਵਿੰਦਰ ਸਿੰਘ ਲੁਧਿਆਣਾ, ਰਾਕੇਸ਼ ਆਜ਼ਾਦ, ਸ਼ਮਸੇਰ ਨੂਰਪੁਰੀ, ਦੀਪ ਦਿਲਬਰ, ਮਾ. ਕਰਨੈਲ ਸਿੰਘ, ਜਸਵੀਰ ਅਕਾਲਗੜ੍ਹ, ਮਲਕੀਤ ਸਿੰਘ, ਗੁਰਮੇਲ ਸਿੰਘ ਅਤੇ ਸਤੀਸ਼ ਸੱਚਦੇਵਾ ਨੇ ਵਿਸ਼ੇਸ ਤੌਰ 'ਤੇ ਜ਼ੁੰਮੇਂਵਾਰੀ ਨਿਭਾਈ।

**ਹਰਚੰਦ ਭਿੰਡਰ**

**ਇਕਾਈ ਰੋਪੜ**

1. ਤਰਕਸ਼ੀਲ ਸੁਸਾਇਟੀ ਪੰਜਾਬ, ਇਕਾਈ ਰੋਪੜ ਵੱਲੋ 23 ਮਾਰਚ ਦੇ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਸ਼ਹੀਦ ਭਗਤ ਸਿੰਘ ਚੌਂਕ ਰੋਪੜ ਵਿਖੇ ਜਿਲ੍ਹਾ ਯੂਥ ਕਲੱਬਜ਼ ਤਾਲਮੇਲ ਕਮੇਟੀ ਰੂਪਨਗਰ ਵੱਲੋ ਲਗਾਏ ਖੂਨਦਾਨ ਕੈਂਪ ਵਿੱਚ ਕਿਤਾਬਾਂ ਦੀ ਸਟਾਲ ਲਗਾਈ ਅਤੇ ਭਗਤ ਸਿੰਘ ਦੇ ਵਿਚਾਰਾਂ ਵਾਲੇ ਪੈਂਫਲਿਟ ਵੰਡੇ ਗਏ। ਇਕਾਈ ਦੇ ਮਾਨਸਿਕ ਵਿਭਾਗ ਮੁਖੀ ਅਮਰਨਾਥ ਅਤੇ ਹਰਜੀਤ ਸਿੰਘ ਘਨੌਲੀ ਵੱਲੋਂ ਖੂਨਦਾਨ ਕੀਤਾ ਗਿਆ। ਸ਼ਹੀਦ ਭਗਤ ਸਿੰਘ ਚੌਂਕ ਰੋਪੜ ਵਿਖੇ ਸੰਯੁਕਤ ਕਿਸਾਨ ਮੋਰਚਾ ਅਤੇ ਟਰੇਡ ਯੂਨੀਅਨਾਂ ਦੇ ਇਕੱਠ ਵਿੱਚ ਇਕਾਈ ਮੁਖੀ ਅਸ਼ੋਕ ਕੁਮਾਰ, ਸਭਿਆਚਾਰਕ ਵਿਭਾਗ ਮੁਖੀ ਹਰਨੇਕ ਚੱਕ ਕਰਮਾਂ, ਹਰਵਿੰਦਰ ਸੁਖਰਾਮਪੁਰ, ਪਵਨ ਰੱਤੋਂ, ਇਕਬਾਲ ਬੇਲਾ, ਹਰਵੀਰ ਗਾਂਧੀ, ਪਵਨ ਕੁਮਾਰ ਚੱਕ ਕਰਮਾਂ ਹਾਜ਼ਰ ਹੋਏ। ਜ਼ੋਨ ਆਗੂ ਅਜੀਤ ਪ੍ਰਦੇਸੀ ਨੇ ਬੋਲਦਿਆ ਕਿਹਾ ਕਿ ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਨਸ਼ੇ ਤੇ ਮਹਿੰਗਾਈ ਵਗੈਰਾ, ਕਿਸਮਤ ਜਾਂ ਪਿਛਲੇ ਜਨਮਾਂ ਦੇ ਮਾੜੇ ਕਰਮਾਂ ਕਰਕੇ ਨਹੀ ਸਗੋਂ ਹਾਕਮਾਂ ਵੱਲੋ ਅਪਣਾਈਆ ਨਿੱਜੀਕਰਨ, ਉਦਾਰੀਕਰਨ ਤੇ ਸੰਸਾਰੀਕਰਨ ਦੀਆਂ ਸਾਮਰਾਜੀ ਨੀਤੀਆਂ ਦਾ ਸਿੱਟਾ ਹਨ। ਇਕਾਈ ਮੁਖੀ ਅਸ਼ੋਕ ਕੁਮਾਰ ਨੇ ਕਿਹਾ ਕਿ 23 ਮਾਰਚ ਦੇ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਤਾਂ ਹੀ ਹੋਵਗੀ ਜੇ ਅਸੀਂ ਉਨ੍ਹਾਂ ਦੇ ਨਕਸ਼ੇ ਕਦਮ ’ਤੇ ਚੱਲਦਿਆਂ ਲੁੱਟ ਰਹਿਤ ਸਮਾਜ ਸਿਰਜਣ ਲਈ ਹਰ ਕੁਰਬਾਨੀ ਕਰਨ ਵਾਸਤੇ ਤਿਆਰ ਬਰ ਤਿਆਰ ਰਹਾਂਗੇ।

2. ਇਕਾਈ ਰੋਪੜ ਦੇ ਸਮੂਹ ਮੈਂਬਰ ਲੋਕਾਂ ਵਿੱਚ ਵਿਗਿਆਨਕ ਵਿਚਾਰਾਂ ਦੇ ਪਾਸਾਰ ਲਈ ਹਰ ਸਮੇਂ ਕੁੱਝ ਨਾ ਕੁੱਝ ਨਵਾਂ ਕਰਨ ਲਈ ਸੋਚਦੇ ਰਹਿੰਦੇ ਹਨ। ਜਿਵੇਂ ਕਿ ਨੌਜਵਾਨ ਸਪੋਰਟਸ ਕਲੱਬ ਅਤੇ ਗ੍ਰਾਮ ਪੰਚਾਇਤ ਚੱਕ ਕਰਮਾਂ ਵੱਲੋ ਤਾਰਾ ਸਿੰਘ ਯਾਦਗਾਰੀ ਚਾਰ ਰੋਜ਼ਾ ਫੁੱਟਬਾਲ ਟੂਰਨਾਮੈਂਟ ਮਿਤੀ 2 ਤੋ 5 ਅਪ੍ਰੈਲ 2026 ਨੂੰ ਕਰਵਾਇਆ ਗਿਆ। ਜਿਸ ਵਿੱਚ ਅਜੀਤ ਪ੍ਰਦੇਸੀ ਜ਼ੋਨ ਮੁਖੀ ਚੰਡੀਗੜ੍ਹ, ਅਸ਼ੋਕ ਕੁਮਾਰ ਇਕਾਈ ਮੁਖੀ ਰੋਪੜ, ਅਮਰਨਾਥ ਮਾਨਸਿਕ ਵਿਭਾਗ ਮੁਖੀ ਰੋਪੜ ਵੱਲੋਂ ਸ਼ਮੂਲੀਅਤ ਕੀਤੀ ਗਈ। ਅਜੀਤ ਪ੍ਰਦੇਸੀ ਨੇ ਖਿਡਾਰੀਆਂ ਅਤੇ ਦਰਸ਼ਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਲੋੜ ਹੈ ਨੌਜਵਾਨੀ ਨੂੰ ਸਾਂਭਣ ਦੀ, ਇਨ੍ਹਾਂ ਨੂੰ ਸਹੀ ਰਸਤਾ ਦਿਖਾਉਣ ਦੀ, ਇਤਿਹਾਸ ਨਾਲ ਜੋੜਨ ਦੀ, ਸਹੀ ਕਿਤਾਬਾਂ ਪੜ੍ਹਾਉਣ ਦੀ, ਜੇ ਇਹ ਕੰਮ ਕਰ ਲਏ ਜਾਣ ਤਾਂ ਬੱਚਿਆਂ ਦਾ ਜੀਵਨ ਸੋਹਣਾ ਬਣ ਸਕਦਾ ਹੈ। ਇਕਾਈ ਵੱਲੋਂ ਖਿਡਾਰੀਆਂ ਅਤੇ ਵਲੰਟੀਅਰ ਬੱਚਿਆਂ ਨੂੰ ਭਗਤ ਸਿੰਘ ਦੀ ਕਿਤਾਬ (ਮੈਂ ਨਾਸਤਿਕ ਕਿਉਂ ਹਾਂ) ਅਤੇ ਤਰਕਸ਼ੀਲ ਮੈਗਜ਼ੀਨ ਜਿੱਤਣ ਵਾਲੀਆ ਟੀਮਾਂ ਅਤੇ ਹਾਜ਼ਰੀਨ ਦਰਸ਼ਕਾਂ ਵਿੱਚ ਵੰਡੇ ਗਏ। ਟੂਰਨਾਮੈਂਟ ਕਮੇਟੀ ਪ੍ਰਬੰਧਕ, ਗ੍ਰਾਮ ਪੰਚਾਇਤ ਚੱਕ ਕਰਮਾਂ ਦੇ ਸਰਪੰਚ ਪਵਨ ਕੁਮਾਰ, ਹਰਨੇਕ ਚੱਕ ਕਰਮਾਂ, ਵਿਜੇ ਕੁਮਾਰ ਦੀ ਟੀਮ ਵੱਲੋ ਤਰਕਸ਼ੀਲ ਸੁਸਾਇਟੀ ਮੈਂਬਰਾਂ ਨੂੰ ਸਨਮਾਨਿਤ ਕੀਤਾ। ਹਾਜ਼ਰ ਲੋਕਾਂ ਵੱਲੋ ਮਿਲੇ ਪਿਆਰ ਅਤੇ ਸਤਿਕਾਰ ਨਾਲ ਤਰਕਸ਼ੀਲ ਸੁਸਾਇਟੀ ਦਾ ਇਲਾਕੇ ਵਿੱਚ ਮਾਣ ਵਧਿਆ ਹੈ।

**ਰਿਪੋਰਟਾਂ : ਹਰਨੇਕ ਚੱਕ ਕਰਮਾਂ**

## ਅੰਮ੍ਰਿਤਸਰ ਇਕਾਈ ਦੀ ਦੂਜੀ ਪਰਿਵਾਰਕ ਮਿਲਣੀ

ਅੰਮ੍ਰਿਤਸਰ ਇਕਾਈ ਵੱਲੋਂ ਵਿਗਿਆਨਕ ਸੋਚ ਆਧਾਰਿਤ ਲੋਕ ਪੱਖੀ ਸਿਹਤਮੰਦ ਸਭਿਆਚਾਰ ਉਸਾਰਨ ਦੇ ਮਕਸਦ ਵਜੋਂ ਸਥਾਨਕ ਆਤਮ ਪਬਲਿਕ ਸਕੂਲ ਇਸਲਾਮਾਬਾਦ ਵਿਖੇ 22 ਫਰਵਰੀ ਨੂੰ ਦੂਜੀ ਤਰਕਸ਼ੀਲ਼ ਪਰਿਵਾਰਕ ਮਿਲਣੀ ਕਰਵਾਈ ਗਈ ਜਿਸ ਵਿੱਚ ਸਮੂਹ ਤਰਕਸ਼ੀਲ ਮੈਂਬਰਾਂ ਦੇ ਪਰਿਵਾਰਾਂ ਨੇ ਭਰਵੀਂ ਸ਼ਮੂਲੀਅਤ ਕੀਤੀ।

ਇਸ ਮੌਕੇ ਸੂਬਾਈ ਮੀਡੀਆ ਮੁਖੀ ਸੁਮੀਤ ਅੰਮ੍ਰਿਤਸਰ ਨੇ ਭਾਰਤੀ ਸਭਿਆਚਾਰ ਨੂੰ ਪਰਿਭਾਸ਼ਤ ਕਰਦਿਆਂ ਪੂੰਜੀਵਾਦੀ ਪ੍ਰਬੰਧ ਅਤੇ ਪੁਜਾਰੀ ਵਰਗ ਦੀ ਸਰਪ੍ਰਸਤੀ ਅਤੇ ਡਰਾਵੇ ਹੇਠ ਸਦੀਆਂ ਤੋਂ ਚਲਦੇ ਰੂੜੀਵਾਦੀ ਰੀਤੀ ਰਿਵਾਜਾਂ ਅਤੇ ਇਨ੍ਹਾਂ ਮੌਕਿਆਂ ’ਤੇ ਕੀਤੀ ਜਾਂਦੀ ਫਜ਼ੂਲ ਖਰਚੀ ਨੂੰ ਆਪਣੇ ਪਰਿਵਾਰਕ ਅਤੇ ਸਮਾਜਿਕ ਸਮਾਗਮਾਂ ’ਚੋਂ ਪੂਰੀ ਤਰ੍ਹਾਂ ਖਤਮ ਕਰਨ ਅਤੇ ਤਰਕਸ਼ੀਲ ਕਦਰਾਂ ਕੀਮਤਾਂ ’ਤੇ ਅਧਾਰਤ ਇਕ ਲੋਕ ਪੱਖੀ ਸਿਹਤਮੰਦ ਸੱਭਿਆਚਾਰ ਉਸਾਰਨ ਦੀ ਲੋੜ ਤੇ ਜ਼ੋਰ ਦਿੱਤਾ।

ਇਸਤੋਂ ਪਹਿਲਾਂ ਇਕਾਈ ਦੇ ਜੱਥੇਬੰਦਕ ਮੁਖੀ ਜਸਪਾਲ ਬਾਸਰਕੇ ਅਤੇ ਵਿੱਤ ਮੁਖੀ ਪ੍ਰਿੰਸੀਪਲ ਮੇਲਾ ਰਾਮ ਨੇ ਅਜਿਹੀਆਂ ਤਰਕਸ਼ੀਲ ਪਰਿਵਾਰਕ ਮਿਲਣੀਆਂ ਕਰਵਾਉਣ ਅਤੇ ਸਿਹਤਮੰਦ ਵਿਚਾਰਾਂ ਦੇ ਆਦਾਨ ਪ੍ਰਦਾਨ ਨੂੰ ਮੌਜੂਦਾ ਸਮਿਆਂ ਦੀ ਅਹਿਮ ਲੋੜ ਕਰਾਰ ਦਿੱਤਾ।

ਇਸ ਮੌਕੇ ਤਰਕਸ਼ੀਲ ਆਗੂਆਂ ਐਡਵੋਕੇਟ ਅਮਰਜੀਤ ਬਾਈ, ਦਮਨਜੀਤ ਕੌਰ ਅਤੇ ਰਾਜ ਕੁਮਾਰ ਵੇਰਕਾ ਨੇ ਕਿਹਾ ਕਿ ਮੌਜੂਦਾ ਸਮਾਜ ਵਿੱਚ ਫੈਲੇ ਅੰਧ ਵਿਸ਼ਵਾਸ ਅਤੇ ਵੇਲਾ ਵਿਹਾ ਚੁੱਕੀਆਂ ਰੂੜੀਵਾਦੀ ਰਸਮਾਂ ਪੁਜਾਰੀ ਵਰਗ ਅਤੇ ਪੂੰਜੀਵਾਦੀ ਪੱਖੀ ਸਭਿਆਚਾਰ ਦੀ ਦੇਣ ਹਨ।

ਇਸ ਮੌਕੇ ਤਰਕਸ਼ੀਲ ਪਰਿਵਾਰਾਂ ਦੇ ਮੈਂਬਰਾਂ ਪੂਨਮ, ਪਿਊਸ਼, ਕਮਲ ਕਿਸ਼ੋਰ, ਹਰਜੀਤ ਕੌਰ, ਆਸ਼ਾ ਰਾਣੀ, ਵੰਦਨਾ,

ਨਵਜੀਤ, ਵੀਨਾ, ਸ਼ਮ੍ਹਾ, ਬਲਜੀਤ ਕੌਰ ਅਤੇ ਖੁਸ਼ਪ੍ਰੀਤ ਕੌਰ ਨੇ ਕਿਹਾ ਕਿ ਤਰਕਸ਼ੀਲ ਸਾਹਿਤ ਅਤੇ ਤਰਕਸ਼ੀਲ ਪਰਿਵਾਰਾਂ ਨਾਲ ਜੁੜ ਕੇ ਹਾਸਿਲ ਕੀਤੀ ਵਿਗਿਆਨਕ ਚੇਤਨਾ ਦੇ ਨਤੀਜੇ ਵਜੋਂ ਉਹ ਆਪਣੀ ਜ਼ਿੰਦਗੀ ਵਿੱਚੋਂ ਹਰ ਤਰ੍ਹਾਂ ਦੀਆਂ ਰੂੜੀਵਾਦੀ ਰਸਮਾਂ ਨੂੰ ਤਿਆਗ ਦੇਣ ਵਿਚ ਸਫ਼ਲ ਹੋਏ ਹਨ।

ਸਮਾਗਮ ਦੇ ਅੰਤ ਵਿੱਚ ਤਰਕਸ਼ੀਲ ਆਗੂ ਦਮਨਜੀਤ ਕੌਰ ਨੇ ਸਮੂਹ ਤਰਕਸ਼ੀਲ ਪਰਿਵਾਰਕ ਮੈਂਬਰਾਂ ਦਾ ਧੰਨਵਾਦ ਕਰਦਿਆਂ ਵੱਧ ਤੋਂ ਵੱਧ ਲੋਕਾਂ ਨੂੰ ਤਰਕਸ਼ੀਲ ਸੁਸਾਇਟੀ ਅਤੇ ਤਰਕਸ਼ੀਲ ਸਾਹਿਤ ਨਾਲ ਜੁੜਨ ਦਾ ਸੱਦਾ ਦਿੱਤਾ। ਇਸ ਮੌਕੇ ਆਤਮ ਪਬਲਿਕ ਸਕੂਲ ਦੇ ਮੁੱਖ ਨਿਰਦੇਸ਼ਕ ਪ੍ਰਤੀਕ ਸਹਿਦੇਵ, ਕਹਾਣੀਕਾਰ ਦੀਪ ਦੇਵਿੰਦਰ, ਹਰਜਿੰਦਰ ਜਲਾਲਪੁਰ, ਹਰੀ ਕ੍ਰਿਸ਼ਨ, ਰਮੇਸ਼ ਕੁਮਾਰ, ਸੁਰੇਸ਼ ਪਠਾਣੀਆਂ, ਅਨਮੋਲ ਸਿੰਘ, ਅਸ਼ਵਨੀ ਕੁਮਾਰ ਆਦਿ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਿੰਸੀਪਲ ਮੈਡਮ ਅੰਕਿਤਾ ਸਹਿਦੇਵ, ਮੈਡਮ ਤ੍ਰਿਪਤਾ, ਮੈਡਮ ਅੰਜੂ ਅਤੇ ਮਾਸਟਰ ਅਨਮੋਲ ਆਦਿ ਹਾਜ਼ਰ ਸਨ।

**ਸੁਮੀਤ ਅੰਮ੍ਰਿਤਸਰ**

## ਜਲ੍ਹਿਆਂਵਾਲਾ ਬਾਗ ਦਾ ਮੂਲ ਸਰੂਪ ਬਹਾਲ ਕਰਨ ਲਈ ਰੋਸ ਮੁਜ਼ਾਹਰਾ

ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਸੁੰਦਰੀਕਰਨ ਅਤੇ ਨਵੀਨੀਕਰਨ ਦੇ ਨਾਮ ਹੇਠ ਜਲ੍ਹਿਆਂਵਾਲਾ ਬਾਗ਼ ਦੇ ਇਤਿਹਾਸਕ ਮੂਲ ਸਰੂਪ ਅਤੇ ਪ੍ਰਮਾਣਿਤ ਤੱਥਾਂ ਨਾਲ ਕੀਤੀ ਗਈ ਸਾਜ਼ਿਸ਼ੀ ਛੇੜਛਾੜ ਦੇ ਖਿਲਾਫ 12 ਅਪ੍ਰੈਲ ਨੂੰ ਜਲ੍ਹਿਆਂਵਾਲਾ ਬਾਗ਼ ਦੇ ਸਾਹਮਣੇ ਰੋਸ ਮੁਜ਼ਾਹਰਾ ਕੀਤਾ ਗਿਆ ਅਤੇ ਕੇਂਦਰ ਤੇ ਪੰਜਾਬ ਸਰਕਾਰ ਤੋਂ ਜਲ੍ਹਿਆਂਵਾਲਾ ਬਾਗ਼ ਦਾ ਮੂਲ ਸਰੂਪ ਬਹਾਲ ਕਰਨ ਦੀ ਜ਼ੋਰਦਾਰ ਮੰਗ ਕੀਤੀ ਗਈ।

ਇਸ ਮੌਕੇ ਸੁਸਾਇਟੀ ਦੇ ਸੂਬਾਈ ਮੀਡੀਆ ਮੁਖੀ ਸੁਮੀਤ ਅੰਮ੍ਰਿਤਸਰ ਨੇ ਜਲ੍ਹਿਆਂਵਾਲਾ ਬਾਗ਼ ਦਾ ਇਤਿਹਾਸਕ ਮੂਲ ਸਰੂਪ ਬਹਾਲ ਕਰਨ ਦੀ ਜ਼ੋਰਦਾਰ ਮੰਗ ਕਰਦਿਆਂ ਕਿਹਾ ਕਿ ਜਲ੍ਹਿਆਂਵਾਲਾ ਬਾਗ਼ ਦੇ ਤੰਗ ਗਲੀ ਦੇ ਲਾਂਘੇ ਵਿੱਚ ਵਿਦਰੋਹ ਕਰਦੇ ਲੋਕਾਂ ਦੀ ਬਜਾਏ ਨੱਚਦੇ ਟੱਪਦੇ ਲੋਕਾਂ ਦੀਆਂ ਮੂਰਤੀਆਂ ਸਥਾਪਤ ਕਰਨਾ, ਫਾਇਰਿੰਗ ਪੁਆਇੰਟ ਦੇ ਪਿੱਲਰ ਨੂੰ ਢਾਹੁਣਾ, ਸ਼ਹੀਦੀ ਲਾਟ ਨੂੰ ਦੂਰ ਤਬਦੀਲ ਕਰਨਾ, ਸ਼ਹੀਦੀ ਸਮਾਰਕ ਸਾਹਮਣੇ ਭਾਜਪਾ ਦਾ ਚੋਣ ਨਿਸ਼ਾਨ ਕਮਲ ਦਾ ਫੁੱਲ ਸਥਾਪਤ ਕਰਨਾ, ਸ਼ਹੀਦੀ ਖੂਹ ਦਾ ਪੁਰਾਤਨ ਸਰੂਪ ਵਿਗਾੜਨਾ, ਗੋਲੀਆਂ ਦੇ ਨਿਸ਼ਾਨ ਜਮੀਨੀ ਲੈਵਲ ਤੋਂ ਹੇਠਾਂ ਰੱਖਣਾ, ਸ਼ਹੀਦੀ ਬਾਗ਼ ਨੂੰ ਪਿਕਨਿਕ ਦਾ ਸਥਾਨ ਬਨਾਉਣ ਆਦਿ ਵਰਗੀਆਂ ਕਾਰਵਾਈਆਂ ਨਾਲ ਬਾਗ਼ ਦੇ ਇਤਿਹਾਸਕ ਪੁਰਾਤਨ ਸਰੂਪ ਨੂੰ ਪੂਰੀ ਤਰਾਂ ਵਿਗਾੜ ਕੇ ਜਿੱਥੇ ਅਮਰ ਸ਼ਹੀਦਾਂ ਦਾ ਅਪਮਾਨ ਕੀਤਾ ਜਾ ਰਿਹਾ ਹੈ ਉੱਥੇ ਹੀ ਬਰਤਾਨਵੀ ਸਾਮਰਾਜ ਵੱਲੋਂ ਕੀਤੇ ਅਣਮਨੁੱਖੀ ਕਤਲੇਆਮ ਦੀਆਂ ਨਿਸ਼ਾਨੀਆਂ ਨੂੰ ਲੋਕ ਮਨਾਂ 'ਚੋਂ ਮਿਟਾਉਣ ਦੀ ਸਾਜ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਤਿੰਨ ਸਾਲ ਪਹਿਲਾਂ ਸਮੂਹ ਜਨਤਕ ਜੱਥੇਬੰਦੀਆਂ ਦੇ ਦਬਾਅ ਕਰਕੇ ਹੀ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਇੱਥੋਂ ਟਿਕਟ ਖਿੜਕੀ ਢਾਂਚਾ ਹਟਾਇਆ ਗਿਆ ਸੀ। ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਸਰਕਾਰ ਵੱਲੋਂ ਇਸ ਕਤਲੇਆਮ ਦੇ 126 ਸਾਲ ਬਾਅਦ ਵੀ ਜਲ੍ਹਿਆਂ ਵਾਲਾ ਬਾਗ਼ ਵਿੱਚ ਸ਼ਹੀਦ ਹੋਏ ਵੱਖ ਵੱਖ ਖੇਤਰਾਂ ਦੇ ਲੋਕਾਂ ਦੀ ਸੂਚੀ ਨਹੀਂ ਲਾਈ ਗਈ ਅਤੇ ਨਾ ਹੀ ਉਨ੍ਹਾਂ ਨੂੰ ਕੌਮੀ ਸ਼ਹੀਦ ਦਾ ਦਰਜਾ ਦਿੱਤਾ ਗਿਆ ਹੈ।

ਇਸ ਮੌਕੇ ਤਰਕਸ਼ੀਲ ਆਗੂਆਂ ਪ੍ਰਿੰ. ਮੇਲਾ ਰਾਮ ਅਤੇ ਦਮਨਜੀਤ ਕੌਰ ਨੇ ਰੌਲਟ ਐਕਟ ਵਾਂਗ ਯੂ.ਏ.ਪੀ.ਏ. ਅਤੇ ਐਨ.ਐਸ.ਏ. ਵਰਗੇ ਬਸਤੀਵਾਦੀ ਕਾਲੇ ਕਾਨੂੰਨ ਰੱਦ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਤਰਕਸ਼ੀਲ ਸੁਸਾਇਟੀ ਪੰਜਾਬ, ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਅਤੇ ਹਮਖਿਆਲੀ ਜਥੇਬੰਦੀਆਂ ਵੱਲੋਂ ਜਲ੍ਹਿਆਂਵਾਲਾ ਬਾਗ਼ ਦਾ ਇਤਿਹਾਸਕ ਮੂਲ ਸਰੂਪ ਬਹਾਲ ਕਰਵਾਉਣ ਲਈ ਪਿਛਲੇ ਚਾਰ ਸਾਲ ਤੋਂ ਰੋਸ ਮੁਜਾਹਰੇ ਕੀਤੇ ਜਾ ਰਹੇ ਹਨ ਅਤੇ ਇਸ ਸਬੰਧੀ ਪ੍ਰਧਾਨ ਮੰਤਰੀ, ਪੰਜਾਬ ਦੇ ਮੁੱਖ ਮੰਤਰੀ ਅਤੇ ਰਾਜਪਾਲ ਨੂੰ ਮੰਗ ਪੱਤਰ ਦਿੱਤੇ ਗਏ ਹਨ ਪਰ ਇਸਦੇ ਬਾਵਜੂਦ ਕੇਂਦਰ ਸਰਕਾਰ ਜਾਂ ਜਲ੍ਹਿਆਂਵਾਲਾ ਬਾਗ਼ ਕੌਮੀ ਯਾਦਗਾਰੀ ਟਰੱਸਟ ਨੇ ਇਸ ਮੁੱਦੇ ਨੂੰ ਸੁਲਝਾਉਣ ਲਈ ਕੋਈ ਪਹਿਲਕਦਮੀ ਕਰਨ ਦੀ ਕੋਸ਼ਿਸ਼ ਨਹੀਂ ਕੀਤੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਤਰਕਸ਼ੀਲ ਆਗੂ ਰਾਜ ਕੁਮਾਰ ਵੇਰਕਾ, ਹਰਜਿੰਦਰ ਜਲਾਲਪੁਰ, ਰਮੇਸ਼ ਕੁਮਾਰ, ਪਰਮਜੀਤ ਸਿੰਘ, ਅਨਮੋਲ ਸਿੰਘ, ਸੁਰੇਸ਼ ਪਠਾਣੀਆਂ, ਹਰਜੀਤ ਕੌਰ, ਖੁਸ਼ਪ੍ਰੀਤ ਕੌਰ ਨੇ ਵੀ ਜਲ੍ਹਿਆਂਵਾਲਾ ਬਾਗ਼ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਸ਼ਹੀਦ ਊਧਮ ਸਿੰਘ ਅਤੇ ਸ਼ਹੀਦਾਂ ਨੂੰ ਕੌਮੀ ਸ਼ਹੀਦ ਦਾ ਦਰਜਾ ਦੇਣ ਦੀ ਮੰਗ ਕੀਤੀ।

**ਸੁਮੀਤ ਸਿੰਘ**

## ਚੰਡੀਗੜ੍ਹ ਜੋਨ ਦੀ ਵਰਕਸ਼ਾਪ

"ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸ਼ੁਰੂਆਤੀ ਦਿਨਾਂ ਵਿੱਚ ਜਥੇਬੰਦੀ ਨਾਲ ਜੁੜਕੇ ਤਰਕਸ਼ੀਲ ਕਾਫਲੇ ਦੇ ਸੰਗ ਤੁਰਨ ਵਾਲਾ ਮੈਂਬਰ ਸ਼ਾਇਦ ਹੀ ਕੋਈ 40 ਸਾਲ ਤੋਂ ਵੱਧ ਉਮਰ ਵਾਲਾ ਹੋਵੇ। ਅੱਜ ਫਿਰ ਸਾਨੂੰ ਨੌਜਵਾਨਾਂ ਨੂੰ ਜਥੇਬੰਦੀ ਨਾਲ ਜੋੜਨ ਲਈ ਜੋਰਦਾਰ ਕੋਸ਼ਿਸ਼ਾਂ ਕਰਨ ਦੀ ਲੋੜ ਹੈ। " ਇਹ ਵਿਚਾਰ ਡਾ. ਰਾਜਿੰਦਰ ਪਾਲ, ਸਾਬਕਾ ਮੁੱਖ-ਸੰਪਾਦਕ ਤਰਕਸ਼ੀਲ ਮੈਗਜ਼ੀਨ ਨੇ ਜੋਨ ਚੰਡੀਗੜ੍ਹ ਦੀ ਵਰਕਸ਼ਾਪ ਵਿਚ ਮੈਬਰਾਂ ਨੂੰ ਸੰਬੋਧਨ ਕਰਦੇ ਹੋਏ ਪ੍ਰਗਟ ਕੀਤੇ।

ਜੋਨ ਦੇ ਜਥੇਬੰਦਕ ਮੁਖੀ ਅਜੀਤ ਪ੍ਰਦੇਸੀ ਦੀ ਅਗਵਾਈ ਵਿਚ ਪੈਨਸ਼ਨਰ ਭਵਨ ਫਤਿਹਗੜ੍ਹ ਸਾਹਿਬ ਵਿਖੇ "ਨੌਜਵਾਨ ਤਰਕਸ਼ੀਲ ਲਹਿਰ ਨਾਲ ਕਿਵੇਂ ਜੁੜਣ" ਵਿਸ਼ੇ 'ਤੇ ਰੱਖੀ ਗਈ ਵਰਕਸ਼ਾਪ ਵਿਚ ਡਾ: ਰਾਜਿੰਦਰ ਪਾਲ ਮੁੱਖ ਬੁਲਾਰੇ ਸਨ। ਉਨ੍ਹਾਂ ਨੇ ਆਪਣੇ ਲਗਭਗ ਇਕ ਘੰਟੇ ਦੇ ਸੰਬੋਧਨ ਵਿੱਚ ਕਿਹਾ ਕਿ ਨੌਜਵਾਨ ਸਾਡੇ ਪਾਸ ਨਹੀਂ ਆਉਣਗੇ, ਸਾਨੂੰ ਉਹਨਾ ਪਾਸ ਜਾਣਾ ਪੈਣਾ ਹੈ। ਤਰਕਸ਼ੀਲ ਸੁਸਾਇਟੀ ਦਾ ਚੇਤਨਾ ਪਰਖ ਪ੍ਰੀਖਿਆ ਰਾਹੀਂ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਜਥੇਬੰਦੀ ਨਾਲ ਜੋੜਨ ਦਾ ਇਕ ਸ਼ਲਾਘਾਯੋਗ ਉੱਦਮ ਹੈ। ਪਰ ਇਸ ਪ੍ਰੀਖਿਆ ਤੋਂ ਬਾਅਦ ਵਿਦਿਆਰਥੀਆਂ ਨਾਲ ਸੰਪਰਕ ਜਾਰੀ ਰੱਖਣਾ, ਪ੍ਰੀਖਿਆ ਦੇ ਆਯੋਜਨ ਤੋਂ ਵੀ ਵੱਧ ਮਹੱਤਵਪੂਰਨ ਹੈ, ਜਿਸ ਵਿਚ ਅਸੀਂ ਅਵੇਸਲੇ ਰਹਿ ਜਾਂਦੇ ਹਾਂ। ਸਾਡੇ ਫਾਲੋਅੱਪ ਵਿਚ ਸੁਧਾਰ ਕਰਨ ਦੀ ਜਰੂਰਤ ਹੈ। ਸਾਨੂੰ ਖਾਸ ਤੌਰ 'ਤੇ ਨੌਜਵਾਨਾਂ ਨੂੰ ਦਰਪੇਸ਼ ਚੁਣੌਤੀਆਂ ਨਾਲ ਸਬੰਧਤ ਮਸਲੇ ਲੈਣੇ ਪੈਣਗੇ। ਤਰਕਸ਼ੀਲ ਲੀਡਰਸ਼ਿਪ ਨੂੰ ਵੀ ਜਥੇਬੰਦੀ ਵਿਚ ਨੌਜਵਾਨਾਂ ਨੂੰ ਜਿੰਮੇਂਵਾਰੀ ਦੇਣ ਲਈ ਠੋਸ ਕਦਮ ਚੁੱਕਣ ਲਈ ਉਪਰਾਲੇ ਕਰਨੇ ਪੈਣਗੇ। ਜਿਵੇਂ ਤੀਹ ਸਾਲ ਤੋਂ ਘੱਟ ਉਮਰ ਦੇ ਮੈਬਰਾਂ ਲਈ ਸੂਬਾ ਅਤੇ ਜੋਨ ਪੱਧਰ 'ਤੇ ਕੁਝ ਅਹੁਦੇ ਰਾਖਵੇਂ ਕੀਤੇ ਜਾ ਸਕਦੇ ਹਨ।

ਇਸ ਜੋਨ ਪੱਧਰੀ ਵਰਕਸ਼ਾਪ ਦਾ ਪ੍ਰਬੰਧ ਇਕਾਈ ਸਰਹਿੰਦ ਅਤੇ ਬਸੀ ਪਠਾਣਾ ਵਲੋਂ ਸਾਂਝੇ ਤੌਰ 'ਤੇ ਕੀਤਾ ਗਿਆ ਸੀ। ਬਾਅਦ ਵਿਚ ਸਵਾਲ ਜਵਾਬ ਸ਼ੈਸ਼ਨ ਵਿੱਚ ਕੁਲਵਿੰਦਰ ਨਗਾਰੀ, ਪ੍ਰਿੰ. ਖਰੜ ਗੁਰਮੀਤ, ਡਾ: ਮਜੀਦ ਆਜ਼ਾਦ, ਹਰਵੀਰ ਗਾਂਧੀ, ਗੁਰਸੇਵਕ ਸਿੰਘ, ਦਿਲਬਾਰਾ ਸਿੰਘ ਵੱਲੋਂ ਪੁੱਛੇ ਗਏ ਸਵਾਲਾਂ ਦਾ ਜਵਾਬ ਦਿੰਦੇ ਹੋਏ ਰਾਜਿੰਦਰ ਪਾਲ ਨੇ ਕਿਹਾ ਕਿ ਸਾਨੂੰ ਧਾਰਮਿਕ ਲੋਕਾਂ ਵਾਂਗ ਕੱਟੜ ਨਹੀ ਬਣਨਾ ਚਾਹੀਦਾ। ਸਮਤੋਲ ਬਣਾਕੇ ਚਲਣ ਦੀ ਲੋੜ ਹੈ। ਪਰ ਆਪਣੀ ਵਿਚਾਰਧਾਰਾ ਵਿੱਚ ਕਾਣ ਨਹੀਂ ਪੈਣੀ ਚਾਹੀਦੀ।

ਵਰਕਸ਼ਾਪ ਵਿਚ ਮਾਸਟਰ ਹਰਜੀਤ ਤਰਖਾਣ ਮਾਜਰਾ ਨੇ ਮੈਂਬਰਾਂ ਨੂੰ ਜੀ ਆਇਆ ਕਿਹਾ, ਬਲਦੇਵ ਜਲਾਲ ਨੇ ਧੰਨਵਾਦ ਕੀਤਾ ਅਤੇ ਪ੍ਰਿੰ. ਖਰੜ ਗੁਰਮੀਤ ਨੇ ਡਾ: ਰਾਜਿੰਦਰ ਪਾਲ ਦੀ ਜਾਣ-ਪਛਾਣ ਕਰਵਾਈ। ਵਰਕਸ਼ਾਪ ਵਿਚ ਪਟਿਆਲੇ ਤੋਂ ਰਾਮ ਕੁਮਾਰ, ਜੋਨ ਆਗੂ ਸੰਦੀਪ ਬਸੀ ਪਠਾਣਾ, ਸੈਲਿੰਦਰ ਸੁਹਾਲੀ, ਅਸ਼ੋਕ ਕੁਮਾਰ ਰੋਪੜ, ਸੁਰਜੀਤ ਮੁਹਾਲੀ, ਹਰਨੇਕ ਸਿੰਘ ਨੰਗਲ, ਕ੍ਰਿਸ਼ਨ ਰਾਹੀ, ਭੁਪਿੰਦਰ ਮਦਨਹੇੜੀ, ਪ੍ਰਿੰ: ਕਰਨੈਲ ਸਿੰਘ ਸਮੇਤ ਜੋਨ ਦੀਆ ਅੱਠ ਇਕਾਈਆਂ ਤੋਂ ਲਗਭਗ 50 ਮੈਂਬਰ ਸ਼ਾਮਲ ਹੋਏ। ਸਟੇਜ ਦਾ ਸੰਚਾਲਨ ਜੋਨ ਜਥੇਬੰਦਕ ਮੁਖੀ ਅਜੀਤ ਪ੍ਰਦੇਸੀ ਨੇ ਬਾਖੂਬੀ ਨਿਭਾਇਆ।

ਪ੍ਰਿੰ. ਖਰੜ ਗੁਰਮੀਤ
ਜੋਨ ਮੀਡੀਆ ਵਿਭਾਗ ਮੁਖੀ

---

### ਸਹਾਇਤਾ

**ਜ਼ੋਨ ਚੰਡੀਗੜ੍ਹ**

1. ਇਕਾਈ ਨੰਗਲ ਦੇ ਜਥੇਬੰਦਕ ਮੁਖੀ ਹਰਨੇਕ ਸਿੰਘ ਜੀ ਵੱਲੋਂ 1000 ਰੁਪਏ
2. ਜਰਨੈਲ ਕਰਾਂਤੀ ਜੀ ਵੱਲੋਂ ਆਵਦੇ ਜਨਮ ਦਿਨ ਮੌਕੇ ਇਕਾਈ ਮੋਹਾਲੀ ਅਤੇ ਜ਼ੋਨ ਚੰਡੀਗੜ੍ਹ ਨੂੰ 1000-1000 ਰੁਪਏ ਸਹਾਇਤਾ ਦਿੱਤੀ ਗਈ।

**ਮੈਗਜ਼ੀਨ ਸਹਾਇਤਾ**

1. ਸ਼੍ਰੀ ਮੂਲ ਰਾਜ, ਇਕਾਈ ਬਠਿੰਡਾ ਵੱਲੋਂ 500 ਰੁਪਏ

---

## ਪਾਠਕ ਪ੍ਰਤੀਕਰਮ

ਇਸ ਵਾਰ ਤਰਕਸ਼ੀਲ ਮੈਗਜ਼ੀਨ ਦਾ ਸੰਪਾਦਕੀ ਬਾਕਮਾਲ ਲੱਗਿਆ। ਕਮਿਊਨਿਸਟ ਮੈਨੀਫੈਸਟੋ ਵਿੱਚੋਂ ਲਏ ਗਏ ਮਹੱਤਵਪੂਰਨ ਹਵਾਲੇ ਵਰਤਦੇ ਹੋਏ, ਕਿਸੇ ਰਸੂਖਵਾਨ ਡੇਰੇਦਾਰ (ਨਾਮ ਲਏ ਬਗੈਰ) ਦੇ ਡਿਗਦੇ ਮਿਆਰ/ਸਤਿਕਾਰ/ਧੌਂਸ ਨੂੰ ਬੜੇ ਹੀ ਕਲਾਤਮਕ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਭਾਸ਼ਾ ਦੇ ਮਿਆਰ ਦਾ ਖ਼ਾਸ ਖ਼ਿਆਲ ਰੱਖਿਆ ਗਿਆ ਹੈ ਜਿਸ ਵਿਚ ਉਲਾਰ ਤੋਂ ਪ੍ਰਹੇਜ਼ ਚੰਗਾ ਲੱਗਿਆ। ਇਹ ਸੰਪਾਦਕੀ ਬਾਖੂਬੀ ਦਰਸਾਉਂਦਾ ਹੈ ਕਿ ਕਿਵੇਂ ਬੁਰਜੂਆਜ਼ੀ ਦੀ ਆਮਦ ਨਾਲ ਲੋਟੂ ਪ੍ਰਬੰਧ ਅਤੇ ਇਸਦੇ ਅਲੰਬਰਦਾਰਾਂ ਦੀਆਂ ਜਗੀਰੂ ਪ੍ਰਵਿਰਤੀਆਂ ਬੇਨਕਾਬ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ ਅਤੇ ਹਰ ਸਤਿਕਾਰਤ ਕਿੱਤਾ ਨਿੱਜੀ ਮੁਫਾਦਾਂ ਵਿਚ ਤਬਦੀਲ ਹੁੰਦਾ ਜਾਂਦਾ ਹੈ।

ਸਮੂਹ ਸੰਪਾਦਕੀ ਟੀਮ ਨੂੰ ਮੁਬਾਰਕਬਾਦ।

**-ਜਸਕਰਨ**
**ਰਾਮਗੜ੍ਹੀਆ ਕਾਲਜ ਫਗਵਾੜਾ**

# ਪਾਠਕ ਪ੍ਰਤੀਕਰਮ

ਤਰਕਸ਼ੀਲ ਦਾ ਮਾਰਚ ਅਪ੍ਰੈਲ ਅੰਕ ਪੜ੍ਹਿਆ। 'ਫੁੱਲ ਬਾਡੀ ਟੈਸਟ...' ਲੇਖ ਆਮ ਲੋਕਾਂ ਦੀਆਂ ਅੱਖਾਂ ਖੋਹਲਦਾ ਹੈ। ਸਸਤੇ ਪੈਕੇਜ ਦੇ ਨਾਂ ਤੇ ਲੋਕ ਜਿੱਥੇ ਬੇਲੋੜੇ ਟੈਸਟ ਕਰਵਾਉਂਦੇ ਹਨ, ਉੱਥੇ ਨਾਲ ਹੀ ਆਰਥਿਕ ਸ਼ੋਸ਼ਣ ਦਾ ਸ਼ਿਕਾਰ ਬਣਦੇ ਹਨ। ਕੁਲਦੀਪ ਸਿੰਘ ਦੀਪ ਦੀ ਰਚਨਾ 'ਗੌਰ ਪਿਆ ਕੋਈ ਹੋਰ...' ਫਿਰਕੂ ਸਿਆਸੀ ਤਾਕਤਾਂ ਦੀਆਂ ਮਾਰੂ ਨੀਤੀਆਂ ਨੂੰ ਚੌਰਾਹੇ ਭੰਡਦਾ ਹੈ। ਕੰਵਲ ਧਾਲੀਵਾਲ ਦੀ ਰਚਨਾ 'ਧਰਮ ਬਨਾਮ ਵਿਗਿਆਨ' ਤੇ ਅਵਤਾਰ ਗੋਂਦਾਰਾ ਦੀ ਰਚਨਾ 'ਕੀ ਰੱਬ ਬਿਨਾਂ ਸਦਾਚਾਰ ਨਹੀਂ ਹੋਵੇਗਾ' ਪ੍ਰਭਾਵਸ਼ਾਲੀ ਸਨ। 23 ਮਾਰਚ ਦੇ ਮਹਾਨ ਸ਼ਹੀਦਾਂ ਭਗਤ ਸਿੰਘ ਤੇ ਅਵਤਾਰ ਪਾਸ਼ ਬਾਰੇ ਪ੍ਰਕਾਸ਼ਿਤ ਲਿਖਤਾਂ ਚੰਗੀਆਂ ਲੱਗੀਆਂ। 'ਵੀਰਵਾਰ ਵੀ ਸੂਰਜ ਚੜ੍ਹਦਾ ਹੈ', 'ਪਹਿਲੇ ਕੰਪਿਊਟਰ ਤੋਂ ਏ.ਆਈ. ਤੱਕ ਦਾ ਸਫ਼ਰ', ਕੇਸ ਰਿਪੋਰਟ 'ਤੇ ਮੁੰਡਾ ਬੋਲ ਪਿਆ', ਧਾਰਮਿਕ ਕਰਮ ਕਾਂਡ ਵਿਚ ਫਸੇ ਨੌਜਵਾਨ, ਤੋਂ ਇਲਾਵਾ ਪੁਸਤਕ ਚਰਚਾ 'ਕ੍ਰਮ ਵਿਕਾਸ ਦਾ ਵਿਗਿਆਨ...' ਜਾਣਕਾਰੀ ਭਰਪੂਰ ਲਿਖਤਾਂ ਸਾਬਤ ਹੋਈਆਂ। ਸ਼ੁਰੂਆਤੀ ਲੇਖ 'ਡਾਕਟਰ, ਜਿਸਨੇ ਬੱਚਿਆਂ ਦੀ...' 'ਕਾਕੇ ਦਾ ਬਾਪੂ' 'ਜਦੋਂ ਆਈਨਸਟਾਈਨ ਨੇ...' ਆਦਿ ਰਚਨਾਵਾਂ ਦੇ ਲੇਖਕਾਂ ਦੇ ਨਾਂ ਨਹੀਂ ਪ੍ਰਕਾਸ਼ਿਤ ਕੀਤੇ ਗਏ। ਨਾਂ ਜਰੂਰ ਛਾਪਣਾ ਚਾਹੀਦਾ ਹੈ ਜਾਂ ਰਚਨਾ ਦੇ ਸਰੋਤ ਬਾਰੇ ਜਾਣਕਾਰੀ ਜਰੂਰ ਦੇਣੀ ਚਾਹੀਦੀ ਹੈ। ਪਿਛਲੇ ਅੰਕ ਵਿਚ ਇੱਕ ਲੇਖਕ ਦੀਆਂ ਇਕੱਠੀਆਂ ਈ ਪੰਜ ਰਚਨਾਵਾਂ ਤੇ ਹਥਲੇ ਅੰਕ ਵਿਚ ਦੋ ਰਚਨਾਵਾਂ ਛਾਪੀਆਂ ਗਈਆਂ। ਇੱਕ ਅੰਕ ਵਿਚ ਇੱਕ ਲੇਖਕ ਦੀ ਇੱਕ ਰਚਨਾ ਦੇ ਸਿਧਾਂਤ 'ਤੇ ਅਮਲੀ ਤੌਰ 'ਤੇ ਪਹਿਰਾ ਦੇਣਾ ਚਾਹੀਦਾ ਹੈ ਤਾਂ ਜੋ ਹੋਰਨਾਂ ਲੇਖਕਾਂ ਨੂੰ ਵੀ ਛਪਣ ਦਾ ਮੌਕਾ ਮਿਲ ਸਕੇ ਤਾਂ ਜੋ ਰਚਨਾਵਾਂ ਦੀ ਵੰਨ-ਸੁਵੰਨਤਾ ਦਾ ਪਸਾਰਾ ਵੀ ਹੋ ਸਕੇ।

**- ਬੂਟਾ ਸਿੰਘ ਵਾਕਫ਼**

**98762 24461**

ਮੈਗਜ਼ੀਨ ਨੂੰ ਐਨੇ ਧਿਆਨ ਨਾਲ ਪੜ੍ਹ ਕੇ ਟਿੱਪਣੀ ਕਰਨ ਲਈ ਤੁਹਾਡਾ ਬਹੁਤ ਬਹੁਤ ਧੰਨਵਾਦ। ਪੰਜਾਬੀ ਵਿੱਚ ਗਿਆਨ ਵਿਗਿਆਨ ਦੇ ਵਿਸ਼ਿਆਂ ਉਪਰ ਲਿਖਣ ਵਾਲੇ ਲੇਖਕਾਂ ਦੀ ਬਹੁਤ ਘਾਟ ਹੈ। ਇਸ ਕਰਕੇ ਇੱਕ ਲੇਖਕ ਦੀ ਇੱਕ ਰਚਨਾ ਛਪਣ ਨੂੰ ਲਾਗੂ ਨਹੀਂ ਕੀਤਾ ਜਾ ਸਕਦਾ। ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਵੱਧ ਲੇਖਕਾਂ ਨੂੰ ਇਸ ਨਾਲ ਜੋੜਿਆ ਜਾਵੇ ਪਰ ਇਸ ਲਈ ਲਿਖਤ ਦੇ ਮਿਆਰ ਨਾਲ ਸਮਝੌਤਾ ਨਹੀਂ ਕੀਤਾ ਜਾ ਸਕਦਾ। **-ਸੰਪਾਦਕੀ ਬੋਰਡ**

ਮੈਂ ਲੰਮੇ ਅਰਸੇ ਤੋਂ ਤਰਕਸ਼ੀਲ ਮੈਗਜ਼ੀਨ ਦਾ ਪਾਠਕ ਹਾਂ। ਇਸ ਮੈਗਜ਼ੀਨ ਨੇ ਸ਼ੁਰੂ ਤੋਂ ਲੈ ਕੇ ਅੱਜ ਤੱਕ ਮਾਨਵੀ ਕਦਰਾਂ ਕੀਮਤਾਂ ਦੇ ਪਾਸਾਰ ਅਤੇ ਇੱਕ ਸਿਹਤਮੰਦ ਸਮਾਜ ਸਿਰਜਣ ਦੀ ਆਪਣੀ ਵਚਨਬੱਧਤਾ ਉੱਤੇ ਲਗਾਤਾਰ ਪਹਿਰਾ ਦਿੱਤਾ ਹੈ । ਉਝ ਤਾਂ ਇਸ ਦਾ ਹਰ ਅੰਕ ਹੀ ਕਾਬਲੇ ਗੌਰ ਹੁੰਦਾ ਹੈ ਲੇਕਿਨ ਮਾਰਚ ਅਪ੍ਰੈਲ 2026 ਦੇ ਅੰਕ ਨੇ ਇੱਕ ਜਿੰਮੇਂਵਾਰ ਸ਼ਹਿਰੀ ਹੋਣ ਵਜੋਂ ਮੈਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਮੈਨੂੰ ਲੱਗਦਾ ਹੈ ਕਿ ਇਸ ਅੰਕ ਦੇ ਛਪਣ ਨਾਲ ਇਸ ਮੈਗਜ਼ੀਨ ਨੇ ਆਪਣੀਆਂ ਖ਼ੁਦ ਦੀਆਂ ਬਣਾਈਆਂ ਕੁਝ ਹੱਦਾਂ ਨੂੰ ਤੋੜ ਕੇ ਪੰਜਾਬੀ ਸਾਹਿਤ ਦੀ ਵਿਰਾਸਤ ਵਿੱਚੋਂ ਮਿਲਦੀ ਤਰਕਸ਼ੀਲਤਾ ਦੀ ਤਾਸੀਰ ਨੂੰ ਵੀ ਪਹਿਚਾਣਿਆ ਹੈ।

'ਗ਼ੌਰ ਪਿਆ ਕੋਈ ਹੋਰ' ਡਾ. ਕੁਲਦੀਪ ਸਿੰਘ ਦੀਪ ਦਾ ਆਰਟੀਕਲ ਇਸ ਅੰਕ ਦਾ ਹਾਸਲ ਹੈ ਜੋ ਮੌਜੂਦਾ ਭਾਰਤੀ ਰਾਜਨੀਤੀ ਦੀ ਫਿਰਕਾਪ੍ਰਸਤੀ ਵਾਲੀ ਸੋਚ ਨੂੰ ਇੱਕ ਵੱਡੀ ਵੰਗਾਰ ਪਾਉਂਦਾ ਹੈ। ਵਿਦਿਆਰਥੀਆਂ ਤੇ ਪਾਠਕਾਂ ਨੂੰ ਕੰਪਿਊਟਰ ਤੇ ਏ.ਆਈ. ਤੱਕ ਦੇ ਪ੍ਰਭਾਵਾਂ, ਹਾਸਲਾਂ ਅਤੇ ਕਮਜ਼ੋਰੀਆਂ ਤੋਂ ਵਾਕਫ ਕਰਵਾਉਂਦੇ ਲੇਖ ਵੀ ਅਕਸਰ ਇਸ ਮੈਗਜ਼ੀਨ ਵਿੱਚ ਛਪਦੇ ਰਹਿੰਦੇ ਹਨ।'ਕੀ ਰੱਬ ਬਿਨਾਂ ਸਦਾਚਾਰ ਨਹੀਂ ਹੋਵੇਗਾ', ਇਹ ਸਵਾਲ ਅਕਸਰ ਲੋਕ ਮਨਾਂ ਵਿੱਚ ਗੂੰਜਦਾ ਰਹਿੰਦਾ ਹੈ। ਸਦਾਚਾਰ ਦਾ ਰੱਬ ਦੀ ਹੋਂਦ ਨਿਹੋਂਦ ਨਾਲ ਕੋਈ ਸਬੰਧ ਨਹੀਂ ਇਹ ਮਨੁੱਖ ਦੀ ਸਮਾਜਿਕ ਜਰੂਰਤ ਹੈ। ਇਸ ਲੇਖ ਦੇ ਲੇਖਕ ਨੇ ਇਸ ਨਵੇਕਲੇ ਵਿਸ਼ੇ ਨੂੰ ਹੱਥ ਪਾ ਕੇ ਸ਼ਲਾਘਾਯੋਗ ਕਾਰਜ ਕੀਤਾ ਹੈ । 'ਧਰਮ ਬਨਾਮ ਵਿਗਿਆਨ' ਲੇਖ ਵਿੱਚ ਕੰਵਲ ਧਾਲੀਵਾਲ ਨੇ ਬੜੀ ਸਾਰਥਕ ਤੇ ਡੂੰਘੀ ਚਰਚਾ ਇਸ ਵਿਸ਼ੇ 'ਤੇ ਕੀਤੀ ਹੈ । ਅਕਸਰ ਵਿਗਿਆਨ ਨੂੰ ਚੁਣੌਤੀ ਦੇਣ ਵਾਲੇ ਧਾਰਮਿਕ ਲੋਕ ਆਪੋ ਆਪਣੇ ਧਰਮ ਨੂੰ ਵਿਗਿਆਨਕ ਸਿੱਧ ਕਰਨ ਦਾ ਯਤਨ ਕਰਦੇ ਰਹਿੰਦੇ ਹਨ। ਇਹ ਵਿਰੋਧਾਭਾਸ ਦੱਸਦਾ ਹੈ ਕਿ ਵਿਗਿਆਨ ਇਕ ਚੰਗੀ ਤੇ ਅਪਣਾਉਣ ਯੋਗ ਚੀਜ਼ ਹੈ। 'ਤੁਸੀਂ ਕਿੰਨੀ ਦੂਰ ਦੇਖ ਸਕਦੇ ਹੋ?' ਰਣਧੀਰ ਗਿੱਲਪੱਤੀ ਨੇ ਵਿਗਿਆਨਕ ਨਜ਼ਰੀਏ ਤੋਂ ਇਸ ਵਿਸ਼ੇ ਨੂੰ ਨਜਿੱਠਣ ਦੀ ਕੋਸ਼ਿਸ਼ ਕੀਤੀ ਹੈ। ਮੈਂ ਸਾਰੀ ਹੀ ਸੰਪਾਦਕੀ ਟੀਮ ਨੂੰ ਅਜਿਹਾ ਗੌਰਵਮਈ ਉਪਰਾਲਾ ਕਰਨ ਦੀ ਵਧਾਈ ਦਿੰਦਾ ਹਾਂ। ਤਰਕਸ਼ੀਲ ਤੇ ਵਿਗਿਆਨਕ ਪੱਤਰਕਾਰਤਾ ਦਾ ਜਦੋਂ ਇਤਿਹਾਸ ਲਿਖਿਆ ਜਾਏਗਾ ਤਾਂ ਇਸ ਮੈਗਜ਼ੀਨ ਦੀ ਮੋਹਰੀ ਭੂਮਿਕਾ ਦੀ ਗੱਲ ਜਰੂਰ ਕੀਤੀ ਜਾਵੇਗੀ।

**- ਡਾ ਰਾਮ ਮੂਰਤੀ**

**(ਸੰਪਾਦਕ : ਆਪਣੀ ਅਵਾਜ਼ ਮੈਗਜ਼ੀਨ)**

**ਮੱਲ੍ਹੀਆਂ ਖੁਰਦ (ਨਕੋਦਰ)**

# ਬੰਨ੍ਹ ਲਾਇਆਂ ਹਰ ਛੱਲ ਨਹੀਂ ਰੁਕਦੀ




ਪਾਠਕਾਂ ਨੂੰ ਤਰਕਸ਼ੀਲ ਦੇ ਨਵੰਬਰ-ਦਸੰਬਰ 2025 ਅੰਕ ਦਾ ਟਾਈਟਲ ਯਾਦ ਹੋਵੇਗਾ ਜਿਸ ਵਿੱਚ ਯੂਰਪੀ ਦੇਸ਼ਾਂ ਦੇ ਸੰਵੇਦਨਸ਼ੀਲ ਲੋਕ ਜਹਾਜਾਂ ਦੇ ਕਾਫ਼ਲੇ ਰਾਹੀਂ ਗਾਜ਼ਾ ਦੇ ਪੀੜਤ ਲੋਕਾਂ ਲਈ ਸਹਾਇਤਾ ਸਮੱਗਰੀ ਲੈ ਕੇ ਜਾ ਰਹੇ ਹਨ। ਇਸ ਕਾਫ਼ਲੇ ਨੂੰ ਇਜ਼ਰਾਇਲ ਦੀ ਜਲ ਸੈਨਾ ਨੇ ਰੋਕ ਲਿਆ ਸੀ ਅਤੇ ਕਾਫ਼ਲੇ ਵਿੱਚ ਸ਼ਾਮਿਲ ਵਲੰਟੀਅਰਾਂ ਨੂੰ ਗ੍ਰਿਫਤਾਰ ਕਰ ਲਿਆ ਸੀ, ਪਰ ਕੌਮਾਂਤਰੀ ਦਬਾਅ ਪੈਣ ਕਰਕੇ ਕੁਝ ਦਿਨਾਂ ਬਾਅਦ ਉਹਨਾਂ ਨੂੰ ਰਿਹਾ ਕਰਨਾ ਪਿਆ ਸੀ।

ਇਹ ਗੱਲ ਸਤੰਬਰ-ਅਕਤੂਬਰ 2025 ਦੀ ਹੈ।

ਪਰ ਕੀ ਇਹ ਸਿਰਫ ਰਸਮੀ ਕਾਰਵਾਈ ਹੀ ਸੀ? ਬਈ ਇੱਕ ਵਾਰ ਜਾ ਆਏ ਖਬਰਾਂ ਲੱਗ ਗਈਆਂ ਅਤੇ ਫਿਰ ਚੁੱਪ ਕਰਕੇ ਬੈਠ ਗਏ।

ਨਹੀਂ, ਜਿਨਾਂ ਦੇ ਸੀਨੇ ਵਿੱਚ ਸੱਚੀਂ ਦਾ ਦਰਦ ਹੁੰਦਾ ਹੈ, ਉਹ ਚੁੱਪ ਕਰਕੇ ਨਹੀਂ ਬੈਠਦੇ।

ਉਸ ਕੋਸ਼ਿਸ਼ ਤੋਂ ਤੁਰੰਤ ਬਾਅਦ ਹੀ ਉਹਨਾਂ ਨੇ ਇਸ ਮੁਹਿੰਮ ਨੂੰ ਮੁੜ ਜਥੇਬੰਦ ਕਰਨ ਦਾ ਕੰਮ ਵਿੱਢ ਦਿੱਤਾ ਅਤੇ ਬਸੰਤ ਰੁੱਤ ਦਾ ਮਿਸ਼ਨ ਐਲਾਨ ਦਿੱਤਾ, ਜੋ ਹੁਣ 15 ਅਪ੍ਰੈਲ ਨੂੰ ਸਪੇਨ ਦੀ ਬੰਦਰਗਾਹ ਬਾਰਸੀਲੋਨਾ ਤੋਂ ਚੱਲ ਪਿਆ ਹੈ। ਇਸ ਵਾਰ ਪਹਿਲਾਂ ਨਾਲੋਂ ਦੁਗਣੇ ਲੋਕ ਜਾ ਰਹੇ ਹਨ। ਜੇ ਪਹਿਲੇ ਕਾਫਲੇ ਵਿੱਚ 40 ਜਹਾਜ/ਕਿਸ਼ਤੀਆਂ ਅਤੇ 500 ਵਿਅਕਤੀ ਸਨ ਤਾਂ ਇਸ ਵਾਰ 70 ਜਹਾਜਾਂ ਵਿੱਚ 1000 ਵਿਅਕਤੀ ਜਾ ਰਹੇ ਹਨ। ਇਸ ਸਹਾਇਤਾ ਮੁਹਿੰਮ ਦਾ ਮਕਸਦ ਕੇਵਲ ਖਾਣਾ, ਦਵਾਈਆਂ ਜਾਂ ਹੋਰ ਜਰੂਰੀ ਵਸਤਾਂ ਪਹੁੰਚਾਉਣਾ ਹੀ ਨਹੀਂ ਹੈ, ਬਲਕਿ ਇਸ ਰਾਹੀਂ ਡਾਕਟਰ, ਨਰਸਾਂ, ਮਨੁੱਖੀ ਅਧਿਕਾਰ ਕਾਰਕੁੰਨ, ਮੁੜ ਉਸਾਰੀ ਵਿੱਚ ਸਹਾਇਤਾ ਕਰਨ ਵਾਲੇ ਵਲੰਟੀਅਰ ਵੀ ਜਾ ਰਹੇ ਹਨ ਜੋ ਉਥੇ ਉਤਰ ਕੇ ਫਲਸਤੀਨੀ ਲੋਕਾਂ ਦੀ ਸਹਾਇਤਾ, ਬਿਮਾਰਾਂ ਦੀ ਦੇਖਭਾਲ, ਉਨ੍ਹਾਂ ਉੱਤੇ ਹੁੰਦੇ ਜ਼ੁਲਮਾਂ ਲਈ ਢਾਲ ਬਣਨ ਅਤੇ ਜੀਵਨ ਦੀ ਮੁੜ ਬਹਾਲੀ ਲਈ ਕੰਮ ਕਰਨਗੇ।

ਇਹ ਕੋਈ ਰਸਮੀ ਜਾਂ ਸੁਰੱਖਿਅਤ ਯਾਤਰਾ ਨਹੀਂ ਹੈ। ਪਿਛਲੀ ਵਾਰ ਇਸ ਕਾਫ਼ਲੇ ਦੇ ਕੁਝ ਜਹਾਜਾਂ ਉੱਤੇ ਡ੍ਰੋਨ ਹਮਲੇ ਕੀਤੇ ਗਏ ਸਨ, ਜਿਸ ਨਾਲ ਇੱਕ ਜਹਾਜ ਨੂੰ ਅੱਗ ਵੀ ਲੱਗ ਗਈ ਸੀ। ਹੁਣ ਜਿਵੇਂ ਅਮਰੀਕਾ ਅਤੇ ਇਜ਼ਰਾਈਲ ਹਲ਼ਕੇ ਹੋਏ ਹਨ, ਉਹ ਲੋਕ ਰਾਏ ਦੀ ਪਰਵਾਹ ਕੀਤੇ ਬਿਨਾਂ ਇਸ ਕਾਫ਼ਲੇ ਉਪਰ ਕੋਈ ਮਾਰੂ ਕਾਰਵਾਈ ਵੀ ਕਰ ਸਕਦੇ ਹਨ।

ਮੈਗਜ਼ੀਨ ਤੁਹਾਡੇ ਕੋਲ ਪਹੁੰਚਣ ਤੱਕ ਹੋ ਸਕਦਾ ਹੈ ਇਸ ਕਾਫ਼ਲੇ ਉੱਤੇ ਇਜ਼ਰਾਇਲੀ ਸੈਨਾ ਵੱਲੋਂ ਕੋਈ ਹਮਲਾ ਹੋ ਜਾਵੇ ਜਾਂ ਇਜ਼ਰਾਇਲੀ ਨੇਵੀ ਵੱਲੋਂ ਇਸ ਨੂੰ ਘੇਰ ਲਿਆ ਜਾਵੇ ਅਤੇ ਗਾਜ਼ਾ ਤੱਕ ਨਾ ਪਹੁੰਚਣ ਦਿੱਤਾ ਜਾਵੇ। ਪਰ ਮਾਨਵਵਾਦੀ ਸਹਾਇਤਾ ਲੈ ਕੇ ਜਾ ਰਹੇ ਜਾਂਬਾਜ਼ ਕਾਰਕੁੰਨਾਂ ਦੀਆਂ ਇਹ ਛੱਲਾਂ ਇਜ਼ਰਾਇਲ ਦੇ ਲਾਏ ਬੰਨ੍ਹ ਨਾਲ ਉਦੋਂ ਤੱਕ ਟਕਰਾਉਂਦੀਆਂ ਰਹਿਣਗੀਆਂ ਜਦ ਤੱਕ ਇਹ ਨਾਕਾਬੰਦੀ ਟੁੱਟ ਨਹੀਂ ਜਾਂਦੀ।

## ਰਿਟਾਇਰਮੈਂਟ ਪਾਰਟੀ ’ਤੇ ਤਰਕਸ਼ੀਲ ਪ੍ਰੋਗਰਾਮ

ਮਿਤੀ 31/3/26 ਨੂੰ ਪਿੰਡ ਤਰਖਾਣ ਵਾਲਾ ਵਿਖੇ ਹਰਵਿੰਦਰ ਸਿੰਘ ਭਲਵਾਨ ਪੰਜਾਬ ਪੁਲੀਸ ਦੀ ਰਿਟਾਇਰਮੈਂਟ ਪਾਰਟੀ ’ਤੇ ਤਰਕਸ਼ੀਲ ਪ੍ਰੋਗਰਾਮ ਪੇਸ਼ ਕੀਤਾ ਗਿਆ, ਜਿਸ ਵਿਚ ਜਗਸੀਰ ਜੀਦਾ ਅਤੇ ਸਾਥੀਆਂ ਨੇ ਖੂਬ ਰੰਗ ਬੰਨ੍ਹਿਆ। ਭਾਰਤ ਦੇ ਸਮਾਜਿਕ ਜੀਵਨ ਅਤੇ ਲੋਕ ਦੋਖੀ ਨਿਜਾਮ ਦਾ ਖਾਸਾ ਪੇਸ਼ ਕਰਦੀ ‘ਮਾਡਰਨ ਜੁਗਨੀ’ ਨੇ ਦਰਸ਼ਕਾਂ ਨੂੰ ਹਲੂਣ ਕੇ ਰੱਖ ਦਿੱਤਾ। ਜ਼ੋਨ ਆਗੂ ਰਾਮ ਨਿਰਮਾਣ ਨੇ ਬਾਖੂਬੀ ਵਿਗਿਆਨਕ ਵਿਚਾਰ ਪੇਸ਼ ਕੀਤੇ ਅਤੇ ਕੁਲਵੰਤ ਸਿੰਘ ਵੱਲੋਂ ਜਾਦੂ ਦੇ ਟਰਿੱਕ ਪੇਸ਼ ਕੀਤੇ ਗਏ। ਸਮੂਹ ਇਕੱਤਰ ਹੋਏ ਵਿਅਕਤੀਆਂ ਨੇ ਗੰਭੀਰਤਾ ਨਾਲ ਇਸ ਪ੍ਰੋਗਰਾਮ ਨੂੰ ਸੁਣਿਆ ਤੇ ਦੇਖਿਆ। ਅਖੀਰ ਵਿੱਚ ਹਰਵਿੰਦਰ ਭਲਵਾਨ ਜੀ ਵੱਲੋਂ ਸਾਰੇ ਮਹਿਮਾਨਾਂ ਦਾ ਧੰਨਵਾਦ ਕਰਦੇ ਹੋਏ 1000 ਰੁਪਏ ਬਠਿੰਡਾ ਇਕਾਈ ਨੂੰ ਸਹਾਇਤਾ ਲਈ ਦਿੱਤੇ ਗਏ।

**–ਰਾਮ ਸਿੰਘ ਨਿਰਮਾਣ**

# ਸਮਾਧ ਦਾ ਇਸ਼ਨਾਨ

ਸ਼ੀਰੋ ਦੇ ਤਿੰਨ ਮੁੰਡੇ ਤੇ ਇਕ ਲੜਕੀ ਸੀ। ਘਰ ਵਿੱਚ ਮਸਾਂ ਗੁਜਾਰਾ ਚਲਦਾ ਸੀ। ਵੱਡਾ ਮੁੰਡਾ ਦਸਵੀਂ ਵਿੱਚੋਂ ਫੇਲ੍ਹ ਹੋ ਕੇ ਪਿਉ ਨਾਲ ਵਾਹੀ ਕਰਾਉਣ ਲੱਗ ਪਿਆ ਸੀ। ਛੋਟੇ ਮੁੰਡੇ ਨੇ ਕਈ ਵਾਰ ਫੌਜ ਦੀ ਭਰਤੀ ਵੇਖੀ ਸੀ। ਪ੍ਰੰਤੂ ਹਰ ਵਾਰ ਦਿਲ ਦੀ ਧੜਕਣ ਜਿਆਦਾ ਹੋਣ ਕਰਕੇ ਉਸ ਨੂੰ ਬਾਹਰ ਕੱਢ ਦਿੱਤਾ ਜਾਂਦਾ ਸੀ। ਤੀਸਰਾ ਮੁੰਡਾ ਕਦੇ ਕਦਾਈਂ ਛੋਟੀਆਂ ਮੋਟੀਆਂ ਚੋਰੀਆਂ ਕਰਨ ਲੱਗ ਪਿਆ ਸੀ ਕਿਉਂਕਿ ਉਸਦੇ ਕਾਲਜ ਦੇ ਖਰਚੇ ਘਰੋਂ ਪੂਰੇ ਨਹੀਂ ਸਨ ਹੋ ਰਹੇ।

ਸ਼ੀਰੋ ਘਰ ਦੀਆਂ ਮੁਸ਼ਕਲਾਂ ਦੇ ਕਰਕੇ ਕਾਫੀ ਸਮੇਂ ਤੋਂ ਹਰ ਵੀਰਵਾਰ ਪੀਰ ਦੀ ਸਮਾਧ 'ਤੇ ਤਿੰਨ ਵਜੇ ਤੜਕੇ ਜਾਂਦੀ ਸੀ। ਦਹੀਂ ਨਾਲ ਮਲ ਮਲ ਕੇ ਸਮਾਧ ਦਾ ਇਸ਼ਨਾਨ ਕਰਵਾਉਂਦੀ ਸੀ। ਘਰ ਦੀ ਕਾਮਯਾਬੀ ਲਈ, ਬੱਚਿਆਂ ਦੇ ਸੋਹਣੇ ਭਵਿੱਖ ਲਈ ਸਮਾਧ ਅੱਗੇ ਅਰਦਾਸਾਂ, ਅਰਜੋਈਆਂ ਕਰਕੇ ਨੱਕ ਰਗੜਦੀ ਰਹਿੰਦੀ ਸੀ। ਇਹ ਸਮਾਧ ਪਿੰਡ ਦੇ ਬਾਹਰਵਾਰ ਜੰਡ ਦੇ ਰੁੱਖ ਥੱਲੇ ਬਣੀ ਹੋਈ ਸੀ। ਸਮਾਧ ਦੇ ਘੇਰੇ ਚਾਰ ਫੁੱਟ ਦੀ ਕੰਧ ਕੀਤੀ ਹੋਈ ਸੀ ਜਿਸ ਦਾ ਲੋਹੇ ਦਾ ਬੂਹਾ ਪਿਛਲੇ ਹਫਤੇ ਚੋਰ ਲਾਹ ਕੇ ਲੈ ਗਏ ਸਨ।

ਅੱਜ ਵੀ ਉਸ ਨੇ ਇਸ਼ਨਾਨ ਕਰਵਾਇਆ ਸੀ, ਫੇਰ ਉਸ ਨੇ ਪੰਜਾਹ ਰੁਪਏ ਗੋਲਕ ਵਿੱਚ ਪਾਏ। ਹੁਣ ਉਹ ਮੱਥਾ ਟੇਕ ਕੇ ਨੱਕ ਨਾਲ ਲਕੀਰਾਂ ਕੱਢ ਰਹੀ ਸੀ।

ਅਚਾਨਕ ਤਿੰਨ ਨਕਾਬਪੋਸ਼ ਚੋਰ ਆਏ। ਉਨ੍ਹਾਂ ਗੋਲਕ ਦਾ ਜਿੰਦਰਾ ਤੋੜ ਕੇ ਸਾਰੇ ਪੈਸੇ ਕੱਢ ਲਏ। "ਮਾਤਾ ਜੇ ਤੂੰ ਰੌਲਾ ਪਾਇਆ ਜਾਂ ਕਿਸੇ ਕੋਲ ਗੱਲ ਕੀਤੀ, ਤੈਨੂੰ ਜਾਨੋ ਮਾਰ ਦਿਆਂਗੇ" ਉਨ੍ਹਾਂ ਦੇ ਆਗੂ ਨੇ ਪੈਸੇ ਝੋਲੇ ਵਿੱਚ ਪਾਉਂਦਿਆਂ ਸ਼ੀਰੋ ਨੂੰ ਧਮਕੀ ਦਿੱਤੀ।

ਸ਼ੀਰੋ ਦੀਆਂ ਲੱਤਾਂ ਕੰਬੀ ਜਾ ਰਹੀਆਂ ਸਨ। ਉਸ ਦਾ ਦਿੱਲ ਫੱਟ ਫੱਟ ਵੱਜ ਰਿਹਾ ਸੀ। ਉਸ ਨੂੰ ਚੱਕਰ ਜਿਹਾ ਆ ਗਿਆ ਤੇ ਉਹ ਕੰਧ ਨਾਲ ਨਿਢਾਲ ਜਿਹੀ ਹੋ ਕੇ ਬੈਠ ਗਈ।

ਲੁਟੇਰੇ ਆਪਣਾ ਕੰਮ ਕਰਕੇ ਜਾ ਚੁੱਕੇ ਸਨ। ਉਹ ਸੋਚ ਰਹੀ ਸੀ ਇਹਨਾਂ ਦੁਸ਼ਟਾਂ ਦਾ ਕਿੱਥੇ ਭਲਾ ਹੋਵੇਗਾ। ਇਹ ਨਰਕਾਂ ਨੂੰ ਜਾਣਗੇ, ਇਹ ਕੀੜੇ ਪੈ ਕੇ ਮਰਨਗੇ।

ਉਸ ਦੇ ਬੈਠਿਆਂ ਹੀ ਦੋ ਕੁੱਤੇ ਆਏ, ਉਹ ਇਕ ਦਮ ਡਰ ਗਈ, ਕਿਤੇ ਪੈ ਨਾ ਜਾਣ। ਪਰੰਤੂ ਕੁੱਤੇ ਟੰਗ ਚੁੱਕ ਕੇ ਸਮਾਧ ਦੇ ਉਤੇ ਮੂਤ ਗਏ।

ਹੁਣ ਸ਼ੀਰੋ ਦੀਆਂ ਅੱਖਾਂ ਖੁੱਲ੍ਹ ਗਈਆਂ। ਉਸ ਦੇ ਅੰਦਰੋਂ ਜ਼ਮੀਰ ਦੀ ਅਵਾਜ਼ ਆਈ, 'ਜੇਕਰ ਇਸ ਪੀਰ ਦੀ ਸਮਾਧ ਵਿੱਚ ਕੋਈ ਸ਼ਕਤੀ ਹੁੰਦੀ। ਫੇਰ ਚੋਰ ਇਥੇ ਹੀ ਅੰਨ੍ਹੇ ਹੋ ਜਾਂਦੇ ਜਾਂ ਉਹਨਾ ਨੂੰ ਅਧਰੰਗ ਹੋ ਜਾਂਦਾ। ਇਸ ਪੀਰ ਨੇ ਕੁੱਤਿਆਂ ਦੀਆਂ ਟੰਗਾਂ ਕਿਉ ਨਹੀ ਤੋੜੀਆਂ। ਇਹ ਤਾਂ ਆਪਣੀ ਖੁਦ ਦੀ ਰਾਖੀ ਨਹੀਂ ਕਰ ਸਕਿਆ। ਇਸ ਨੇ ਮੇਰਾ ਕੀ ਸੰਵਾਰਨਾ ਹੈ।' ਸ਼ੀਰੋ ਨੂੰ ਬਹੁਤ ਗੁੱਸਾ ਆਇਆ। ਉਸ ਨੇ ਪੰਜ-ਸੱਤ ਚੱਪਲਾਂ ਸਮਾਧ 'ਤੇ ਮਾਰ ਦਿੱਤੀਆਂ। ਸਮਾਧ ਦਾ ਇਸ਼ਨਾਨ ਕਰਵਾਉਣਾ ਜਿੰਦਗੀ ਭਰ ਲਈ ਬੰਦ ਕਰ ਦਿੱਤਾ। ਹੁਣ ਉਹ ਨਵੀਂ ਸੋਚ ਨਾਲ ਅਤੇ ਹਲਕੇ-ਫੁਲਕੇ ਸਰੀਰ ਨਾਲ ਵਾਪਸ ਘਰ ਆਈ।

ਜਦੋਂ ਉਹ ਘਰੇ ਆਈ ਉਸਦਾ ਤੀਸਰਾ ਮੁੰਡਾ ਆਪਣੇ ਹਿੱਸੇ ਆਏ, ਸਮਾਧ ਤੋ ਚੋਰੀ ਕੀਤੇ ਪੈਸੇ ਗਿਣ ਰਿਹਾ ਸੀ।

**ਸੁਖਵਿੰਦਰ ਸਿੰਘ ਖਾਰੇ ਵਾਲਾ**

### ਨਕਲੀ ਨੋਟ ਛਾਪਣ ਵਾਲਾ ਬਾਬਾ ਗ੍ਰਿਫਤਾਰ

ਗੁਜਰਾਤ ਪੁਲਿਸ ਨੇ ਨਕਲੀ ਨੋਟ ਛਾਪਣ ਦੇ ਮਾਮਲੇ ਵਿੱਚ ਯੋਗ ਸਿਖਾਉਣ ਦਾ ਕੰਮ ਕਰਨ ਵਾਲੇ ਅਖੌਤੀ ਬਾਬਾ ਪ੍ਰਦੀਪ ਜੋਤਾਂਗੀਆ ਉਰਫ ਗੁਰੂ ਜੀ ਨੂੰ ਗ੍ਰਿਫਤਾਰ ਕੀਤਾ ਹੈ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿਤਿਆਨਾਥ ਅਤੇ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੇ ਰੂਪਾਨੀ ਸਮੇਤ ਭਾਜਪਾ ਦੇ ਕਈ ਨੇਤਾਵਾਂ ਨਾਲ ਨੇੜਤਾ ਰੱਖਣ ਵਾਲੇ ਪ੍ਰਦੀਪ ਜੋਤਾਂਗੀਆ ਨੇ ਸ੍ਰੀ ਸਤਿਆਯੋਗ ਫਾਉਂਡੇਸ਼ਨ ਦੇ ਨਾਂ ਹੇਠ ਯੋਗ ਸਿਖਾਉਣ ਦਾ ਫੱਟਾ ਲਾਇਆ ਹੋਇਆ ਸੀ। ਪਰ ਅਸਲ ਵਿੱਚ ਉਹ ਨਕਲੀ ਨੋਟ ਛਾਪਣ ਦਾ ਸੰਗੀਨ ਅਪਰਾਧ ਕਰਦਾ ਆ ਰਿਹਾ ਸੀ। ਉਸ ਕੋਲ ਮਹਿੰਗੀ ਫਾਰਚੂਨਰ ਕਾਰ ( Number-GJ 05RS 5252) ਸੀ, ਜਿਸ ਰਾਹੀਂ ਨਕਲੀ ਨੋਟਾਂ ਨੂੰ ਇਧਰ ਉਧਰ ਲਿਜਾਣ ਦਾ ਕੰਮ ਲਿਆ ਜਾਂਦਾ ਸੀ। ਇਸ ਗੱਡੀ ਉੱਪਰ ਆਯੂਸ਼ ਮੰਤਰਾਲੇ ਦੀ ਲਾਲ ਪਲੇਟ ਵੀ ਲੱਗੀ ਹੋਈ ਸੀ। ਇਸ ਪਲੇਟ ਬਾਰੇ ਸ਼ੱਕ ਪੈਣ 'ਤੇ ਪੁਲਿਸ ਨੇ ਅਹਿਮਦਾਬਾਦ ਵਿੱਚ ਇਸ ਗੱਡੀ ਨੂੰ ਰੋਕ ਕੇ ਤਲਾਸ਼ੀ ਲਈ ਤਾਂ ਇਸ ਵਿੱਚੋਂ 2 ਕਰੋੜ 10 ਲੱਖ ਦੀ ਕੀਮਤ ਦੇ ਪੰਜ-ਪੰਜ ਸੌ ਦੇ ਨਕਲੀ ਨੋਟ ਬਰਾਮਦ ਹੋਏ। ਇਸ ਤੋਂ ਇਲਾਵਾ 'ਗੁਰੂ ਜੀ' ਦੀ 80 ਲੱਖ ਰੁਪਏ ਦੀ ਹੋਰ ਨਕਲੀ ਰਾਸ਼ੀ ਸੂਰਤ ਵਿੱਚ ਵੀ ਬਰਾਮਦ ਕੀਤੀ ਗਈ।

ਖ਼ਬਰ ਅਨੁਸਾਰ ਇਹ ਅਖੌਤੀ ਗੁਰੂ ਚੀਨ ਤੋਂ ਵਿਸ਼ੇਸ਼ ਕਾਗਜ ਮੰਗਵਾ ਕੇ ਸੂਰਤ ਵਿੱਚ ਮਸ਼ੀਨ ਲਗਾ ਕੇ ਨਕਲੀ ਨੋਟ ਛਾਪਦਾ ਆ ਰਿਹਾ ਸੀ।

# ਤਰਕਸ਼ੀਲ ਸੁਸਾਇਟੀ ਪੰਜਾਬ ਦੀ ਸਿਧਾਂਤਕ ਸਮਝ ਬਾਰੇ ਇੱਕ ਸਪੱਸ਼ਟੀਕਰਨ

**ਹੇਮ ਰਾਜ ਸਟੈਨੋ**

ਸਾਡੇ ਧਿਆਨ 'ਚ ਆਇਆ ਹੈ ਕਿ ਕੁੱਝ ਹਲਕੇ ਤਰਕਸ਼ੀਲ ਸੁਸਾਇਟੀ ਦੀ ਸਿਧਾਂਤਕ ਸਮਝ ਨੂੰ ਠੀਕ ਤਰ੍ਹਾਂ ਨਹੀਂ ਲੈ ਰਹੇ। ਉਹ ਇਹ ਸਮਝਦੇ ਹਨ ਕਿ ਅਸੀਂ ਬਾਬਿਆਂ ਜਾਂ ਪੂਰਾ-ਸੂਰਾ ਕਹਿਣਾ ਹੋਵੇ ਤਾਂ ਇਹ ਕਿ ਅੰਧ-ਵਿਸ਼ਵਾਸਾਂ ਨੂੰ ਆਪਣੇ ਤਰਕਸ਼ੀਲ ਵਿਚਾਰਾਂ ਦੇ ਪ੍ਰਚਾਰ-ਪ੍ਰਸਾਰ ਰਾਹੀਂ ਹੀ ਖਤਮ ਕਰ ਦੇਣ ਦਾ ਭਰਮ ਪਾਲਿਆ ਹੋਇਆ ਹੈ। ਜਦੋਂ ਕਿ ਇਹ ਗੱਲ ਨਹੀਂ ਹੈ। ਇਹ ਕਿਉਂ ਨਹੀਂ ਹੈ? ਇਹ ਗੱਲ ਤਾਂ ਸਾਡਾ ਐਲਾਨਨਾਮਾ ਹੀ ਸਪੱਸ਼ਟ ਕਰ ਦਿੰਦਾ ਹੈ। ਇਸ ਲਈ ਅਸੀਂ ਐਲਾਨਨਾਮੇ ਦਾ ਉਹ ਹਿੱਸਾ ਪਾਠਕਾਂ ਸਾਹਮਣੇ ਪੇਸ਼ ਕਰ ਰਹੇ ਹਾਂ, ਜਿਸ ਵਿੱਚ ਇਹ ਗੱਲ ਸਪਸ਼ਟ ਕੀਤੀ ਗਈ ਹੈ।

*"ਮਨੁੱਖੀ ਇਤਿਹਾਸ ਦੇ ਵੱਖ-ਵੱਖ ਸਮਿਆਂ ਦੀਆਂ ਹਕੂਮਤਾਂ ਨੇ ਧਰਮ ਅਤੇ ਹੋਰਨਾਂ ਵਹਿਮਾਂ-ਭਰਮਾਂ ਨੂੰ ਆਪਣੇ ਨਿੱਜੀ ਮਨੋਰਥਾਂ ਲਈ ਵੱਖ-ਵੱਖ ਰੂਪਾਂ ਵਿੱਚ ਵਰਤਿਆ। ਲੁਟੇਰੀ ਜਮਾਤ ਇਹ ਗੱਲ ਚੰਗੀ ਤਰ੍ਹਾਂ ਜਾਣਦੀ ਹੈ ਕਿ ਜੋ ਕੰਮ ਉਹਨਾਂ ਦੀ ਤਾਕਤ ਨਹੀਂ ਕਰ ਸਕਦੀ, ਉਹਨਾਂ ਦੀਆਂ ਸ਼ਾਤਰ-ਚਾਲਾਂ ਅਸਾਨੀ ਨਾਲ ਸਿਰੇ ਚਾੜ੍ਹ ਸਕਦੀਆਂ ਹਨ। ਅੱਜ ਦੇ ਯੁੱਗ ਅੰਦਰ ਮਨੁੱਖੀ ਦੁਨੀਆਂ ਵਿੱਚ ਲੁਟੇਰੀ ਜਮਾਤ, ਧਰਮਾਂ ਅਤੇ ਹੋਰ ਹਰ ਕਿਸਮ ਦੇ ਅੰਧ-ਵਿਸ਼ਵਾਸਾਂ ਨੂੰ ਆਪਣੇ ਰਾਜ-ਪ੍ਰਬੰਧ ਦੀ ਉਮਰ ਹੋਰ ਲੰਬੀ ਕਰਨ ਲਈ ਵਰਤ ਰਹੀ ਹੈ। ਥਾਂ-ਥਾਂ ਫਿਰਕੂ ਦੰਗੇ ਭੜਕਾਏ ਜਾ ਰਹੇ ਹਨ। ਇਸ ਤਰ੍ਹਾਂ ਇਨ੍ਹਾਂ ਧਾਰਮਿਕ ਅੰਧ-ਵਿਸ਼ਵਾਸਾਂ ਦੀ ਕਹਾਣੀ ਚਲਦੀ ਆ ਰਹੀ ਹੈ।*

*ਇਸ ਕਹਾਣੀ ਨੂੰ ਪੂਰਨ ਰੂਪ ਵਿੱਚ ਖਤਮ ਕਰਨ ਲਈ ਇੱਕ ਅਜਿਹੀ ਤਿੱਖੀ ਸਮਾਜਿਕ ਤਬਦੀਲੀ ਦੀ ਲੋੜ ਹੈ, ਜੋ ਇਨ੍ਹਾਂ ਧਾਰਮਿਕ ਅੰਧ-ਵਿਸ਼ਵਾਸਾਂ ਦੀ ਜੜ੍ਹ ਅਤੇ ਮੌਜੂਦਾ ਮਨੁੱਖਤਾ ਦੋਖੀ ਇਸ ਲੁਟੇਰੇ ਸਮਾਜਿਕ ਢਾਂਚੇ ਨੂੰ ਖਤਮ ਕਰ ਸਕੇ। ਅਧਿਆਤਮਵਾਦ ਵਿਰੁੱਧ ਘੋਲ ਜਮਾਤੀ ਘੋਲ ਦੇ ਪੈਂਤੜੇ ਤੋਂ ਹੀ ਲੜਿਆ ਜਾ ਸਕਦਾ ਹੈ। ਇਸ ਨੁਕਤੇ ਨੂੰ ਛੱਡਕੇ ਨਾਸਤਿਕਤਾ ਦਾ ਕੋਈ ਵੀ ਪ੍ਰਚਾਰ ਭਾਵੇਂ ਕਿੰਨੇ ਵੀ ਇਮਾਨਦਾਰੀ ਨਾਲ ਕਿਉਂ ਨਾ ਕੀਤਾ ਜਾਵੇ ਅਧਿਆਤਮਕ ਪ੍ਰਭਾਵ ਨੂੰ ਵਕਤੀ ਤੌਰ 'ਤੇ ਹੀ ਸੱਟ ਮਾਰ ਸਕਦਾ ਹੈ ਪਰ ਇਸਨੂੰ ਅੰਤਿਮ ਰੂਪ ਵਿੱਚ ਖਤਮ ਨਹੀਂ ਕਰ ਸਕਦਾ।"*

ਸੋ ਇਸ ਹਵਾਲੇ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਅਸੀਂ ਬਾਬਿਆਂ ਆਦਿ ਜਾਂ ਅੰਧ-ਵਿਸ਼ਵਾਸਾਂ ਨੂੰ ਆਪਣੇ ਤਰਕਸ਼ੀਲ ਵਿਚਾਰਾਂ ਦੇ ਪ੍ਰਚਾਰ-ਪ੍ਰਸਾਰ ਰਾਹੀਂ ਹੀ ਖਤਮ ਕਰ ਦੇਣ ਦਾ ਭਰਮ ਨਹੀਂ ਪਾਲਿਆ ਹੋਇਆ ਹੈ।

ਅਸੀਂ ਸਭਿਆਚਾਰ, ਜਿਸ ਵਿੱਚ ਇਹ ਅੰਧ-ਵਿਸ਼ਵਾਸ ਅਤੇ ਉਸਨੂੰ ਫੈਲਾਉਣ ਵਾਲੇ ਹਰ ਕਿਸਮ ਦੀਆਂ ਸੰਸਥਾਵਾਂ ਅਤੇ ਡੇਰਿਆਂ, ਬਾਬਿਆਂ ਨੂੰ ਸਮੇਂ ਦੇ ਆਰਥਿਕ-ਸਮਾਜਕ ਪ੍ਰਬੰਧ ਦੀ ਦੇਣ ਮੰਨਦੇ ਹਾਂ। ਕਿਉਂਕਿ ਸਮੇਂ ਦਾ ਸਭਿਆਚਾਰ ਉਸ ਸਮੇਂ ਮੌਜੂਦ ਆਰਥਿਕ ਪ੍ਰਬੰਧ ਨੂੰ ਕਾਇਮ ਰੱਖਣ 'ਚ ਸਹਾਈ ਹੋਇਆ ਹੁੰਦਾ ਹੈ। ਇਹ ਆਧਾਰ ਅਤੇ ਉਸਾਰ ਦਾ ਦਵੰਦੀ ਰਿਸ਼ਤਾ ਹੈ। ਇਸ ਲਈ ਕਿਸੇ ਇੱਕ ਪੱਖ ਨੂੰ ਛੁਟਿਆਉਣਾ ਜਾਂ ਘਟਾਕੇ ਦੇਖਣਾ ਸਾਡੇ ਹਿਸਾਬ ਨਾਲ ਠੀਕ ਨਹੀਂ ਹੈ। ਜੇ ਅਸੀਂ ਆਧਾਰ ਅਤੇ ਉਸਾਰ ਦੇ ਰਿਸ਼ਤੇ ਵਿਚੋਂ ਕਿਸੇ ਇੱਕ ਨੂੰ ਛੁਟਿਆ ਦਿੰਦੇ ਹਾਂ ਤਾਂ ਫਿਰ ਅਸੀਂ ਦਵੰਦਵਾਦ ਨੂੰ ਛੁਟਿਆ ਰਹੇ ਹੋਵਾਂਗੇ। ਇਸ ਲਈ ਜਿੱਥੇ ਆਰਥਿਕ ਆਧਾਰ ਨੂੰ ਮਨੁੱਖੀ ਬਨਾਉਣ ਦੀ ਗੱਲ ਹੈ ਤਾਂ ਇਸ ਉੱਤੇ ਪੈਦਾ ਹੋਈਆਂ ਸਭਿਆਚਾਰਕ ਕਦਰਾਂ-ਕੀਮਤਾਂ 'ਤੇ ਵੀ ਸੱਟ ਮਾਰਨ ਦੀ ਉਨੀ ਹੀ ਬੁਨਿਆਦੀ ਲੋੜ ਬਣਦੀ ਹੈ। ਕਿਉਂਕਿ ਇਹ ਸਭਿਆਚਾਰਕ ਕਦਰਾਂ-ਕੀਮਤਾਂ ਵੀ ਮਨੁੱਖ ਦੋਖੀ ਆਰਥਕ ਆਧਾਰ ਨੂੰ ਕਾਇਮ ਰੱਖਣ 'ਚ ਹੀ ਆਪਣੀ ਭੂਮਿਕਾ ਨਿਭਾਉਂਦੀਆਂ ਹਨ। ਇਸਨੂੰ ਇੱਕ ਬਹੁਤ ਸੌਖੀ ਮਿਸਾਲ ਰਾਹੀਂ ਹੀ ਸਮਝਿਆ ਜਾ ਸਕਦਾ ਹੈ ਕਿ ਜਿਹੜੇ ਲੋਕ ਇਨ੍ਹਾਂ ਬਾਬਿਆਂ ਕੋਲ ਜਾਂਦੇ ਹਨ, ਮੰਨ ਲਵੋ ਉਨ੍ਹਾਂ ਨੂੰ ਜੀਵਨ 'ਚ ਕੋਈ ਆਰਥਿਕ ਸਮੱਸਿਆ ਹੈ। ਹੁਣ ਜੇਕਰ ਉਨ੍ਹਾਂ 'ਤੇ ਅੰਧ-ਵਿਸ਼ਵਾਸੀ ਸਭਿਆਚਾਰ ਦਾ ਦੁਰ-ਪ੍ਰਭਾਵ ਨਾ ਹੋਵੇ ਤਾਂ ਉਹ ਬਾਬਿਆਂ ਕੋਲ ਕਿਉਂ ਜਾਣਗੇ? ਉੱਥੇ ਜਾਣ ਦੀ ਬਜਾਇ ਉਹ ਆਪਣੀ ਆਰਥਕ ਸਮੱਸਿਆ ਦੇ ਹੱਲ ਲਈ ਕੋਈ ਹੋਰ ਕੋਸ਼ਿਸ਼ਾਂ ਕਰਨਗੇ। ਇਸ ਲਈ ਪੈਦਾਵਾਰੀ ਪ੍ਰਬੰਧ 'ਚੋਂ ਪੈਦਾ ਹੋਈ ਆਰਥਿਕ ਸਮੱਸਿਆ ਦੇ ਸਹੀ ਹੱਲ ਵੱਲ ਨਾ ਤੁਰਨਾ ਸਭਿਆਚਾਰ ਕਰਕੇ ਹੀ ਹੋਇਆ।

ਮੁਕਦੀ ਗੱਲ, ਅਸੀਂ ਆਧਾਰ 'ਤੇ ਉਸਾਰ ਦਾ ਦਵੰਦੀ ਰਿਸ਼ਤਾ ਮੰਨਦੇ ਹਾਂ। ਜਿੱਥੇ ਆਰਥਿਕ ਆਧਾਰ 'ਤੇ ਸਭਿਆਚਾਰ ਉੱਸਰਦਾ ਹੈ ਉੱਥੇ ਸਭਿਆਚਾਰ ਵੀ ਆਰਥਿਕ ਆਧਾਰ ਨੂੰ ਪ੍ਰਭਾਵਿਤ ਕਰਦਾ ਹੈ। ਭਾਵ ਕਿ ਇਨ੍ਹਾਂ ਦੋਨਾਂ ਦਰਮਿਆਨ ਦਵੰਦੀ ਰਿਸ਼ਤਾ ਹੈ। ਇਸੇ ਨੂੰ ਅਸੀਂ ਦਵੰਦਵਾਦ ਕਹਿੰਦੇ ਹਾਂ ਅਤੇ ਇਸੇ ਦਵੰਦਵਾਦੀ ਸੋਚ ਅਨੁਸਾਰ ਕੰਮ ਕਰ ਰਹੇ ਹਾਂ। ਹਾਂ, ਜੇਕਰ ਕਿਸੇ ਨੂੰ ਦਵੰਦਵਾਦ ਵਿਗਿਆਨਕ ਨਹੀਂ ਲੱਗਦਾ ਤਾਂ ਇਹ ਗੱਲ ਵੱਖਰੀ ਹੈ।

98769 53561

## ਲੇਖ ਰਚਨਾ ਮੁਕਾਬਲਾ-5

**ਇਸ ਵਾਰ ਦੇ ਲੇਖ ਰਚਨਾ ਮੁਕਾਬਲੇ ਦਾ ਵਿਸ਼ਾ ਸੀ 'ਹਨੇਰੇ ਨੂੰ ਕੋਸਣ ਨਾਲੋਂ ਚੰਗਾ ਹੈ ਕਿ ਇੱਕ ਦੀਪ ਜਗਾ ਦੇਈਏ'। ਇਸ ਮੁਕਾਬਲੇ ਲਈ ਆਈਆਂ ਰਚਨਾਵਾਂ ਵਿਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ ਗਿਆਨ ਸਰੋਵਰ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੀ ਵਿਦਿਆਰਥਣ ਗੁਰਸ਼ਾਨ ਕੌਰ ਨੇ ਅਤੇ ਦੂਸਰਾ ਸਥਾਨ ਹਾਸਲ ਕੀਤਾ ਹੈ ਰਵਨੀਤ ਕੌਰ ਪਿੰਡ ਖੇੜੀ ਗਿੱਲਾਂ (ਸੰਗਰੂਰ) ਨੇ। ਇਨ੍ਹਾਂ ਤੋਂ ਇਲਾਵਾ ਕੁਝ ਹੋਰ ਵਧੀਆ ਰਚਨਾਵਾਂ ਵੀ ਸੰਖੇਪ ਰੂਪ ਵਿੱਚ ਪ੍ਰਕਾਸ਼ਿਤ ਕੀਤੀਆਂ ਜਾ ਰਹੀਆਂ ਹਨ।**

(1)

ਇਹ ਕਥਨ ਸਿਰਫ ਕੁਝ ਸ਼ਬਦਾਂ ਦਾ ਸੁਮੇਲ ਨਹੀਂ ਸਗੋਂ ਇੱਕ ਅਟੱਲ ਤੇ ਵਿਆਪਕ ਸਚਾਈ ਹੈ। ਇਸ ਵਿਚਾਰ ਨੇ ਸਮੇਂ ਸਮੇਂ 'ਤੇ ਅਨੇਕਾਂ ਪੰਜਾਬੀ ਚਿੰਤਕਾਂ, ਦਾਰਸ਼ਨਿਕਾਂ ਅਤੇ ਸੁਰਜੀਤ ਪਾਤਰ ਵਰਗੇ ਸ਼ਾਇਰਾਂ ਨੂੰ ਵੀ ਪ੍ਰਭਾਵਿਤ ਕੀਤਾ ਹੈ।

ਇੱਥੇ ਹਨੇਰਾ ਸਿਰਫ ਰੋਸ਼ਨੀ ਦੀ ਗੈਰ ਮੌਜੂਦਗੀ ਨਹੀਂ ਸਗੋਂ ਨਿਰਾਸ਼ਾ, ਅਗਿਆਨਤਾ ਅਤੇ ਅਨਪੜ੍ਹਤਾ, ਗਰੀਬੀ, ਨਸ਼ੇ ਅਤੇ ਬੇਰੁਜ਼ਗਾਰੀ ਆਦਿ ਜਿਹੀਆਂ ਸਮਾਜਿਕ ਕੁਰੀਤੀਆਂ ਦਾ ਪ੍ਰਤੀਕ ਹੈ। ਜਦੋਂ ਅਸੀਂ ਕਹਿੰਦੇ ਹਾਂ ਕਿ ਸਿਸਟਮ ਹੀ ਖਰਾਬ ਹੈ ਜਾਂ ਦੁਨੀਆ ਬਹੁਤ ਮਾੜੀ ਹੋ ਗਈ ਹੈ ਤਾਂ ਅਸੀਂ ਅਸਲ ਵਿੱਚ ਹਨੇਰੇ ਨੂੰ ਕੋਸ ਰਹੇ ਹੁੰਦੇ ਹਾਂ। ਇਹ ਕੋਸਣਾ ਸਾਨੂੰ ਮਾਨਸਿਕ ਤੌਰ 'ਤੇ ਕਮਜ਼ੋਰ ਬਣਾਉਂਦਾ ਹੈ ਅਤੇ ਹੱਲ ਵੱਲ ਜਾਣ ਤੋਂ ਰੋਕਦਾ ਹੈ।

ਦੀਪ ਜਗਾਉਣਾ ਇੱਕ ਛੋਟੀ ਜਿਹੀ ਪਰ ਸਾਰਥਕ ਸ਼ੁਰੂਆਤ ਦਾ ਨਾਮ ਹੈ। ਦੀਪ ਜਗਾਉਣ ਤੋਂ ਭਾਵ ਹੈ ਆਪਣੇ ਆਲੇ ਦੁਆਲੇ ਦੇ ਹਨੇਰੇ ਨੂੰ ਦੂਰ ਕਰਨ ਦੀ ਇੱਕ ਕੋਸ਼ਿਸ਼। ਭਾਵੇਂ ਕਿ ਇੱਕ ਛੋਟਾ ਜਿਹਾ ਦੀਵਾ ਸਾਰੇ ਹਨੇਰੇ ਨੂੰ ਦੂਰ ਨਹੀਂ ਕਰ ਸਕਦਾ ਪਰ ਆਪਣੇ ਆਲੇ ਦੁਆਲੇ ਨੂੰ ਜਰੂਰ ਰੁਸ਼ਨਾਅ ਸਕਦਾ ਹੈ। ਜੇਕਰ ਹਰ ਇਨਸਾਨ ਇਹ ਸੋਚ ਲਵੇ ਕਿ ਉਸਨੇ ਆਪਣੇ ਆਲੇ ਦੁਆਲੇ ਨੂੰ ਸੁਧਾਰਨਾ ਹੈ ਤਾਂ ਹਨੇਰਾ ਆਪਣੇ ਆਪ ਦੂਰ ਹੋ ਜਾਵੇਗਾ।

ਇਹ ਕਥਨ ਸਾਨੂੰ ਸੁਨੇਹਾ ਦਿੰਦਾ ਹੈ ਕਿ ਨਿਰਾਸ਼ਾ ਦੇ ਆਲਮ ਵਿੱਚ ਬੈਠ ਕੇ ਸ਼ਿਕਾਇਤਾਂ ਕਰਨ ਨਾਲੋਂ ਬਿਹਤਰ ਹੈ ਕਿ ਅਸੀਂ ਇੱਕ ਸਕਾਰਾਤਮਕ ਕਦਮ ਪੁੱਟੀਏ। ਹਨੇਰੇ ਨੂੰ ਕੋਸਣਾ ਨਾਕਾਰਾਤਮਕ ਹੈ, ਜਦ ਕਿ ਦੀਪ ਜਗਾਉਣਾ ਆਸ਼ਾਵਾਦ ਹੈ। ਮਨੁੱਖੀ ਜੀਵਨ ਵਿੱਚ ਉਤਰਾਅ ਚੜ੍ਹਾਅ ਆਉਂਦੇ ਰਹਿੰਦੇ ਹਨ। ਕਈ ਵੇਰ ਸਾਡੇ ਸਾਹਮਣੇ ਅਜਿਹੀਆਂ ਪ੍ਰਸਥਿਤੀਆਂ ਆ ਜਾਂਦੀਆਂ ਹਨ ਜਿਨ੍ਹਾਂ ਨੂੰ ਅਸੀਂ ਹਨੇਰਾ ਕਹਿ ਸਕਦੇ ਹਾਂ। ਆਮ ਤੌਰ 'ਤੇ ਲੋਕ ਇਹਨਾਂ ਪ੍ਰਸਥਿਤੀਆਂ ਲਈ ਕਿਸਮਤ ਜਾਂ ਦੂਜਿਆਂ ਨੂੰ ਦੋਸ਼ ਦਿੰਦੇ ਰਹਿੰਦੇ ਹਨ। ਪਰ ਇਸ ਤਰਾਂ ਕਿਸਮਤ ਜਾਂ ਦੂਸਰਿਆਂ ਨੂੰ ਦੋਸ਼ ਦੇਣਾ ਇੱਕ ਬਹੁਤ ਵੱਡੀ ਬੇਵਕੂਫੀ ਹੈ। ਸਮਝਦਾਰੀ ਤਾਂ ਇਸ ਗੱਲ ਵਿੱਚ ਹੈ ਕਿ ਅਸੀਂ ਉਸ ਹਨੇਰੇ ਨੂੰ ਦੂਰ ਕਰਨ ਲਈ ਇਕ ਦੀਪ ਜਗਾਈਏ ਭਾਵ ਹਾਲਤਾਂ ਨੂੰ ਬਿਹਤਰ ਬਣਾਉਣ ਲਈ ਕੋਸ਼ਿਸ਼ਾਂ ਕਰੀਏ। ਜਿਵੇਂ ਕਿ ਜੇਕਰ ਤੁਸੀਂ ਗੰਦਗੀ ਤੋਂ ਪਰੇਸ਼ਾਨ ਹੋ ਤਾਂ ਪਹਿਲਾਂ ਖੁਦ ਕੂੜਾ ਨਾ ਸੁੱਟਣ ਦਾ ਪ੍ਰਣ ਲਓ। ਜੇ ਅਨਪੜ੍ਹਤਾ ਹੈ ਤਾਂ ਕਿਸੇ ਇੱਕ ਬੱਚੇ ਨੂੰ ਪੜ੍ਹਾਉਣ ਦੀ ਜਿੰਮੇਂਵਾਰੀ ਲੈ ਕੇ ਦੀਪ ਜਗਾਓ। ਜੇ ਰਿਸ਼ਵਤ ਖੋਰੀ ਇਕ ਬੁਰਾਈ ਹੈ ਤਾਂ ਖੁਦ ਕਦੇ ਰਿਸ਼ਵਤ ਨਾ ਲੈਣ ਦਾ ਫੈਸਲਾ ਕਰੋ। ਇਸ ਸਭ ਕੁੱਝ ਨੂੰ ਬਿਆਨ ਕਰਨ ਲਈ ਸ਼ਾਇਦ ਇਹ ਕਥਨ ਢੁਕਵਾਂ ਹੈ

ਨਾ ਰੋ-ਰੋ ਦੱਸ ਹਨੇਰਿਆਂ ਨੂੰ
ਕੋਈ ਹੀਲਾ ਕਰ ਸਵੇਰਿਆਂ ਨੂੰ।

ਆਪਣੇ ਹਿੱਸੇ ਦਾ ਹਨੇਰਾ ਦੂਰ ਕਰਨ ਲਈ ਦੀਪ ਜਗਾਉਣਾ ਆਸ਼ਾਵਾਦੀ ਜਾਂ ਚੜ੍ਹਦੀ ਕਲਾ ਵਿੱਚ ਹੋਣ ਦੀ ਇੱਕ ਅਦਭੁਤ ਕਲਾ ਹੈ। ਕੋਈ ਵੀ ਵਿਅਕਤੀ ਮਹਾਨ ਤਦ ਹੀ ਬਣਦਾ ਹੈ ਜਦ ਉਸ ਵਿੱਚ ਅਜਿਹੀ ਕਲਾ ਹੁੰਦੀ ਹੈ। ਸੰਸਾਰ ਵਿੱਚ ਜਿੰਨੇ ਵੀ ਬਦਲਾਅ ਆਏ ਹਨ ਉਹ ਕਿਸੇ ਇੱਕ ਵਿਅਕਤੀ ਦੁਆਰਾ ਜਗਾਏ ਦੀਪ ਕਾਰਨ ਹੀ ਆਏ ਹਨ। ਡਾਕਟਰ ਕਾਵੂਰ ਨੇ ਤਰਕਸ਼ੀਲਤਾ ਦਾ ਦੀਪ ਜਗਾਇਆ ਅਤੇ ਝੂਠੇ ਧਾਰਮਿਕ ਜੰਜਾਲਾਂ ਨੂੰ ਦੂਰ ਕਰਨ ਦਾ ਉਪਰਾਲਾ ਕੀਤਾ ਤਾਂ ਉਹਨਾਂ ਦਾ ਜਗਾਇਆ ਦੀਪ ਅੱਜ ਦੇ ਯੁੱਗ ਵਿੱਚ ਇੱਕ ਮਸ਼ਾਲ ਬਣ ਗਿਆ ਜੋ ਸਾਡਾ ਮਾਰਗ ਦਰਸ਼ਨ ਕਰ ਰਿਹਾ ਹੈ।

ਸਾਡੇ ਸਮਾਜ ਵਿੱਚ ਫੈਲੀਆਂ ਸਮਾਜਿਕ ਕੁਰੀਤੀਆਂ ਅਤੇ ਭ੍ਰਿਸ਼ਟਾਚਾਰ ਵਰਗੀਆਂ ਅਲਾਮਤਾਂ ਉਸ ਸੰਘਣੇ ਗੁਬਾਰ ਵਾਂਗ ਹਨ ਜੋ ਇਨਸਾਨੀਅਤ ਦੇ ਰਾਹ ਵਿੱਚ ਰੁਕਾਵਟ ਬਣਦੀਆਂ ਹਨ। ਅਕਸਰ ਅਸੀਂ ਨਿਰਾਸ਼ਾ ਦੇ ਆਲਮ ਵਿੱਚ ਬੈਠ ਕੇ ਸਿਰਫ ਸ਼ਿਕਾਇਤਾਂ ਕਰਦੇ ਹਾਂ ਪਰ ਅਸਲ ਪ੍ਰਗਤੀਸ਼ੀਲ ਸੋਚ ਉਹ ਹੈ ਜੋ ਇਸ ਹਨੇਰੇ ਨੂੰ ਚੁਣੌਤੀ ਦੇਵੇ। ਜਦੋਂ ਕੋਈ ਵਿਅਕਤੀ ਨਿੱਜੀ ਸਵਾਰਥ ਤੋਂ ਉੱਪਰ ਉੱਠ ਕੇ ਸਮਾਜਿਕ

ਭਲਾਈ ਲਈ ਨੈਤਿਕ ਉਪਰਾਲਾ ਕਰਦਾ ਹੈ ਤਾਂ ਉਹ ਇੱਕ ਅਜਿਹਾ ਚਾਨਣ ਪੈਦਾ ਕਰਦਾ ਹੈ ਜੋ ਹਜ਼ਾਰਾਂ ਹੋਰਨਾਂ ਲਈ ਰਾਹ ਦਸੇਰਾ ਬਣਦਾ ਹੈ। ਇਹ ਦ੍ਰਿੜਤਾ ਅਤੇ ਸਕਾਰਾਤਮਕ ਸੋਚ ਹੀ ਹੈ ਜੋ ਮਨੁੱਖ ਨੂੰ ਕਰਮਯੋਗੀ ਬਣਾ ਦਿੰਦੀ ਹੈ।

ਸਾਨੂੰ ਇਹ ਸਮਝਣਾ ਜਰੂਰੀ ਹੈ ਕਿ ਇਕੱਲਾ ਦੀਵਾ ਭਾਵੇਂ ਪੂਰੀ ਦੁਨੀਆ ਨੂੰ ਰੌਸ਼ਨ ਨਾ ਕਰ ਸਕੇ ਪਰ ਉਹ ਆਪਣੇ ਆਲੇ ਦੁਆਲੇ ਦੇ ਘੇਰੇ ਨੂੰ ਜਰੂਰ ਰੌਸ਼ਨ ਕਰਦਾ ਹੈ। ਜਦੋਂ ਬਹੁਤ ਸਾਰੇ ਨਿੱਕੇ ਦੀਵੇ ਮਿਲ ਜਾਂਦੇ ਹਨ ਤਾਂ ਉਹ ਮਸ਼ਾਲ ਬਣ ਜਾਂਦੇ ਹਨ। ਨੌਜਵਾਨ ਪੀੜੀ ਨੂੰ ਖਾਸ ਕਰਕੇ ਇਸ ਸੋਚ ਨੂੰ ਅਪਣਾਉਣ ਦੀ ਲੋੜ ਹੈ। ਆਲੇ ਦੁਆਲੇ ਫੈਲੇ ਨਸ਼ਿਆਂ ਜਾਂ ਬੇਰੁਜ਼ਗਾਰੀ ਨੂੰ ਕੋਸਣ ਦੀ ਬਜਾਏ ਸਾਨੂੰ ਹੁਨਰ ਸਿੱਖਣ ਅਤੇ ਸਿਹਤਮੰਦ ਜੀਵਨ ਜਿਉਣ ਲਈ ਕਦਮ ਵਧਾਉਣਾ ਚਾਹੀਦਾ ਹੈ।

ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਸ਼ਿਕਾਇਤਾਂ ਕਰਨਾ ਸਭ ਤੋਂ ਸੌਖਾ ਕੰਮ ਹੈ ਪਰ ਹੱਲ ਲੱਭਣਾ ਬਹਾਦਰੀ ਹੈ। ਹਨੇਰੇ ਨੂੰ ਕੋਸਣ ਤੋਂ ਚੰਗਾ ਹੈ ਕਿ ਇੱਕ ਦੀਪ ਜਗਾ ਦਈਏ ਇਹ ਸਿਰਫ ਕਹਾਵਤ ਨਹੀਂ ਸਗੋਂ ਜੀਵਨ ਜਿਉਣ ਦਾ ਸਹੀ ਤਰੀਕਾ ਹੈ। ਸਾਨੂੰ ਕੇਵਲ ਆਲੋਚਕ ਬਣਨ ਦੀ ਬਜਾਏ ਕਰਮ ਕਰਨ ਵਾਲੇ ਬਣਨਾ ਚਾਹੀਦਾ ਹੈ ਜੇਕਰ ਅਸੀਂ ਆਪਣੇ ਫਰਜ ਦੀ ਪਛਾਣ ਕਰਦੇ ਹੋਏ ਇੱਕ ਨਿੱਕਾ ਜਿਹਾ ਹੰਭਲਾ ਮਾਰੀਏ ਤਾਂ ਨਿਸ਼ਚੇ ਹੀ ਸਮਾਜ ਵਿੱਚ ਫੈਲਿਆ ਹਨੇਰਾ ਮਿਟਾਇਆ ਜਾ ਸਕਦਾ ਹੈ।

**ਗੁਰਸ਼ਾਨ ਕੌਰ**
**ਗਿਆਨ ਸਰੋਵਰ ਮਾਡਲ ਸੀਨੀਅਰ ਸੈਕੰਡਰੀ ਸਕੂਲ**
**ਫੱਤਾ ਮਾਲੋਕਾ**

(2)

'ਹਨੇਰੇ ਨੂੰ ਕੋਸਣ ਨਾਲੋਂ ਚੰਗਾ ਹੈ ਕਿ ਇੱਕ ਦੀਪ ਜਗਾ ਦੇਈਏ' ਇਹ ਸਤਰਾਂ ਉੱਘੇ ਪੰਜਾਬੀ ਸ਼ਾਇਰ ਸੁਰਜੀਤ ਪਾਤਰ ਜੀ ਦੀਆਂ ਹੈ। ਇਹ ਸਤਰਾਂ ਸਾਨੂੰ ਜੀਵਨ ਵਿੱਚ ਨਿਰਾਸ਼ਾਵਾਦ ਨੂੰ ਛੱਡ ਕੇ ਆਸ਼ਾਵਾਦੀ ਬਣਨਾ ਅਤੇ ਸਮੱਸਿਆਵਾਂ ਦੇ ਹੱਲ ਲਈ ਖੁਦ ਪਹਿਲ ਕਰਨਾ ਸਿਖਾਉਂਦੀਆਂ ਹਨ। ਜੀਵਨ ਵਿੱਚ ਅਕਸਰ ਅਸੀਂ ਮੁਸ਼ਕਿਲਾਂ ਦਾ ਸਾਹਮਣਾ ਕਰਦੇ ਹਾਂ। ਕਈ ਵਾਰ ਇਹ ਹਾਲਾਤ ਸਾਨੂੰ ਐਸਾ ਮਹਿਸੂਸ ਕਰਾਉਂਦੇ ਹਨ ਜਿਵੇਂ ਸਾਡੇ ਚਾਰੇ ਪਾਸੇ ਹਨੇਰਾ ਹੈ। ਉਸ ਵੇਲੇ ਬਹੁਤ ਸਾਰੇ ਲੋਕ ਇਸ ਹਨੇਰੇ ਨੂੰ ਕੋਸਦੇ ਹਨ, ਆਪਣੀ ਕਿਸਮਤ ਨੂੰ ਦੋਸ਼ ਦਿੰਦੇ ਹਨ। ਇਸ ਦੀ ਥਾਂ ਸਾਨੂੰ ਇੱਕ ਛੋਟਾ ਜਿਹਾ ਦੀਵਾ ਜਗਾਉਣਾ ਚਾਹੀਦਾ ਹੈ ਜੋ ਨਾ ਸਿਰਫ ਸਾਡੇ ਆਪਣੇ ਜੀਵਨ ਨੂੰ ਰੌਸ਼ਨ ਕਰੇ, ਸਗੋਂ ਹੋਰਾਂ ਲਈ ਵੀ ਰਾਹ ਦਰਸਾਵੇ।

ਸਮਾਜ ਵਿੱਚ ਵੀ ਅਸੀਂ ਅਕਸਰ ਬਹੁਤ ਸਾਰੀਆਂ ਬੁਰਾਈਆਂ ਵੇਖਦੇ ਹਾਂ ਜਿਵੇਂ ਕਿ ਗਰੀਬੀ, ਅਨਪੜ੍ਹਤਾ, ਪ੍ਰਦੂਸ਼ਣ, ਆਦਿ। ਬਹੁਤ ਸਾਰੇ ਲੋਕ ਇਹਨਾਂ ਮੁੱਦਿਆਂ ਬਾਰੇ ਗੱਲ ਕਰਦੇ ਹਨ ਸ਼ਿਕਾਇਤ ਕਰਦੇ ਹਨ। ਪਰ ਕੁਝ ਲੋਕ ਹੀ ਅੱਗੇ ਵਧ ਕੇ ਇਹਨਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਦੇ ਹਨ। ਜੇ ਹਰ ਕੋਈ ਇਹ ਸੋਚੇ ਕਿ ਮੈਂ ਕੀ ਕਰ ਸਕਦਾ ਹਾਂ ਤਾਂ ਸਮਾਜ ਵਿੱਚ ਬਹੁਤ ਵੱਡਾ ਬਦਲਾਅ ਆ ਸਕਦਾ ਹੈ। ਇੱਕ ਵਿਦਿਆਰਥੀ ਜੇ ਆਪਣੇ ਪਿੰਡ ਦੇ ਇੱਕ ਬੱਚੇ ਨੂੰ ਵੀ ਪੜ੍ਹਾ ਦੇਵੇ ਤਾਂ ਉਹ ਵੀ ਇੱਕ ਦੀਪ ਜਗਾਉਣ ਦੇ ਬਰਾਬਰ ਹੈ।

ਇਤਿਹਾਸ ਵਿੱਚ ਅਨੇਕਾਂ ਮਹਾਨ ਵਿਅਕਤੀਆਂ ਨੇ ਇਸ ਸਿਧਾਂਤ ਨੂੰ ਆਪਣੇ ਜੀਵਨ ਵਿੱਚ ਲਾਗੂ ਕੀਤਾ ਹੈ। ਉਹਨਾਂ ਨੇ ਮੁਸ਼ਕਿਲਾਂ ਤੋਂ ਘਬਰਾਉਣ ਦੀ ਬਜਾਏ ਉਹਨਾਂ ਦਾ ਸਾਹਮਣਾ ਕੀਤਾ ਅਤੇ ਆਪਣੇ ਕਰਮਾਂ ਨਾਲ ਦੁਨੀਆ ਨੂੰ ਰੌਸ਼ਨ ਕੀਤਾ। ਇਨ੍ਹਾਂ ਮਹਾਨ ਵਿਅਕਤੀਆਂ ਨੇ ਮੁਸ਼ਕਿਲਾਂ ਵਿੱਚ ਵੀ ਹਿੰਮਤ ਨਹੀਂ ਹਾਰੀ ਅਤੇ ਸਮਾਜ ਲਈ ਪ੍ਰੇਰਨਾ ਬਣੇ। ਇਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਅਸੀਂ ਆਪਣੇ ਜੀਵਨ ਵਿੱਚ ਵੀ ਦੀਪ ਜਗਾ ਸਕਦੇ ਹਾਂ।

ਪਰਿਵਾਰਕ ਜੀਵਨ ਵਿੱਚ ਵੀ ਇਹ ਸੋਚ ਬਹੁਤ ਲਾਭਦਾਇਕ ਹੈ। ਜੇ ਘਰ ਵਿੱਚ ਕੋਈ ਸਮੱਸਿਆ ਹੈ ਤਾਂ ਉਸਨੂੰ ਲੈ ਕੇ ਲੜਾਈ ਕਰਨ ਦੀ ਥਾਂ ਸਮਝਦਾਰੀ ਨਾਲ ਹੱਲ ਲੱਭਣਾ ਚਾਹੀਦਾ ਹੈ। ਪਿਆਰ, ਸਹਿਯੋਗ ਅਤੇ ਸਬਰ ਨਾਲ ਹਰ ਸਮੱਸਿਆ ਦਾ ਹੱਲ ਨਿਕਲ ਸਕਦਾ ਹੈ। ਇਕ ਮਿੱਠਾ ਬੋਲ ਵੀ ਇਕ ਦੀਵੇ ਵਾਂਗ ਕੰਮ ਕਰਦਾ ਹੈ ਜੋ ਰਿਸ਼ਤਿਆਂ ਵਿੱਚ ਰੌਸ਼ਨੀ ਪੈਦਾ ਕਰਦਾ ਹੈ।

ਆਧੁਨਿਕ ਯੁੱਗ ਵਿੱਚ ਜਿੱਥੇ ਟੈਕਨਾਲੋਜੀ ਨੇ ਜੀਵਨ ਆਸਾਨ ਬਣਾਇਆ ਹੈ ਉੱਥੇ ਇਹ ਸਾਡੇ ਲਈ ਚੁਣੌਤੀਆਂ ਵੀ ਲੈ ਕੇ ਆਈ ਹੈ। ਸੋਸ਼ਲ ਮੀਡੀਆ ਉੱਤੇ ਨਕਾਰਾਤਮਿਕਤਾ ਅਤੇ ਤੁਲਨਾ ਦੀ ਭਾਵਨਾ ਵਧ ਰਹੀ ਹੈ। ਅਜਿਹੇ ਸਮੇਂ ਵਿੱਚ ਸਾਨੂੰ ਹੋਰ ਵੀ ਜਰੂਰੀ ਹੈ ਕਿ ਅਸੀਂ ਸਕਾਰਾਤਮਿਕਤਾ ਦਾ ਦੀਪ ਜਗਾਈਏ। ਜੇ ਅਸੀਂ ਇੱਕ ਚੰਗਾ ਸੁਨੇਹਾ ਸਾਂਝਾ ਕਰਦੇ ਹਾਂ ਤਾਂ ਇਹ ਵੀ ਇੱਕ ਦੀਪ ਜਗਾਉਣ ਦੇ ਬਰਾਬਰ ਹੈ।

ਇਹ ਕਹਾਵਤ ਸਾਨੂੰ ਵੀ ਆਸ਼ਾਵਾਦੀ ਦ੍ਰਿਸ਼ਟੀਕੋਣ ਅਪਣਾਉਣ ਲਈ ਪ੍ਰੇਰਿਤ ਕਰਦੀ ਹੈ। ਅਸਲ ਸਿਆਣਪ ਅਤੇ ਹਿੰਮਤ ਇਸ ਗੱਲ ਵਿੱਚ ਹੈ ਕਿ ਅਸੀਂ ਆਪਣੇ ਵੱਲੋਂ ਇੱਕ ਛੋਟਾ ਜਿਹਾ ਦੀਵਾ ਜਗਾਈਏ। ਇਕ ਦੀਵੇ ਦੀ ਰੌਸ਼ਨੀ ਭਾਵੇਂ ਛੋਟੀ ਹੁੰਦੀ ਹੈ ਪਰ ਉਹ ਹਨੇਰੇ ਨੂੰ ਦੂਰ ਕਰਨ ਦੀ ਸਮਰੱਥਾ ਰੱਖਦੀ ਹੈ। ਇਸੇ ਤਰ੍ਹਾਂ ਇੱਕ ਮਨੁੱਖ ਦਾ ਇਕ ਚੰਗਾ ਕੰਮ ਵੀ ਹੋਰਾਂ ਲਈ ਪ੍ਰੇਰਨਾ ਬਣ ਜਾਂਦਾ ਹੈ।

ਅੱਜ ਦੇ ਯੁੱਗ ਵਿੱਚ ਜਿੱਥੇ ਹਰ ਪਾਸੇ ਮੁਕਾਬਲਾ ਅਤੇ ਤਨਾਅ ਹੈ, ਉੱਥੇ ਬਹੁਤ ਸਾਰੇ ਲੋਕ ਨਿਰਾਸ਼ ਹੋ ਕੇ ਆਪਣੀਆਂ ਨਕਾਮੀਆਂ ਲਈ ਹਾਲਤਾਂ ਨੂੰ ਦੋਸ਼ ਦਿੰਦੇ ਹਨ। ਪਰ ਸਫਲ ਉਹੀ ਹੁੰਦੇ ਹਨ ਜੋ ਆਪਣੀਆਂ ਕਮਜ਼ੋਰੀਆਂ ਨੂੰ ਸਮਝ ਕੇ ਉਹਨਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਦੇ ਹਨ। ਉਹ ਆਪਣੇ ਅੰਦਰ ਦੀ ਰੌਸ਼ਨੀ ਨੂੰ ਜਗਾਉਂਦੇ ਹਨ ਅਤੇ ਦੂਜਿਆਂ ਲਈ ਵੀ ਰਾਹ ਪ੍ਰਕਾਸ਼ਤ ਕਰਦੇ ਹਨ। ਇਸ ਤਰ੍ਹਾਂ ਹੀ ਇੱਕ ਛੋਟਾ ਜਿਹਾ ਯਤਨ ਵੱਡੇ ਬਦਲਾਅ ਲਈ ਸ਼ੁਰੂਆਤ ਬਣ ਜਾਂਦਾ ਹੈ।

ਅੰਤ ਵਿੱਚ ਇਹ ਕਹਿਣਾ ਉਚਿਤ ਹੋਵੇਗਾ ਕਿ ਇਸ ਕਥਨ ਉੱਤੇ ਅਮਲ ਕਰਦੇ ਹੋਏ ਅਸੀਂ ਆਪਣੇ ਜੀਵਨ 'ਚ ਆਉਣ ਵਾਲੀਆਂ ਪ੍ਰਤੀਕੂਲ ਸਥਿਤੀਆਂ ਦਾ ਸਾਹਮਣਾ ਹਿੰਮਤ ਅਤੇ ਨਿਸ਼ਚੇ ਨਾਲ ਕਰੀਏ ਅਤੇ ਆਪਣੇ ਯਤਨਾਂ ਨਾਲ ਪ੍ਰਕਾਸ਼ ਦਾ ਦੀਪ ਜਗਾਈਏ।

**ਰਵਨੀਤ ਕੌਰ**

**ਪਿੰਡ ਖੇੜੀ ਗਿੱਲਾਂ (ਸੰਗਰੂਰ)**

ਹਨੇਰੇ ਨੂੰ ਕੋਸਣ ਨਾਲੋਂ ਚੰਗਾ ਹੈ ਕਿ ਇਕ ਦੀਪ ਜਗਾ ਦੇਈਏ - ਇਹ ਕਹਾਵਤ ਸਿਰਫ਼ ਸ਼ਬਦਾਂ ਦੀ ਖੇਡ ਨਹੀਂ, ਜੀਵਨ ਦੀ ਡੂੰਘੀ ਸਿਆਣਪ ਹੈ। ਅਸੀਂ ਅਕਸਰ ਆਪਣੇ ਆਲੇ-ਦੁਆਲੇ ਫੈਲੇ ਹਨੇਰੇ-ਮੁਸ਼ਕਿਲਾਂ, ਨਾਕਾਮੀਆਂ, ਬੇਇਨਸਾਫ਼ੀ ਜਾਂ ਅਗਿਆਨਤਾ-ਨੂੰ ਕੋਸਦੇ ਰਹਿੰਦੇ ਹਾਂ। ਪਰ ਸੱਚ ਇਹ ਹੈ ਕਿ ਕੋਸਣ ਨਾਲ ਹਨੇਰਾ ਘਟਦਾ ਨਹੀਂ; ਉਹ ਤਾਂ ਹੋਰ ਵੀ ਗਹਿਰਾ ਹੋ ਜਾਂਦਾ ਹੈ। ਇਸ ਦੇ ਬਦਲੇ ਜੇ ਅਸੀਂ ਇੱਕ ਛੋਟਾ ਜਿਹਾ ਦੀਵਾ ਜਗਾ ਲਈਏ, ਤਾਂ ਨਾ ਸਿਰਫ਼ ਆਪਣੇ ਲਈ, ਸਗੋਂ ਦੂਜਿਆਂ ਲਈ ਵੀ ਰਾਹ ਰੌਸ਼ਨ ਹੋ ਜਾਂਦਾ ਹੈ।

ਇੱਕ ਦੀਪ ਜਗਾਉਣਾ ਅਸਲ ਵਿੱਚ ਇੱਕ ਛੋਟੀ ਜਿਹੀ ਕੋਸ਼ਿਸ਼ ਦਾ ਪ੍ਰਤੀਕ ਹੈ। ਇਹ ਕੋਸ਼ਿਸ਼ ਭਾਵੇਂ ਛੋਟੀ ਹੋਵੇ, ਪਰ ਇਸਦਾ ਪ੍ਰਭਾਵ ਵੱਡਾ ਹੋ ਸਕਦਾ ਹੈ। ਜਿਵੇਂ ਇੱਕ ਛੋਟਾ ਜਿਹਾ ਦੀਵਾ ਪੂਰੇ ਕਮਰੇ ਦਾ ਹਨੇਰਾ ਦੂਰ ਕਰ ਸਕਦਾ ਹੈ, ਓਸੇ ਤਰ੍ਹਾਂ ਇੱਕ ਚੰਗਾ ਕੰਮ ਕਈਆਂ ਦੀ ਜ਼ਿੰਦਗੀ ਬਦਲ ਸਕਦਾ ਹੈ।

ਜੀਵਨ ਵਿੱਚ ਅੱਗੇ ਵੱਧਣ ਲਈ ਸਾਨੂੰ ਹਨੇਰੇ ਨੂੰ ਕੋਸਣ ਦੀ ਆਦਤ ਛੱਡਣੀ ਪਵੇਗੀ ਅਤੇ ਇੱਕ ਦੀਪ ਜਗਾਉਣ ਦੀ ਸੋਚ ਅਪਣਾਉਣੀ ਪਵੇਗੀ। ਭਾਵੇਂ ਸਾਡੀ ਕੋਸ਼ਿਸ਼ ਛੋਟੀ ਹੀ ਕਿਉਂ ਨਾ ਹੋਵੇ, ਪਰ ਉਹ ਬੇਅਸਰ ਨਹੀਂ ਜਾਂਦੀ। ਜਿਵੇਂ ਇਕ ਚਿੰਗਾਰੀ ਵੱਡੀ ਅੱਗ ਦਾ ਰੂਪ ਲੈ ਸਕਦੀ ਹੈ, ਓਸੇ ਤਰ੍ਹਾਂ ਇੱਕ ਚੰਗਾ ਕਦਮ ਵੱਡੇ ਬਦਲਾਅ ਦੀ ਸ਼ੁਰੂਆਤ ਬਣ ਸਕਦਾ ਹੈ।

ਸੋ ਆਓ, ਅਸੀਂ ਸਭ ਇਹ ਵਚਨ ਲਈਏ ਕਿ ਅਸੀਂ ਹਨੇਰੇ ਨੂੰ ਕੋਸਣ ਦੀ ਬਜਾਏ ਆਪਣੇ-ਆਪਣੇ ਹਿੱਸੇ ਦਾ ਇੱਕ ਦੀਪ ਜ਼ਰੂਰ ਜਗਾਵਾਂਗੇ, ਤਾਂ ਜੋ ਇਹ ਦੁਨੀਆ ਹੋਰ ਸੁੰਦਰ ਅਤੇ ਰੌਸ਼ਨ ਬਣ ਸਕੇ।

**- ਹਰਬੰਸ ਫੱਗੂ**

ਹਨੇਰੇ ਦੀ ਫ਼ਿਤਰਤ ਹੈ ਕਿ ਜੋ ਵੀ ਉਸਦੇ ਰਸਤੇ ਵਿੱਚ ਆਉਂਦਾ ਹੈ, ਇਹ ਉਸਨੂੰ ਆਪਣੀ ਗ੍ਰਿਫਤ ਵਿੱਚ ਲੈ ਲੈਂਦਾ ਹੈ। ਹਨੇਰੇ ਵਿੱਚ ਸਫ਼ਰ ਤੈਅ ਕਰਦਿਆਂ ਜਦ ਕੋਈ ਹੋਰ ਰਸਤਾ ਨਾ ਹੋਵੇ, ਜਦੋਂ ਇਹ ਸਪਸ਼ਟ ਹੋਵੇ ਕਿ ਸਫ਼ਰ ਹਨੇਰੇ ਵਿਚੋਂ ਦੀ ਹੀ ਤੈਅ ਕਰਨਾ ਹੈ, ਤਦ ਹਨੇਰੇ ਦੇ ਅੱਗੇ ਇੱਕ ਦੀਪਕ ਬਣ ਕੇ ਇਸਦਾ ਸਾਹਮਣਾ ਕਰਨ ਦਾ ਐਲਾਨ ਕਰਨਾ ਪਵੇਗਾ। ਇਥੋਂ ਹੀ ਦੀਪਕ ਬਣਨ ਦਾ ਸਫ਼ਰ ਸ਼ੁਰੂ ਹੁੰਦਾ ਹੈ। ਇਹ ਉਹ ਸਫ਼ਰ ਹੈ, ਜੋ ਹਨੇਰੇ ਦੀ ਹਰ ਸੀਮਾ ਨੂੰ ਤੋੜਦਾ, ਖ਼ਤਮ ਕਰਦਾ, ਹਨੇਰੇ ਦੀ ਅਧੀਨਤਾ ਨੂੰ ਲਲਕਾਰਦਾ ਹੈ।

**ਸੁਖਦੀਪ ਸੁੱਖਾ,**

**ਇਕਾਈ ਚੰਨੋ (ਜੋਨ ਪਟਿਆਲਾ)**

ਇਸ ਸਤਰ ਦੇ ਸੰਦਰਭ ਵਿੱਚ ਗੱਲ ਕਰਦੇ ਹਾਂ ਕਿ ਤਾਕਤ ਜਨਤਾ ਦੇ ਹੱਥਾਂ ਵਿੱਚ ਹੀ ਹੁੰਦੀ ਹੈ। ਲੋਕਾਂ ਦਾ ਇਕਜੁੱਟ ਹੋਣਾ ਇਕ ਦੀਪ ਜਗਾਉਣ ਦੇ ਬਰਾਬਰ ਹੈ। ਇਸ ਨਾਲ ਅਸੀਂ ਤਾਨਾਸ਼ਾਹੀ ਹਨੇਰੇ ਨੂੰ ਬੜੀ ਆਸਾਨੀ ਨਾਲ ਦੂਰ ਕਰ ਸਕਦੇ ਹਾਂ। ਇਨ੍ਹਾਂ ਸਤਰਾਂ ਦੀ ਸਾਰਥਿਕਤਾ ਸਿਰਫ ਰਾਜਨੀਤਿਕ ਖੇਤਰ ਵਿੱਚ ਹੀ ਨਹੀਂ, ਹਰ ਖੇਤਰ ਵਿੱਚ ਹੈ। ਚਾਹੇ ਉਹ ਖੇਤਰ ਸਮਾਜਿਕ, ਆਰਥਿਕ ਜਾਂ ਨਿੱਜੀ ਖੇਤਰ ਹੋਵੇ। ਸਮਾਜ ਵਿੱਚ ਬਹੁਤ ਸਾਰੀਆਂ ਕੱਟੜ ਰਹੁ-ਰੀਤਾਂ ਹਨ, ਕੁਰੀਤੀਆਂ ਹਨ ਜੋ ਇਨਸਾਨੀਅਤ ਦੇ ਮੱਥੇ 'ਤੇ ਕਲੰਕ ਵਾਂਗ ਹਨ। ਇਹ ਸਭ ਕੁਝ ਖਤਮ ਕਰਨਾ ਵੀ ਹਨੇਰੇ ਨੂੰ ਮਿਟਾਉਣਾ ਹੀ ਹੈ, ਜਿਸ ਲਈ ਦੀਪ ਜਗਾਉਣ ਦੀ ਲੋੜ ਹੈ।

**ਅੰਮ੍ਰਿਤਪਾਲ ਕੌਰ ਪੁੱਤਰੀ ਸੁਖਦੇਵ ਸਿੰਘ**

**ਪਿੰਡ ਗੁਰੂਸਰ (ਸ੍ਰੀ ਮੁਕਤਸਰ ਸਾਹਿਬ)**

ਜਿਵੇਂ ਇੱਕ ਦੀਪ ਸਾਰੇ ਕਮਰੇ ਦਾ ਹਨੇਰਾ ਦੂਰ ਕਰ ਸਕਦਾ ਹੈ, ਓਸੇ ਤਰ੍ਹਾਂ ਇੱਕ ਚੰਗਾ ਵਿਚਾਰ ਜਾਂ ਇੱਕ ਹਿੰਮਤ ਭਰਿਆ ਫੈਸਲਾ ਜ਼ਿੰਦਗੀ ਨੂੰ ਰੌਸ਼ਨ ਕਰ ਸਕਦਾ ਹੈ। ਇਹ ਵੀ ਸੱਚ ਹੈ ਕਿ ਇੱਕ ਦੀਪ ਦੂਜੇ ਦੀਪ ਨੂੰ ਵੀ ਜਗਾ ਸਕਦਾ ਹੈ। ਜਦੋਂ ਕੋਈ ਇਕ ਇਨਸਾਨ ਅੱਗੇ ਵੱਧਦਾ ਹੈ, ਉਹ ਹੋਰਾਂ ਲਈ ਵੀ ਪ੍ਰੇਰਣਾ ਬਣਦਾ ਹੈ। ਉਸਦੀ ਹਿੰਮਤ, ਉਸਦੀ ਕੋਸ਼ਿਸ਼ ਅਤੇ ਉਸਦਾ ਵਿਸ਼ਵਾਸ ਹੋਰਾਂ ਦੇ ਦਿਲਾਂ ਵਿੱਚ ਵੀ ਚਾਨਣ ਪੈਦਾ ਕਰਦਾ ਹੈ। ਇਸ ਤਰ੍ਹਾਂ ਇੱਕ ਛੋਟਾ ਜਿਹਾ ਚਿਰਾਗ ਕਈ ਹੋਰ ਚਿਰਾਗਾਂ ਨੂੰ ਜਗਾ ਕੇ ਪੂਰੇ ਸਮਾਜ ਨੂੰ ਰੌਸ਼ਨ ਕਰ ਸਕਦਾ ਹੈ।

**ਮੰਜੂ ਰਾਇਕਾ**

**ਭਿੰਡਰਾਂ (ਸੰਗਰੂਰ)**

# ਆਪਣੇ ਆਪ ਬਦਲਾਅ?

**-ਜਸਵੰਤ ਮੋਹਾਲੀ**

ਕਾਰਲ ਮਾਰਕਸ ਅਤੇ ਫਰੈਡਰਿਕ ਏਂਗਲਜ਼ ਦੀਆਂ ਲਿਖਤਾਂ ਦਾ ਘੇਰਾ ਬਹੁਤ ਵਿਸ਼ਾਲ ਹੈ। ਜਦੋਂ 1883 ਵਿੱਚ ਕਾਰਲ ਮਾਰਕਸ ਨੂੰ ਦਫ਼ਨਾਇਆ ਜਾ ਰਿਹਾ ਸੀ ਤਾਂ ਸਿਰਫ 11 ਕੁ ਬੰਦੇ ਉਸਦੀ ਕਬਰ 'ਤੇ ਸਨ। ਏਂਗਲਜ਼ ਨੇ ਉਸ ਮੌਕੇ ਦਿੱਤੇ ਭਾਸ਼ਣ ਵਿੱਚ ਕਿਹਾ ਸੀ ਕਿ ਕਾਰਲ ਮਾਰਕਸ ਆਉਣ ਵਾਲੇ ਸਮੇਂ ਵਿੱਚ ਦੁਨੀਆ ਦਾ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਅਤੇ ਪੜਚੋਲਿਆ ਜਾਣ ਵਾਲਾ ਚਿੰਤਕ ਹੋਵੇਗਾ। ਪਰ ਮਾਰਕਸਵਾਦੀ ਦਰਸ਼ਨ ਨੂੰ ਕੁਦਰਤੀ ਵਿਗਿਆਨਾਂ (ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਜਾਂ ਜੀਵ ਵਿਗਿਆਨ ਆਦਿ) ਵਾਂਗ ਪ੍ਰਯੋਗਸ਼ਾਲਾ ਵਿੱਚ ਨਹੀਂ ਪਰਖਿਆ ਜਾ ਸਕਦਾ। ਇਹ ਸਮਾਜ ਦਾ ਵਿਗਿਆਨਕ ਦਰਸ਼ਨ ਹੈ, ਜਿਸਦੀ ਮੂਲ ਇਕਾਈ ਗੁੰਝਲਦਾਰ ਮਾਨਸਿਕਤਾ ਵਾਲਾ ਮਨੁੱਖ ਹੈ। ਮਨੁੱਖ ਜੋ ਇੱਕ ਪਾਸੇ ਏਨਾ ਬੇਗਰਜ਼ ਹੋ ਸਕਦਾ ਹੈ ਕਿ ਉਹ ਮਨੁੱਖ ਅਤੇ ਮਨੁੱਖਤਾ ਨੂੰ ਬਚਾਉਣ ਲਈ ਆਪਣੀ ਜ਼ਿੰਦਗੀ ਦਾਅ 'ਤੇ ਲਾ ਦਿੰਦਾ ਹੈ, ਦੂਜੇ ਪਾਸੇ ਉਹ ਏਨਾ ਜ਼ਾਹਿਲ ਤੇ ਖ਼ੁਦਗਰਜ਼ ਵੀ ਹੋ ਸਕਦਾ ਹੈ ਕਿ ਆਪਣੇ ਸੁੱਖਾਂ ਦੀ ਖ਼ਾਤਰ ਛੋਟੇ ਛੋਟੇ ਜੁਆਕਾਂ ਦੀ ਬਲੀ ਦੇ ਦਿੰਦਾ ਹੈ।

ਖੈਰ ਮਾਰਕਸ ਅਤੇ ਏਂਗਲਜ਼ ਵੱਲੋਂ ਕੁੱਲ ਦੁਨੀਆਂ ਨੂੰ ਦਿੱਤੇ ਬੌਧਿਕ ਖਜ਼ਾਨੇ ਵਿੱਚੋਂ ਆਪਾਂ ਮਾਰਕਸ ਦੀ ਸਭ ਤੋਂ ਵੱਧ ਵਰਤੀ ਅਤੇ ਵਿਚਾਰੀ ਜਾਂਦੀ ਟੂਕ ਬਾਰੇ ਗੱਲ ਕਰਦੇ ਹਾਂ – "ਦਾਰਸ਼ਨਿਕਾਂ ਨੇ ਦੁਨੀਆਂ ਦੀ ਸਿਰਫ ਵੱਖ-ਵੱਖ ਤਰ੍ਹਾਂ ਨਾਲ ਵਿਆਖਿਆ ਕੀਤੀ ਹੈ, ਜਦਕਿ ਅਸਲ ਨੁਕਤਾ ਇਸ ਨੂੰ ਬਦਲਣ ਦਾ ਹੈ।"

ਆਮ ਤੌਰ 'ਤੇ ਸਮਾਜਕ ਤਬਦੀਲੀ ਬਾਰੇ ਦੋ ਤਰ੍ਹਾਂ ਦੇ ਵਿਚਾਰ ਸੁਨਣ ਨੂੰ ਮਿਲਦੇ ਹਨ। ਇਕ ਨਾਂਹ-ਪੱਖੀ ਹੁੰਦੇ ਹਨ- 'ਲੋਕ ਨਹੀਂ ਸਮਝਦੇ ਜਿੰਨਾਂ ਮਰਜੀ ਜੋਰ ਲਾ ਲਓ।' ਦੂਜੇ ਜੋ ਲੋੜੋਂ ਵੱਧ ਆਸ਼ਾਵਾਦੀ ਹੁੰਦੇ ਹਨ – 'ਦੁਨੀਆਂ ਨੇ ਤਾਂ ਬਦਲਣਾ ਹੀ ਬਦਲਣਾ ਹੈ। ਬਹੁਤੀ ਟੈਨਸ਼ਨ ਲੈਣ ਦੀ ਲੋੜ ਨਹੀਂ, ਲੋਕ ਆਪੇ ਪੱਥਰ ਚੱਟ ਕੇ ਮੁੜ ਆਉਣਗੇ ਇੱਕ ਦਿਨ।' ਇਹ ਲੋਕ ਨਾ ਤਾਂ ਆਸ਼ਾਵਾਦੀ ਹੁੰਦੇ ਹਨ, ਨਾ ਨਿਰਾਸ਼ਾਵਾਦੀ, ਦਰਅਸਲ ਇਹ ਨਿੱਜਵਾਦੀ ਹੁੰਦੇ ਹਨ।

ਮਾਰਕਸ ਦੀ ਇਸ ਟੂਕ ਨੂੰ ਥੋੜ੍ਹੇ ਬਦਲਵੇਂ ਸ਼ਬਦਾਂ ਵਿੱਚ ਕਹਿੰਦੇ ਹਾਂ – 'ਬੁੱਧੀਮਾਨ ਦਾਰਸ਼ਨਿਕਾਂ ਨੇ ਇਸ ਦੁਨੀਆਂ ਦੇ ਵਰਤਾਰਿਆਂ ਦੀ ਵੱਖ ਵੱਖ ਤਰੀਕੇ ਨਾਲ ਵਿਆਖਿਆ ਕਰਕੇ ਵੱਡੀ ਸਮਝ ਹਾਸਿਲ ਕਰ ਲਈ ਹੈ, ਪਰ ਉਹ ਸਮਝ ਕਿਸ ਕੰਮ ਦੀ ਜੇ ਉਸ ਸਮਝ ਨੂੰ ਵਰਤਦਿਆਂ ਹੋਇਆਂ ਇਸ ਸਮਾਜ ਨੂੰ ਬਦਲਣ ਲਈ ਕੋਈ ਸਰਗਰਮ ਦਖਲਅੰਦਾਜੀ ਹੀ ਨਾ ਕੀਤੀ।'

ਮਾਰਕਸ ਸਾਨੂੰ ਸਿਰਫ ਸਮਾਜੀ ਅਸਲੀਅਤ ਨੂੰ ਸਮਝਣ ਲਈ ਹੀ ਨਹੀਂ ਸਗੋਂ ਅਸਲੀਅਤ ਨੂੰ ਬਦਲਣ ਲਈ ਪ੍ਰੇਰਿਤ ਕਰਦਾ ਹੈ। 'ਆਪਣੇ ਆਪ ਬਦਲਾਅ' ਦਾ ਦਾਅਵਾ ਕਰਨ ਵਾਲਿਆਂ ਲਈ ਵੀ ਮਾਰਕਸ ਇਹ ਦੱਸ ਗਿਆ ਹੈ ਕਿ ਜਰੂਰੀ ਨਹੀਂ ਕਿ ਤਬਦੀਲੀ ਸ਼ੋਸ਼ਿਤ ਜਮਾਤਾਂ ਦੀ ਜਿੱਤ ਦੇ ਰੂਪ ਵਿੱਚ ਸਮਾਜਿਕ ਵਿਕਾਸ ਦੇ ਅਗਲੇ ਪੜਾਅ ਵਿੱਚ ਹੀ ਵਾਪਰੇ। ਵੱਧ ਉਮਰ ਹੰਢਾਉਂਦੇ ਪੂੰਜੀਵਾਦ ਦਾ ਨਤੀਜਾ ਪੂਰੇ ਪ੍ਰਬੰਧ ਅਤੇ ਕੁਦਰਤੀ ਪੌਣ ਪਾਣੀ ਦੀ ਤਬਾਹੀ ਦੇ ਰੂਪ ਵਿੱਚ ਵੀ ਨਿੱਕਲ ਸਕਦਾ ਹੈ। ਅਤੇ ਅਜਿਹਾ ਹੁੰਦਾ ਅਸੀਂ ਭਾਰਤ ਦੇ ਸੰਦਰਭ ਵਿੱਚ ਤਾਂ ਆਸਾਨੀ ਨਾਲ ਦੇਖ ਸਕਦੇ ਹਾਂ ਕਿ ਕਿਸ ਤਰ੍ਹਾਂ ਸੰਵਿਧਾਨਕ ਵਿਧੀ ਵਿਧਾਨ ਰਾਹੀਂ ਬਣਾਏ ਗਏ ਢਾਂਚੇ ਜਿਵੇਂ ਨਿਆਂਇਕ ਢਾਂਚਾ, ਲੋਕਤੰਤਰਿਕ ਸੰਸਥਾਵਾਂ ਦਾ ਢਾਂਚਾ, ਧਰਮ ਨਿਰਪੱਖਤਾ ਆਦਿ ਤਬਾਹ ਕੀਤੇ ਜਾ ਰਹੇ ਹਨ। ਕੁਦਰਤੀ ਪੌਣ ਪਾਣੀ ਦਾ ਹਾਲ ਇਹ ਹੈ ਕਿ ਭਾਰਤ ਦੇ ਘੱਟੋ ਘੱਟ 10 ਬੇਹੱਦ ਪ੍ਰਦੂਸ਼ਿਤ ਸ਼ਹਿਰਾਂ ਦੇ ਵਾਸੀਆਂ ਦੀ ਔਸਤ ਉਮਰ 10 ਸਾਲ ਤੱਕ ਘਟ ਗਈ ਹੈ। ਇਸ ਸਿਸਟਮ ਲਈ ਮਨੁੱਖੀ ਜ਼ਿੰਦਗੀ ਦੀ ਕੀਮਤ ਹੀ ਕੀ ਹੈ? ਬਰਿੰਦਾਵਨ ਵਿੱਚ ਭਜਨ ਕੀਰਤਨ ਦੇ ਰੰਗ ਵਿੱਚ ਰੰਗੇ, ਬਿਨਾਂ ਲਾਈਫ ਜੈਕਟਾਂ ਤੋਂ, ਓਵਰਲੋਡ ਕਿਸ਼ਤੀ ਪਲਟਣ ਨਾਲ 15 ਬੰਦੇ ਭੰਗ ਦੇ ਭਾਣੇ ਮਾਰੇ ਗਏ। ਸਮਾਜਕ ਤਬਦੀਲੀ ਦੀ ਅਜਿਹੀਆਂ ਭੀੜਾਂ ਤੋਂ ਕੀ ਆਸ? ਇਹ ਪੱਥਰ ਚੱਟ ਕੇ ਮੁੜ ਆਉਣ ਵਾਲੀ ਨਹੀਂ ਸਗੋਂ ਪੱਥਰ ਨਾਲ ਮੱਥਾ ਮਾਰ ਮਾਰ ਕੇ ਉਥੇ ਹੀ ਮਰ ਜਾਣ ਵਰਗੀ ਸਥਿਤੀ ਹੈ।

ਸਮਾਜਕ ਤਬਦੀਲੀ ਕਰਨ ਤੁਰੇ ਕਾਮਿਆਂ ਦੀ ਸਮਝ ਪ੍ਰੈਕਟਿਸ ਵਿੱਚ ਪੈ ਕੇ ਹੀ ਨਿੱਖਰਦੀ ਹੈ। ਬਿਨਾਂ ਠੀਕ ਦਿਸ਼ਾ ਦੇ ਤੁਰਨ ਵਾਲਾ ਗੁਆਚ ਜਾਂਦਾ ਹੈ, ਦਿਸ਼ਾ ਜਾਨਣ ਵਾਲਾ ਬਿਨਾਂ ਤੁਰੇ ਕਿਧਰੇ ਨਹੀਂ ਪਹੁੰਚ ਸਕਦਾ। ਆਪਣੇ ਆਪ ਤਾਂ ਸਿਰਫ ਬੇਲੋੜੀਆਂ ਜੰਗਲੀ ਬੂਟੀਆਂ, ਘਾਹ ਫੂਸ ਤੇ ਭੰਗ ਦੇ ਬੂਟੇ ਹੀ ਵਧਦੇ ਫੁੱਲਦੇ ਹਨ। ਫਲਾਂ ਨਾਲ ਲੱਦੇ ਦਰਖਤ ਤੇ ਲਹਿ ਲਹਾਉਂਦੀਆਂ ਫਸਲਾਂ ਲੈਣ ਲਈ ਤਾਂ ਉਹਨਾਂ ਨੂੰ ਪਹਿਲਾਂ ਉਗਾਉਣ ਤੇ ਫਿਰ ਸੁੰਡੀਆਂ ਅਤੇ ਨਦੀਨਾਂ ਤੋਂ ਬਚਾਉਣ ਲਈ ਸਖਤ ਮਿਹਨਤ ਕਰਨੀ ਪੈਂਦੀ ਹੈ।

# ਤਰਕਸ਼ੀਲ ਸੁਸਾਇਟੀ ਪੰਜਾਬ ਦੀ ਸਲਾਨਾ ਇਕੱਤਰਤਾ

ਤਰਕਸ਼ੀਲ ਸੁਸਾਇਟੀ ਪੰਜਾਬ ਦੀ ਸਲਾਨਾ ਇਕੱਤਰਤਾ 26 ਅਪ੍ਰੈਲ 2026 ਨੂੰ ਤਰਕਸ਼ੀਲ ਭਵਨ ਬਰਨਾਲਾ ਵਿਖੇ ਸੰਪੰਨ ਹੋਈ ਜਿਸ ਵਿੱਚ ਸੂਬਾਈ, ਜੋਨ ਅਤੇ ਇਕਾਈ ਪੱਧਰ ਦੇ 104 ਅਹੁਦੇਦਾਰਾਂ ਨੇ ਭਾਗ ਲਿਆ।

ਇਸ ਇਕੱਤਰਤਾ ਵਿੱਚ ਸਭ ਤੋਂ ਪਹਿਲਾਂ ਤਰਕਸ਼ੀਲ ਸੋਸਾਇਟੀ ਦੀ ਕਾਰਗੁਜ਼ਾਰੀ ਨੂੰ ਹੋਰ ਬਿਹਤਰ ਬਣਾਉਣ ਬਾਰੇ ਵਿਚਾਰ ਚਰਚਾ ਹੋਈ। ਸੂਬਾ ਜੱਥੇਬੰਦਕ ਮੁਖੀ ਰਜਿੰਦਰ ਭਦੌੜ ਨੇ ਇਸ ਏਜੰਡੇ ਦੀ ਰੂਪ-ਰੇਖਾ ਤੇ ਮਹੱਤਵ ਨੂੰ ਬਿਆਨ ਕੀਤਾ। ਇਸ ਏਜੰਡੇ ਉੱਪਰ ਅਜੀਤ ਪ੍ਰਦੇਸੀ, ਧਰਮਪਾਲ ਲੁਧਿਆਣਾ, ਜਗਦੀਸ਼ ਰਾਏਪੁਰ ਡੱਬਾ, ਜਸਵੰਤ ਜੀਰਖ, ਸੁਖਦੇਵ ਫਗਵਾੜਾ, ਪ੍ਰਿੰਸੀਪਲ ਗੁਰਮੀਤ ਖਰੜ, ਪਰਮਜੀਤ ਸਿੰਘ ਜਲੰਧਰ, ਕੈਪਟਨ ਮਾਨਾਂਵਾਲਾ, ਪ੍ਰਿੰਸੀਪਲ ਮੇਲਾ ਰਾਮ, ਗਿਆਨ ਸਿੰਘ ਬਠਿੰਡਾ, ਪ੍ਰਿੰਸੀਪਲ ਮਨਜੀਤ ਸਿੰਘ, ਜਸਵੀਰ ਸੋਨੀ, ਹਰਚੰਦ ਭਿੰਡਰ, ਬਲਰਾਜ ਮੌੜ ਅਤੇ ਗਗਨ ਰਾਮਪੁਰਾ ਨੇ ਵਿਚਾਰ ਦਿੱਤੇ। ਇਨ੍ਹਾਂ ਵਿੱਚੋਂ ਕੁਝ ਬੁਲਾਰਿਆਂ ਨੇ ਆਪਣੇ ਹਾਂ-ਪੱਖੀ ਤਜਰਬੇ ਸਾਂਝੇ ਕੀਤੇ, ਕੁਝ ਨੇ ਵੱਖ ਵੱਖ ਵਿਭਾਗਾਂ ਲਈ ਸੁਝਾਅ ਦਿੱਤੇ ਜਦ ਕਿ ਕੁਝ ਹੋਰ ਬੁਲਾਰਿਆਂ ਨੇ ਤਰਕਸ਼ੀਲ ਵਿਚਾਰਾਂ ਦੇ ਪਾਸਾਰ ਵਿੱਚ ਆਉਂਦੀਆਂ ਮੁਸ਼ਕਿਲਾਂ ਦਾ ਜ਼ਿਕਰ ਕੀਤਾ।

ਇਸ ਉਪਰੰਤ ਸੂਬਾ ਵਿੱਤ ਮੁਖੀ ਰਾਜੇਸ਼ ਅਕਲੀਆ ਨੇ ਹਿਸਾਬ ਕਿਤਾਬ ਪੇਸ਼ ਕੀਤਾ ਅਤੇ ਹੇਠੋਂ ਆਏ ਸਵਾਲਾਂ ਸਬੰਧੀ ਸਪਸ਼ਟੀਕਰਨ ਦਿੱਤਾ। ਸੈਸ਼ਨ ਦੇ ਅੰਤ ਵਿੱਚ ਵੱਖ ਵੱਖ ਵਿਭਾਗਾਂ ਦੇ ਸੂਬਾ ਮੁਖੀਆਂ ਨੇ ਬੁਲਾਰਿਆਂ ਵੱਲੋਂ ਆਏ ਵਿਚਾਰਾਂ ਅਤੇ ਸੁਝਾਵਾਂ ਸਬੰਧੀ ਆਪਣੇ ਪ੍ਰਤੀਕਰਮ ਦਿੱਤੇ।

ਦੁਪਹਿਰ ਦੇ ਖਾਣੇ ਉਪਰੰਤ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਦੀ ਰੂਪ ਰੇਖਾ ਵਿੱਚ ਕੁਝ ਤਬਦੀਲੀਆਂ ਕਰਨ ਦਾ ਏਜੰਡਾ ਰੱਖਿਆ ਗਿਆ। ਤਜਵੀਜ਼ ਕੀਤੀਆਂ ਤਬਦੀਲੀਆਂ ਬਾਰੇ ਵਿਦਿਆਰਥੀ ਚੇਤਨਾ ਵਿਭਾਗ ਮੁਖੀ ਗੁਰਪ੍ਰੀਤ ਸਹਿਣਾ ਨੇ ਦੱਸਿਆ ਕਿ ਹਰ ਸਾਲ ਨਵੀਆਂ ਪੁਸਤਕਾਂ ਤਿਆਰ ਕਰਨ ਨਾਲ ਸੋਸਾਇਟੀ ਦਾ ਸਮਾਂ 'ਤੇ ਸ਼ਕਤੀ ਬਹੁਤ ਲੱਗਦੀ ਹੈ ਜਿਸ ਦਾ ਸੋਸਾਇਟੀ ਦੇ ਹੋਰ ਕਾਰਜਾਂ ਉੱਤੇ ਅਸਰ ਪੈਂਦਾ ਹੈ। ਉਹਨਾਂ ਕਿਹਾ ਕਿ ਅਸੀਂ ਚਾਹੁੰਦੇ ਹਾਂ ਕਿ ਇੱਕ ਵਾਰ ਤਿਆਰ ਕੀਤੀਆਂ ਪੁਸਤਕਾਂ 4-5 ਸਾਲ ਚੱਲਣ, ਪਰ ਇਸ ਲਈ ਜੇ ਮੌਜੂਦਾ ਸਿਸਟਮ ਵਾਂਗ ਦੋ ਪੁਸਤਕਾਂ ਹੀ ਰੱਖੀਆਂ ਜਾਂਦੀਆਂ ਹਨ ਤਾਂ ਨੌਂਵੀਂ ਵਾਲਾ ਵਿਦਿਆਰਥੀ ਚਾਰ ਸਾਲ ਇੱਕੋ ਕਿਤਾਬ ਵਿੱਚੋਂ ਹੀ ਪੇਪਰ ਦੇਵੇਗਾ, ਜੋ ਠੀਕ ਨਹੀਂ ਹੈ। ਸੋ ਦੋ-ਦੋ ਜਮਾਤਾਂ ਲਈ ਵੱਖਰੀ-ਵੱਖਰੀ ਕਿਤਾਬ ਤਿਆਰ ਕੀਤੀ ਜਾਵੇਗੀ ਜਿਵੇਂ ਪੰਜਵੀਂ-ਛੇਵੀਂ, ਸੱਤਵੀਂ-ਅੱਠਵੀਂ, ਨੌਵੀਂ-ਦਸਵੀਂ, ਗਿਆਰਵੀਂ-ਬਾਰ੍ਹਵੀਂ ਅਤੇ ਇੱਕ ਪੁਸਤਕ ਕਾਲਜ ਪੱਧਰ ਲਈ ਤਿਆਰ ਕੀਤੀ ਜਾਵੇਗੀ। ਵਿਦਿਆਰਥੀ ਨੂੰ ਹਰ ਸਾਲ ਨਵੀਂ ਪੁਸਤਕ ਲੈਣੀ ਵੀ ਲਾਜ਼ਮੀ ਨਹੀਂ ਹੋਵੇਗੀ। ਇਹ ਪੁਸਤਕਾਂ ਅਗਲੇ ਸਾਲ ਮਾਰਚ ਤੱਕ ਤਿਆਰ ਕਰਕੇ ਅਪ੍ਰੈਲ ਵਿੱਚ ਸਕੂਲਾਂ ਵਿੱਚ ਦਿੱਤੀਆਂ ਜਾਣਗੀਆਂ। ਇਸ ਉੱਪਰ ਰਾਜਪਾਲ, ਪਰਵੀਨ ਜੰਡਵਾਲਾ, ਸਤਪਾਲ ਸਲੋਹ, ਸੁਖਦੇਵ ਫਗਵਾੜਾ, ਜਿੰਦ ਬਾਗਪੁਰ, ਅਸ਼ੋਕ ਰੋਪੜ, ਵਿਸ਼ਵਕਾਂਤ, ਜਸਵੰਤ ਮੋਹਾਲੀ, ਜੋਗਿੰਦਰ ਕੁੱਲੇਵਾਲ, ਰਮਨਦੀਪ ਮੌੜ, ਰਾਮ ਕੁਮਾਰ ਪਟਿਆਲਾ, ਸੁਰਿੰਦਰ ਪਾਲ ਫਗਵਾੜਾ, ਰਾਜਿੰਦਰ ਭਦੌੜ ਅਤੇ ਮਾਸਟਰ ਪਰਮਵੇਦ ਨੇ ਵਿਚਾਰ ਰੱਖੇ। ਗਗਨ ਰਾਮਪੁਰਾ ਨੇ ਪ੍ਰੀਖਿਆ ਵਿੱਚ ਓਪਨ ਬੁੱਕ ਵਿਧੀ ਲਾਗੂ ਕਰਨ ਦਾ ਸੁਝਾਅ ਦਿੱਤਾ। ਕੁਝ ਹੋਰ ਬੁਲਾਰਿਆਂ ਨੇ ਵੀ ਬਦਲਵੇਂ ਸੁਝਾਅ ਦਿੱਤੇ ਪਰ ਜਿਆਦਾਤਰ ਵਿਚਾਰ ਤਜਵੀਜਸ਼ੁਦਾ ਤਬਦੀਲੀਆਂ ਨਾਲ ਸਹਿਮਤੀ ਪ੍ਰਗਟ ਕਰਦੇ ਸਨ। ਸੋ ਇਨ੍ਹਾਂ ਤਜਵੀਜ਼ਾਂ ਨੂੰ ਪ੍ਰਵਾਨ ਕੀਤਾ ਗਿਆ।

ਤੀਜੇ ਸੈਸ਼ਨ ਵਿੱਚ ਮੁੱਖ ਤੌਰ ਉੱਤੇ ਇਸ ਬਾਰੇ ਵਿਚਾਰ ਚਰਚਾ ਹੋਈ ਕਿ ਆ ਰਹੀ ਮਰਦਮਸ਼ੁਮਾਰੀ ਵਿੱਚ ਧਰਮ ਦੇ ਖਾਨੇ ਵਿੱਚ ਕੀ ਭਰਵਾਇਆ ਜਾਵੇ? ਇਸ ਬਾਰੇ ਰਜਿੰਦਰ ਭਦੌੜ, ਹੇਮ ਰਾਜ ਸਟੈਨੋ, ਜਸਵਿੰਦਰ ਫਗਵਾੜਾ, ਪਾਲ ਬਾਗਪੁਰ, ਵਿਸ਼ਵ ਕਾਂਤ ਨੇ ਵਿਚਾਰ ਰੱਖੇ। ਆਮ ਰਾਏ ਇਹ ਬਣੀ ਕਿ ਧਰਮ ਵਾਲੇ ਖਾਨੇ ਵਿੱਚ 'ਕੋਈ ਨਹੀਂ' ਲਿਖਵਾਇਆ ਜਾਵੇ। ਕਿਉਂਕਿ ਇਹ ਮੁੱਦਾ ਸਾਰੇ ਭਾਰਤ ਨਾਲ ਸਬੰਧਿਤ ਹੈ, ਸੋ ਇਸ ਬਾਰੇ ਭਾਰਤ ਪੱਧਰ ਦੀਆਂ ਹੋਰ ਤਰਕਸ਼ੀਲ ਜਥੇਬੰਦੀਆਂ ਅਤੇ ਵਿਅਕਤੀਆਂ ਨਾਲ ਵੀ ਇਹ ਰਾਏ ਸਾਂਝੀ ਕੀਤੀ ਜਾਵੇਗੀ। ਇਹ ਸੈਸ਼ਨ ਸੁਰਜੀਤ ਟਿੱਬਾ ਵੱਲੋਂ ਚਲਾਇਆ ਗਿਆ। ਚਾਹੇ ਆਉਣ ਵਾਲੇ ਸਮੇਂ ਵਿੱਚ ਕੀਤੇ ਜਾਣ ਵਾਲੇ ਕੁਝ ਹੋਰ ਕਾਰਜ ਵੀ ਏਜੰਡਿਆਂ ਵਿੱਚ ਰੱਖੇ ਗਏ ਸਨ: ਜਿਵੇਂ ਵਿਦਿਆਰਥੀ ਚੇਤਨਾ ਕੈਂਪ ਅਤੇ ਸਾਲ ਦੌਰਾਨ ਕੁਝ ਮਹੱਤਵਪੂਰਨ ਦਿਨਾਂ ਨੂੰ ਮਨਾਉਣ ਬਾਰੇ, ਪਰ ਸਮਾਂ ਜਿਆਦਾ ਹੋਣ ਕਾਰਨ ਉਹਨਾਂ ਕਾਰਜਾਂ ਦੀ ਵਿਉਂਤਬੰਦੀ ਸੂਬਾ ਵਰਕਿੰਗ ਕਮੇਟੀ ਲਈ ਛੱਡੀ ਗਈ।

ਤਰਕਸ਼ੀਲ ਮੈਗਜ਼ੀਨ ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ ਦੇ ਹੁਕਮ ਨੰਬਰ 4-93 ਆਡੀਟਰ ਪੰਜਾਬ (ਚੰਡੀਗੜ੍ਹ)
ਮਿਤੀ 17 ਜਨਵਰੀ 1994 ਅਧੀਨ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨ ਹੈ।

ਜਿਲਦ ਨੰ. 27 ਰਜਿ. ਨੰ. PUNPUN/2000/05393 ਅੰਕ : 3

## ਤਰਕਸ਼ੀਲ ਸੁਸਾਇਟੀ ਪੰਜਾਬ ਦੇ ਕਦਮਾਂ ਦਾ ਸਫ਼ਰ




ਪ੍ਰਧਾਨਗੀ ਮੰਡਲ



ਵੱਖ ਵੱਖ ਇਕਾਈਆਂ ਤੋਂ ਪਹੁੰਚੇ ਤਰਕਸ਼ੀਲ ਆਗੂ



If undelivered please return to :
**Tarksheel**
Tarksheel Bhawan, Tarksheel Chowk,
Sanghera By Pass, BARNALA-148101
Post Box No. 55
Cell. 98769 53561, 98728 74620
Web : www.tarksheel.org
e-mail : tarkshiloffice@gmail.com

BOOK POST
(Printed Matter)

To ............................................................

............................................................

............................................................